ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 237| 22 to 28 July 2026 | Ph.: (510) 240-5949 | Email: asrtimes@gmail.com

### ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਦੌਰਾ !

# ਕੀ 'ਪੰਜਾਬ' ਨੂੰ ਜਿੱਤ ਸਕੇਗੀ ਭਾਜਪਾ ?

## ਭਾਜਪਾ ਦੀ ਅੱਖ ਹਿੰਦੂ ਵੋਟ ਬੈਂਕ, ਦੋਆਬੇ ਦੀ ਐਨ.ਆਰ.ਆਈ. ਤੇ ਦਲਿਤ ਬੈਲਟ 'ਤੇ

ਜਗਮੋਹਨ ਸਿੰਘ 'ਲੱਕੀ'






ਲੰਘੇ ਦਿਨੀਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਪੰਜਾਬ' ਦਾ ਦੌਰਾ ਕਰਕੇ ਗਏ ਹਨ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੇ ਜਲੰਧਰ ਕੈਂਟ ਦੇ 110 ਸਾਲ ਪੁਰਾਣੇ ਰੇਲਵੇ ਸਟੇਸ਼ਨ ਦੇ ਸੁੰਦਰੀਕਰਨ ਅਤੇ ਅੰਮ੍ਰਿਤ ਭਾਰਤ ਸਟੇਸ਼ਨ ਬਣਨ ਤੋਂ ਬਾਅਦ ਉਦਘਾਟਨ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਵੱਲੋਂ 75 ਹੋਰ ਰੇਲਵੇ ਸਟੇਸ਼ਨਾਂ ਦਾ ਵਰਚੁਅਲ ਉਦਘਾਟਨ ਵੀ ਕੀਤਾ ਗਿਆ ਅਤੇ ਅੰਮ੍ਰਿਤਸਰ-ਵਾਰਾਣਸੀ ਸੰਤ ਗੁਰੂ ਰਵਿਦਾਸ ਐਕਸਪ੍ਰੈੱਸ ਟ੍ਰੇਨ ਨੂੰ ਹਰੀ ਝੰਡੀ ਦਿਖਾਈ ਗਈ।

ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਕਾਰਨ ਭਾਜਪਾ 'ਚੋਣ ਮੋਡ' ਵਿੱਚ ਆ ਗਈ ਹੈ ਅਤੇ ਪੰਜਾਬ ਵਿੱਚ ਪੂਰੀ ਸ਼ਕਤੀ ਨਾਲ ਸਰਗਰਮ ਹੋ ਗਈ ਹੈ। ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਦੌਰੇ ਕਾਰਨ ਪੰਜਾਬ ਵਿੱਚ ਆਪਣੀਆਂ ਸਿਆਸੀ ਸਰਗਰਮੀਆਂ ਇੱਕ ਦਮ ਵਧਾ ਦਿੱਤੀਆਂ ਗਈਆਂ ਹਨ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਭਾਜਪਾ ਦੀ ਅੱਖ ਪੰਜਾਬ ਦੇ ਹਿੰਦੂ ਵੋਟ ਬੈਂਕ ਦੇ ਨਾਲ- ਨਾਲ ਦੋਆਬੇ ਦੀ ਦਲਿਤ ਬੈਲਟ 'ਤੇ ਵੀ ਹੈ। ਭਾਜਪਾ ਲੰਬੇ ਸਮੇਂ ਤੋਂ ਆਪਣੇ ਆਪ ਨੂੰ ਪੰਜਾਬ ਦੇ ਹਿੰਦੂਆਂ ਦੀ ਪ੍ਰਮੁੱਖ ਸਿਆਸੀ ਪਾਰਟੀ ਸਮਝਦੀ ਆ ਰਹੀ ਹੈ ਅਤੇ ਪੰਜਾਬ ਦੇ ਹਿੰਦੂ ਵਰਗ ਵੱਲੋਂ ਭਾਜਪਾ ਨੂੰ ਹੁੰਗਾਰਾ ਵੀ ਭਰਿਆ ਜਾਂਦਾ ਰਿਹਾ ਹੈ। ਭਾਜਪਾ ਆਗੂ ਦਾਅਵਾ ਕਰ ਰਹੇ ਹਨ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਅਤੇ ਚੰਡੀਗੜ੍ਹ ਲਈ ਲਗਭਗ 10,000 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖੇ ਜਾਣ ਨਾਲ ਇਹ ਕੇਵਲ ਵਿਕਾਸ ਕਾਰਜਾਂ ਦਾ ਉਦਘਾਟਨ ਨਹੀਂ, ਸਗੋਂ ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਭਵਿੱਖ ਪ੍ਰਤੀ ਕੇਂਦਰ ਸਰਕਾਰ ਦੀ ਅਟੁੱਟ ਵਚਨਬੱਧਤਾ ਦਾ ਪ੍ਰਤੱਖ ਸਬੂਤ ਹੈ। ਭਾਜਪਾ ਦੇ ਸੀਨੀਅਰ ਆਗੂ ਤਾਂ ਇਹ ਵੀ ਦਾਅਵਾ ਕਰ ਰਹੇ ਹਨ ਕਿ ਪੰਜਾਬ ਲਈ 5,470 ਕਰੋੜ ਅਤੇ ਚੰਡੀਗੜ੍ਹ ਲਈ 4,700 ਕਰੋੜ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦੀ ਸੌਗਾਤ ਸਪੱਸ਼ਟ ਕਰਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਨੂੰ ਵਿਕਾਸ ਦੇ ਨਵੇਂ ਦੌਰ ਵਿੱਚ ਲੈ ਜਾਣ ਲਈ ਦ੍ਰਿੜ੍ਹ ਸੰਕਲਪਬੱਧ ਹਨ। ਇਹ ਨਿਵੇਸ਼ ਸੜਕਾਂ, ਰੇਲਵੇ, ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਨਵੀਆਂ ਉੱਚਾਈਆਂ 'ਤੇ ਲੈ ਜਾਵੇਗਾ।

ਪੰਜਾਬ ਦੇ ਸਿਆਸੀ ਹਲਕਿਆਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਦੌਰੇ ਨੂੰ ਕਾਫੀ ਤਵੱਜੋ ਦਿੱਤੀ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿੱਚ ਕੁਝ ਮਹੀਨਿਆਂ ਬਾਅਦ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਸ ਲਈ ਭਾਜਪਾ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਚੋਣ ਬਿਗਲ ਵਜਾ ਦਿੱਤਾ ਗਿਆ ਹੈ। ਕੁੱਝ ਸਮਾਂ ਪਹਿਲਾਂ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਉਥੇ ਸਰਕਾਰ ਬਣਾ ਕੇ ਭਾਜਪਾ ਨੂੰ ਪੰਜਾਬ ਜਿੱਤਣ ਦੇ ਰਾਹ ਪੈ ਗਈ ਹੈ। ਪੰਜਾਬ ਨੂੰ ਜਿੱਤਣ ਲਈ ਭਾਜਪਾ ਵੱਲੋਂ ਵਿਸ਼ੇਸ਼ ਰਣਨੀਤੀ ਬਣਾਈ ਗਈ ਹੈ। ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਦੌਰਾ ਵੀ ਭਾਜਪਾ ਦੀ ਇਸੇ ਰਣਨੀਤੀ ਦਾ ਹਿੱਸਾ ਹੈ।

ਪ੍ਰਧਾਨ ਮੰਤਰੀ ਮੋਦੀ ਵੱਲੋਂ ਪੰਜਾਬ ਦੇ ਦੋਆਬਾ ਖੇਤਰ ਦਾ ਦੌਰਾ ਕਈ ਮਾਅਨਿਆਂ ਵਿੱਚ ਵੱਡੀ ਅਹਿਮੀਅਤ ਰੱਖਦਾ ਹੈ। ਪੰਜਾਬ ਦਾ ਦੋਆਬਾ ਇਲਾਕਾ ਐਨ.ਆਰ.ਆਈ. ਪੱਟੀ ਅਤੇ ਦਲਿਤ ਬੈਲਟ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਦੀ ਰਾਜਨੀਤੀ ਵਿੱਚ ਦੋਆਬਾ ਖੇਤਰ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਦੋਆਬਾ ਖੇਤਰ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਕੁੱਲ 23 ਸੀਟਾਂ ਹਨ। ਇਹਨਾਂ ਵਿਚੋਂ ਵੱਡੀ ਗਿਣਤੀ ਸੀਟਾਂ 'ਤੇ ਐਨ.ਆਰ.ਆਈ. ਅਤੇ ਦਲਿਤ ਭਾਈਚਾਰੇ ਦਾ ਵੱਡਾ ਪ੍ਰਭਾਵ ਹੈ। ਇਹੋ ਕਾਰਨ ਹੈ ਕਿ ਹਰ ਸਿਆਸੀ ਪਾਰਟੀ ਦੋਆਬਾ ਖੇਤਰ ਵਿੱਚ ਦਲਿਤ ਵਰਗ ਦੀ ਹਮਾਇਤ ਪ੍ਰਾਪਤ ਕਰਨ ਲਈ ਯਤਨ ਕਰਦੀ ਰਹਿੰਦੀ ਹੈ। ਹੁਣ ਪ੍ਰਧਾਨ ਮੰਤਰੀ ਮੋਦੀ ਵੱਲੋਂ ਦੋਆਬਾ ਖੇਤਰ ਦਾ ਦੌਰਾ ਕਰਨਾ ਵੀ ਭਾਜਪਾ ਦੀ ਦਲਿਤ ਪੱਖੀ ਨੀਤੀ ਨੂੰ ਉਜਾਗਰ ਕਰਦਾ ਹੈ।

ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਦੇ ਦੋਆਬਾ ਖੇਤਰ ਦਾ ਪਿਛਲੇ 6 ਮਹੀਨਿਆਂ ਦੌਰਾਨ ਦੂਜਾ ਦੌਰਾ ਹੈ। ਇਸ ਤੋਂ ਪਹਿਲਾਂ ਫਰਵਰੀ ਮਹੀਨੇ ਪ੍ਰਧਾਨ ਮੰਤਰੀ ਮੋਦੀ ਪੰਜਾਬ ਦੇ ਦੋਆਬਾ ਖੇਤਰ ਵਿੱਚ ਡੇਰਾ ਸੱਚਖੰਡ ਬੱਲਾਂ ਆਏ ਸਨ। ਇਸ ਤੋਂ ਇਲਾਵਾ ਗੁਰੂ ਰਵਿਦਾਸ ਜੀ ਏਅਰਪੋਰਟ ਨਾਮਕਰਨ ਅਤੇ ਹੋਰ ਘੋਸ਼ਣਾਵਾਂ ਦਾ ਐਲਾਨ ਕਰਕੇ ਭਾਜਪਾ ਦੋਆਬੇ ਦੀ ਦਲਿਤ ਬੈਲਟ ਨੂੰ ਟਾਰਗੇਟ ਕਰ ਰਹੀ ਹੈ। ਡੇਰਾ ਸੱਚਖੰਡ ਬੱਲਾਂ ਦਲਿਤ ਭਾਈਚਾਰੇ ਦਾ ਮਹੱਤਵਪੂਰਨ ਅਧਿਆਤਮਕ ਅਤੇ ਸਮਾਜਿਕ ਕੇਂਦਰ ਹੈ। ਇਸ ਡੇਰੇ ਦੀ ਦੋਆਬਾ ਖੇਤਰ ਵਿੱਚ ਕਾਫ਼ੀ ਮਾਨਤਾ ਹੈ। ਇਸ ਡੇਰੇ ਨਾਲ ਵੱਡੀ ਗਿਣਤੀ ਦਲਿਤ ਭਾਈਚਾਰਾ ਜੁੜਿਆ ਹੋਇਆ ਹੈ। ਇਸ ਕਾਰਨ ਦਲਿਤ ਭਾਈਚਾਰੇ ਦੀਆਂ ਵੋਟਾਂ ਲੈਣ ਲਈ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਇਸ ਡੇਰੇ ਦੀ ਪਰਿਕਰਮਾ ਕਰਦੇ ਰਹਿੰਦੇ ਹਨ।

ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਦੌਰਾ ਕਰਨ ਨਾਲ ਪੰਜਾਬ ਦੇ ਭਾਜਪਾ ਆਗੂ ਕਾਫ਼ੀ ਉਤਸ਼ਾਹਿਤ ਹਨ ਅਤੇ ਉਹ ਦੂੱਗਣੇ ਜੋਸ਼ ਨਾਲ ਪੰਜਾਬ ਦੇ ਚੋਣ ਪਿੜ ਵਿੱਚ ਕੁੱਦ ਪਏ ਹਨ ਭਾਵੇਂ ਕਿ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਵਿੱਚ ਅਜੇ ਕੁਝ ਮਹੀਨਿਆਂ ਦਾ ਸਮਾਂ ਪਿਆ ਹੈ ਪਰ ਭਾਜਪਾ ਇਹਨਾਂ ਚੋਣਾਂ ਵਿੱਚ ਕਿਸੇ ਵੀ ਕਿਸਮ ਦਾ ਰਿਸਕ ਨਹੀਂ ਲੈਣਾ ਚਾਹੁੰਦੀ ਅਤੇ ਪੰਜਾਬ ਦੇ ਹਰ ਵਰਗ ਦੀ ਹਮਾਇਤ ਲੈਣ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਈ ਹੈ। ਇਸ ਸਮੇਂ ਭਾਜਪਾ ਦਾ ਇੱਕੋ ਇੱਕ ਨਿਸ਼ਾਨਾ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 'ਪੰਜਾਬ' ਨੂੰ ਜਿੱਤਣਾ ਹੈ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਪੰਜਾਬ ਨੂੰ ਜਿੱਤਣ ਵਿੱਚ ਭਾਜਪਾ ਕਿੰਨਾ ਕੁ ਕਾਮਯਾਬ ਹੋਵੇਗੀ ?

## ਪ੍ਰਧਾਨ ਮੰਤਰੀ ਦੇ ਦੌਰੇ ਕਾਰਨ ਭਖੀ ਪੰਜਾਬ ਦੀ ਸਿਆਸਤ



ਲੰਘੇ ਦਿਨੀਂ ਪ੍ਰਧਾਨ ਮੰਤਰੀ ਮੋਦੀ ਵੱਲੋਂ 'ਪੰਜਾਬ' ਦਾ ਦੌਰਾ ਕਰਨ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਤੇਜੀ ਆ ਗਈ ਹੈ। ਪੰਜਾਬ ਵਿੱਚ ਵਿਚਰ ਰਹੀਆਂ ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦਲ ਬਾਦਲ, ਅਕਾਲੀ ਦਲ ਵਾਰਿਸ ਪੰਜਾਬ ਦੇ, ਅਕਾਲੀ ਦਲ ਪੁਨਰ ਸੁਰਜੀਤ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀਆਂ ਸਿਆਸੀ ਗਤੀਵਿਧੀਆਂ ਅਚਾਨਕ ਤੇਜ਼ ਕਰ ਦਿੱਤੀਆਂ ਹਨ। ਭਾਜਪਾ ਪ੍ਰਧਾਨ ਮੰਤਰੀ ਦੇ ਦੌਰੇ ਕਾਰਨ ਕਾਫੀ ਉਤਸ਼ਾਹਿਤ ਹੈ, ਉਥੇ ਆਮ ਆਦਮੀ ਪਾਰਟੀ ਆਪਣੇ ਸੱਤਾਧਾਰੀ ਹੋਣ ਦਾ ਫਾਇਦਾ ਚੁੱਕ ਕੇ ਇਸ਼ਤਿਹਾਰ ਬਾਜੀ ਅਤੇ ਰੈਲੀਆਂ ਰਾਹੀਂ ਵੋਟਰਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰ ਰਹੀ ਹੈ। ਅਕਾਲੀ ਦਲ ਬਾਦਲ ਵੱਲੋਂ ਤਾਂ ਚੋਣ ਮੁਹਿੰਮ ਸ਼ੁਰੂ ਕਰਦਿਆਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਵੱਖ ਵੱਖ ਵਿਧਾਨ ਸਭਾ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਸਪਸ਼ਟ ਕਹਿ ਰਹੇ ਹਨ ਕਿ ਪੰਜਾਬ ਦੇ ਲੋਕਾਂ ਨੇ ਭਗਵੰਤ ਮਾਨ ਸਰਕਾਰ ਨੂੰ ਚਲਦਾ ਕਰਨ ਦਾ ਮਨ ਬਣਾ ਲਿਆ ਹੈ ਅਤੇ ਇਸ ਪਾਰਟੀ ਤੋਂ ਨਿਰਾਸ਼ ਹੋਏ ਲੋਕ ਅਕਾਲੀ ਦਲ ਬਾਦਲ ਨਾਲ ਜੁੜ ਰਹੇ ਹਨ, ਜਿਸ ਕਾਰਨ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਬਾਦਲ ਦੀ ਵੱਡੀ ਜਿੱਤ ਹੋਵੇਗੀ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਵਿੱਚ ਏਕਾ ਨਾ ਹੋਣ ਦੇ ਬਾਵਜੂਦ ਇਹ ਪਾਰਟੀ ਵੀ ਪ੍ਰਧਾਨ ਮੰਤਰੀ ਮੋਦੀ ਦੇ ਪੰਜਾਬ ਦੌਰੇ ਤੋਂ ਬਾਅਦ ਪੰਜਾਬ ਵਿੱਚ ਮੁੜ ਸਰਗਰਮ ਹੋ ਗਈ ਹੈ।

ਕਾਂਗਰਸ ਆਗੂਆਂ ਦਾ ਦਾਅਵਾ ਹੈ ਕਿ ਪੰਜਾਬ ਨੂੰ ਮਜ਼ਬੂਤ ਅਤੇ ਸਥਿਰ ਸਰਕਾਰ ਸਿਰਫ਼ ਕਾਂਗਰਸ ਹੀ ਦੇ ਸਕਦੀ ਹੈ। ਪੰਜਾਬ ਵਿੱਚ ਕਾਂਗਰਸ ਨੂੰ ਰਾਜ ਕਰਨ ਦਾ ਚੰਗਾ ਤਜਰਬਾ ਹੈ ਅਤੇ ਕਾਂਗਰਸ ਪੰਜਾਬ ਵਿੱਚ ਪਹਿਲਾਂ ਵੀ ਕਈ ਵਾਰ ਸਰਕਾਰ ਬਣਾ ਚੁੱਕੀ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਵੱਲੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਚਿਹਰਾ ਐਲਾਨ ਕੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਪਾਰਟੀ ਵੱਲੋਂ ਵੀ ਆਪਣੀਆਂ ਸਿਆਸੀ ਸਰਗਰਮੀਆਂ ਨੂੰ ਇੱਕ ਦਮ ਤੇਜ ਕਰ ਦਿੱਤਾ ਗਿਆ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਚੋਣ ਯੁੱਧ ਸ਼ੁਰੂ ਹੋ ਚੁੱਕਿਆ ਹੈ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਵਿੱਚ ਵੋਟਰਾਂ ਨੂੰ ਆਪਣੇ ਨਾਲ ਜੋੜਨ ਦੀ ਦੌੜ ਸ਼ੁਰੂ ਹੋ ਚੁੱਕੀ ਹੈ।

# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included




## CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*

# ‘ਨੀਟ’ ਪੇਪਰ ਲੀਕ ਵਿਰੁੱਧ ਦਿੱਲੀ ’ਚ ਭੜਕਿਆ ‘ਕਾਕਰੋਚ ਅੰਦੋਲਨ’

## ਪੁਲਿਸ ਦੀਆਂ ਲਾਠੀਆਂ ਅਤੇ ਅੱਥਰੂ ਗੈਸ ਦੇ ਖ਼ੌਫ਼ ’ਤੇ ਭਾਰੀ ਪਿਆ ਜੈਨ-ਜੀ ਦਾ ਜਜ਼ਬਾ

## ਵਿਰੋਧੀ ਧਿਰਾਂ ਵੀ ਸਮਰਥਨ ’ਚ ਆਈਆਂ, ਮੋਦੀ ਸਰਕਾਰ ਲਈ ਖੜ੍ਹੀ ਹੋਈ ਵੱਡੀ ਚੁਣੌਤੀ







ਮਈ ਮਹੀਨੇ ਵਿੱਚ ਹੋਏ ਨੀਟ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਅਤੇ ਭ੍ਰਿਸ਼ਟ ਸਿੱਖਿਆ ਪ੍ਰਣਾਲੀ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਨੌਜਵਾਨਾਂ ਦਾ ਅੰਦੋਲਨ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਇੱਕ ਵਿਸ਼ਾਲ ਰਾਜਨੀਤਿਕ ਅਤੇ ਸਮਾਜਿਕ ਲਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ। ਕਾਕਰੋਚ ਜਨਤਾ ਪਾਰਟੀ ਦੇ ਬੈਨਰ ਹੇਠ ਚੱਲ ਰਹੇ ਇਸ ‘ਕਾਕਰੋਚ ਅੰਦੋਲਨ’ ਨੇ ਲੁਟੀਅਨਜ਼ ਦਿੱਲੀ ਤੋਂ ਲੈ ਕੇ ਸੰਸਦ ਭਵਨ ਤੱਕ ਦੇ ਸੁਰੱਖਿਆ ਘੇਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਿਛਲੇ ਦਿਨੀਂ ਸੰਸਦ ਵੱਲ ਮਾਰਚ ਕਰ ਰਹੇ 50,000 ਤੋਂ ਵੱਧ ਵਿਦਿਆਰਥੀਆਂ ਅਤੇ ਨੌਜਵਾਨਾਂ ’ਤੇ ਦਿੱਲੀ ਪੁਲਿਸ ਦੁਆਰਾ ਕੀਤੇ ਗਏ ਭਾਰੀ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ ਅਤੇ ਇੰਟਰਨੈੱਟ ਦੀਆਂ ਪਾਬੰਦੀਆਂ ਦੇ ਬਾਵਜੂਦ, ਪ੍ਰਦਰਸ਼ਨਕਾਰੀਆਂ ਦੇ ਹੌਸਲੇ ਪਸਤ ਨਹੀਂ ਹੋਏ ਹਨ। ਬੀਤੇ ਦਿਨੀਂ ਹਜ਼ਾਰਾਂ ਦੀ ਗਿਣਤੀ ਵਿੱਚ ਜਨਰੇਸ਼ਨ-ਜ਼ੈੱਡ ਨਾਲ ਸਬੰਧਿਤ ਨੌਜਵਾਨ, ਵਿਦਿਆਰਥੀ, ਵਕੀਲ ਅਤੇ ਆਮ ਸ਼ਹਿਰੀ ਜੰਤਰ-ਮੰਤਰ ਵਿਖੇ ਇਕੱਠੇ ਹੋਏ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਪੁਲਿਸ ਦੀ ਇਸ ਹਿੰਸਕ ਕਾਰਵਾਈ ਵਿੱਚ 60 ਤੋਂ ਵੱਧ ਪ੍ਰਦਰਸ਼ਨਕਾਰੀ ਅਤੇ ਦੋ ਦਰਜਨ ਤੋਂ ਵੱਧ ਸੁਰੱਖਿਆ ਕਰਮੀ ਜ਼ਖ਼ਮੀ ਹੋਏ ਸਨ, ਜਦੋਂ ਕਿ ਇੱਕ ਅੰਦੋਲਨਕਾਰੀ ਦੀ ਹਾਲਤ ਗੰਭੀਰ ਹੋਣ ਕਰਕੇ ਉਹ ਹਸਪਤਾਲ ਵਿੱਚ ਵੈਂਟੀਲੇਟਰ ’ਤੇ ਹੈ। ਸੀਜੇਪੀ ਦੇ ਆਗੂਆਂ ਨੇ ਸਾਫ਼ ਕੀਤਾ ਹੈ ਕਿ ਉਹ ਪੁਲਿਸ ਦੀਆਂ ਹਿੰਸਕ ਕਾਰਵਾਈਆਂ ਤੋਂ ਡਰ ਕੇ ਪਿੱਛੇ ਨਹੀਂ ਹਟਣਗੇ। ਹਾਲਾਂਕਿ, ਉਨ੍ਹਾਂ ਨੇ ਪੁਲਿਸ ਦੀ ਕੁੱਟਮਾਰ ਦੇ ਡਰੋਂ ਫਿਲਹਾਲ ‘ਸੰਸਦ ਮਾਰਚ’ ਮੁਲਤਵੀ ਕਰਕੇ ਜੰਤਰ-ਮੰਤਰ ’ਤੇ ਹੀ ਸ਼ਾਂਤਮਈ ਧਰਨਾ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ।

ਪੁਲਿਸ ਦਾ ਕਹਿਣਾ ਸੀ ਕਿ ਪ੍ਰਦਰਸ਼ਨਕਾਰੀ ਧਾਰਾ 144/ਰੋਕੂ ਹੁਕਮਾਂ ਦੀ ਉਲੰਘਣਾ ਕਰ ਰਹੇ ਸਨ ਅਤੇ ਹਿੰਸਕ ਤੇ ਬੇਕਾਬੂ ਹੋ ਰਹੇ ਸਨ, ਜਿਸ ਕਰਕੇ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਬਲ ਪ੍ਰਯੋਗ ਕਰਨਾ ਪਿਆ।

ਦੂਜੇ ਪਾਸੇ ਪ੍ਰਦਰਸ਼ਨਕਾਰੀਆਂ ਅਤੇ ਚਸ਼ਮਦੀਦਾਂ ਅਨੁਸਾਰ ਪ੍ਰਦਰਸ਼ਨ ਬਿਲਕੁਲ ਸ਼ਾਂਤਮਈ ਸੀ। ਪੁਲਿਸ ਨੇ ਬਿਨਾਂ ਕਿਸੇ ਉਕਸਾਵੇ ਦੇ ਲਾਠੀਚਾਰਜ ਕੀਤਾ, ਹੰਝੂ ਗੈਸ ਦੇ ਗੋਲੇ ਛੱਡੇ ਅਤੇ ਪ੍ਰਦਰਸ਼ਨਕਾਰੀਆਂ (ਜਿਨ੍ਹਾਂ ਵਿੱਚ 14-



14 ਸਾਲ ਦੇ ਬੱਚੇ ਅਤੇ ਔਰਤਾਂ ਵੀ ਸ਼ਾਮਲ ਸਨ) ਦੇ ਸਿਰਾਂ ’ਤੇ ਵਾਰ ਕੀਤੇ। ਸਾਦੇ ਕੱਪੜਿਆਂ ਵਿੱਚ ਆਏ ਪੁਲਿਸ ਮੁਲਾਜ਼ਮਾਂ ਦੁਆਰਾ ਲਾਠੀਆਂ ਚਲਾਉਣ ਅਤੇ ਔਰਤਾਂ ਨਾਲ ਬਦਸਲੂਕੀ ਕਰਨ ਦੇ ਵੀਡੀਓ ਵਾਇਰਲ ਹੋਣ ਨਾਲ ਵੱਡਾ ਵਿਵਾਦ ਖੜ੍ਹਾ ਹੋਇਆ।

ਇਹ ਅੰਦੋਲਨ ਹੁਣ ਦਿੱਲੀ ਤੋਂ ਇਲਾਵਾ ਬਿਹਾਰ (ਪਟਨਾ, ਭਾਗਲਪੁਰ, ਮੁਜ਼ੱਫ਼ਰਪੁਰ), ਰਾਜਸਥਾਨ, ਹਰਿਆਣਾ ਅਤੇ ਪੰਜਾਬ ਤੱਕ ਫੈਲ ਰਿਹਾ ਹੈ।

ਇਸ ਘਟਨਾਕ੍ਰਮ ਤੋਂ ਬਾਅਦ ਵਿਰੋਧੀ ਧਿਰਾਂ ਵੀ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਈਆਂ ਹਨ। ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਨੇ ਪ੍ਰਧਾਨ ਮੰਤਰੀ ਆਵਾਸ ਦੇ ਬਾਹਰ ਧਰਨਾ ਦਿੱਤਾ, ਜਿੱਥੋਂ ਦਿੱਲੀ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਤਿਹਾਸ ਦਾ ਸਭ ਤੋਂ ਨੌਜਵਾਨ-ਵਿਰੋਧੀ ਪ੍ਰਧਾਨ ਮੰਤਰੀ ਕਰਾਰ ਦਿੱਤਾ। ਰਾਹੁਲ ਗਾਂਧੀ ਅਤੇ ਅਖ਼ਿਲੇਸ਼ ਯਾਦਵ ਨੂੰ ਛਤਰਸਾਲ ਸਟੇਡੀਅਮ ਅਤੇ ਪ੍ਰਿਯੰਕਾ ਗਾਂਧੀ ਨੂੰ ਮੰਦਿਰ ਮਾਰਗ ਪੁਲਿਸ ਸਟੇਸ਼ਨ ਵਿੱਚ ਰੱਖਿਆ ਗਿਆ, ਜਿੱਥੇ ਸੋਨੀਆ ਗਾਂਧੀ ਵੀ ਪਹੁੰਚੀ। ਬਾਅਦ ਵਿੱਚ ਪੁਲਿਸ ਨੇ ਸਾਰੇ ਆਗੂਆਂ ਨੂੰ ਰਿਹਾਅ ਕਰ ਦਿੱਤਾ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਸ਼ਿਵ ਸੈਨਾ ਦੇ ਊਧਵ ਠਾਕਰੇ, ਐੱਨ.ਸੀ.ਪੀ. ਦੇ ਸ਼ਰਦ ਪਵਾਰ ਅਤੇ ਟੀ.ਐੱਮ.ਸੀ. ਦੀ ਐੱਮ.ਪੀ. ਮਹੂਆ ਮੋਈਤਰਾ ਨੇ ਵੀ ਜੰਤਰ-ਮੰਤਰ ਪਹੁੰਚ ਕੇ ਅਤੇ ਸੋਸ਼ਲ ਮੀਡੀਆ ਜ਼ਰੀਏ ਨੌਜਵਾਨਾਂ ਦੀਆਂ ਮੰਗਾਂ ਦਾ ਖੁੱਲ੍ਹ ਕੇ ਸਮਰਥਨ ਕੀਤਾ।

ਇਸ ਅੰਦੋਲਨ ਦੀਆਂ ਮੁੱਖ ਮੰਗਾਂ ਵਿੱਚ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ, ਪੇਪਰ ਲੀਕ ਕਾਰਨ ਖ਼ੁਦਕੁਸ਼ੀ ਕਰ ਚੁੱਕੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ 1-1 ਕਰੋੜ ਰੁਪਏ ਦਾ ਮੁਆਵਜ਼ਾ ਅਤੇ ਮੈਗਸੇਸੇ ਪੁਰਸਕਾਰ ਜੇਤੂ ਸਮਾਜਿਕ ਕਰਮਚਾਰੀ ਸੋਨਮ ਵਾਂਗਚੁੱਕ ਦੀ ਰਿਹਾਈ ਸ਼ਾਮਲ ਹੈ, ਜੋ ਇਨ੍ਹਾਂ ਮੰਗਾਂ ਨੂੰ ਲੈ ਕੇ ਭੁੱਖ ਹੜਤਾਲ ’ਤੇ ਹਨ। ਅੰਦੋਲਨ ਦੇ ਵੱਧਦੇ ਦਬਾਅ ਨੂੰ ਦੇਖਦਿਆਂ ਕੇਂਦਰੀ ਮੰਤਰੀ ਜੇ.ਪੀ. ਨੱਡਾ ਨੇ ਕਾਕਰੋਚ ਜਨਤਾ ਪਾਰਟੀ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਅਤੇ ਦਿੱਲੀ ਹਾਈ ਕੋਰਟ ਨੇ ਸੋਨਮ ਵਾਂਗਚੁੱਕ ਨੂੰ ਨਿੱਜੀ ਹਸਪਤਾਲ ਸ਼ਿਫ਼ਟ ਕਰਨ ਦੀ ਇਜਾਜ਼ਤ ਦਿੱਤੀ। ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਨ.ਡੀ.ਏ. ਦੀ ਬੈਠਕ ਵਿੱਚ ਪੇਪਰ ਲੀਕ ਨੂੰ ਵੱਡਾ ਅਪਰਾਧ ਮੰਨਦਿਆਂ 13 ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਗੱਲ ਕਹੀ ਅਤੇ ਸਖ਼ਤ ਕਾਨੂੰਨ ਬਣਾਉਣ ਦਾ ਭਰੋਸਾ ਦਿੱਤਾ।

ਇਹ ਅੰਦੋਲਨ ਹੁਣ ਸਿਰਫ਼ ਦਿੱਲੀ ਤੱਕ ਸੀਮਤ ਨਹੀਂ ਰਿਹਾ, ਸਗੋਂ ਬਿਹਾਰ (ਪਟਨਾ, ਭਾਗਲਪੁਰ, ਮੁਜ਼ੱਫ਼ਰਪੁਰ), ਰਾਜਸਥਾਨ, ਹਰਿਆਣਾ ਅਤੇ ਪੰਜਾਬ ਤੱਕ ਫੈਲ ਚੁੱਕਾ ਹੈ। ਪਟਨਾ ਵਿਖੇ ਵਿਦਿਆਰਥੀਆਂ ਨੇ ਸੜਕਾਂ ’ਤੇ ਉੱਤਰ ਕੇ ਪ੍ਰਦਰਸ਼ਨ ਕੀਤੇ ਅਤੇ ਬਿਹਾਰ ਵਿਧਾਨ ਸਭਾ ਵਿੱਚ ਵੀ ਵਿਰੋਧੀ ਧਿਰ ਵੱਲੋਂ ਇਸ ਦਾ ਭਾਰੀ ਵਿਰੋਧ ਦੇਖਣ ਨੂੰ ਮਿਲਿਆ, ਜਿਸ ਤੋਂ ਬਾਅਦ ਬਿਹਾਰ ਸਰਕਾਰ ਨੂੰ ਵੀ ਪੇਪਰ ਲੀਕ ਵਿਰੁੱਧ ਨਵਾਂ ਕਾਨੂੰਨ ਲਿਆਉਣ ਦੀ ਘੋਸ਼ਣਾ ਕਰਨੀ ਪਈ।

## ਗੁਰਦੁਆਰਿਆਂ ਨੇ ਅੰਦੋਲਨਕਾਰੀਆਂ ਨੂੰ ਪਨਾਹ ਦਿੱਤੀ

ਦਿੱਲੀ ਵਿਖੇ ਚੱਲ ਰਹੇ ਕਿਸੇ ਵੀ ਵੱਡੇ ਅੰਦੋਲਨ ਵਾਂਗ, ਸਥਾਨਕ ਗੁਰਦੁਆਰਿਆਂ, ਸਿੱਖ ਸੰਗਤਾਂ ਅਤੇ ਵਲੰਟੀਅਰਾਂ ਨੇ ਆਪਣੀ ਮਾਨਵਤਾਵਾਦੀ ਪਰੰਪਰਾ ਨੂੰ ਕਾਇਮ ਰੱਖਦਿਆਂ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਲਈ ਲੰਗਰ, ਪੀਣ ਵਾਲੇ ਪਾਣੀ ਅਤੇ ਡਾਕਟਰੀ ਸਹਾਇਤਾ (ਮੈਡੀਕਲ ਕੈਂਪ) ਦੇ ਵਿਸ਼ੇਸ਼ ਇੰਤਜ਼ਾਮ ਕੀਤੇ। ਅੰਦੋਲਨਕਾਰੀਆਂ ਦਾ ਕਹਿਣਾ ਹੈ ਕਿ ਪੁਲਿਸ ਦੇ ਕਿਸੇ ਵੀ ਅਤਿਆਚਾਰ ਅੱਗੇ ਉਹ ਨਹੀਂ ਝੁਕਣਗੇ। ਜਾਤ, ਧਰਮ ਅਤੇ ਸਿਆਸੀ ਪਾਰਟੀਆਂ ਦੀਆਂ ਪਰੰਪਰਾਗਤ ਵੰਡਾਂ ਤੋਂ ਉੱਪਰ ਉੱਠ ਕੇ ਆਪਣੇ ਭਵਿੱਖ ਅਤੇ ਰੋਜ਼ਗਾਰ ਦੀ ਰੱਖਿਆ ਲਈ ਸੜਕਾਂ ’ਤੇ ਉੱਤਰੀ ਇਹ ਨਵੀਂ ਪੀੜ੍ਹੀ ਮੋਦੀ ਸਰਕਾਰ ਲਈ ਇਸ ਦੇ ਤੀਜੇ ਕਾਰਜਕਾਲ ਦੀ ਸਭ ਤੋਂ ਵੱਡੀ ਅਤੇ ਅਣਕਿਆਸੀ ਚੁਣੌਤੀ ਬਣ ਕੇ ਸਾਹਮਣੇ ਆਈ ਹੈ।



### ਮੋਦੀ ਸਰਕਾਰ ’ਤੇ ਇਸ ਅੰਦੋਲਨ ਦਾ ਕੀ ਪਿਆ ਪ੍ਰਭਾਵ ?

ਨਰਿੰਦਰ ਮੋਦੀ ਦੇ ਤੀਜੇ ਕਾਰਜਕਾਲ ਵਿੱਚ ਇਹ ਪਹਿਲਾ ਅਜਿਹਾ ਅੰਦੋਲਨ ਹੈ ਜੋ ਕਿਸੇ ਖਾਸ ਖੇਤਰ, ਧਰਮ ਜਾਂ ਜਾਤ ਤੱਕ ਸੀਮਤ ਨਹੀਂ ਹੈ, ਸਗੋਂ ਇਹ ਦੇਸ਼ ਦੀ 60-65% ਨੌਜਵਾਨ ਆਬਾਦੀ ਦਾ ਸਿੱਧਾ ਗੁੱਸਾ ਹੈ।

ਪਹਿਲਾਂ ਸਰਕਾਰ ਅੰਦੋਲਨਾਂ ਨੂੰ ਕਿਸੇ ਖਾਸ ਵਿਚਾਰਧਾਰਾ, ‘ਅਰਬਨ ਨਕਸਲ’ ਜਾਂ ‘ਟੂਲਕਿਟ’ ਨਾਲ ਜੋੜ ਕੇ ਰੱਦ ਕਰ ਦਿੰਦੀ ਸੀ। ਪਰ ਇਹ ਅੰਦੋਲਨ ਕਿਸੇ ਸਿਆਸੀ ਪਾਰਟੀ ਵੱਲੋਂ ਨਹੀਂ, ਸਗੋਂ ਨੌਜਵਾਨਾਂ ਦੁਆਰਾ ਆਪਣੇ ਰੋਜ਼ਗਾਰ ਅਤੇ ਭਵਿੱਖ ਲਈ ਚਲਾਇਆ ਜਾ ਰਿਹਾ ਹੈ, ਜਿਸ ਕਰਕੇ ਇਸ ਨੂੰ ਖਾਰਜ ਕਰਨਾ ਸਰਕਾਰ ਲਈ ਔਖਾ ਹੋ ਰਿਹਾ ਹੈ।

ਲਗਾਤਾਰ ਵਧਦੇ ਦਬਾਅ ਕਾਰਨ ਪ੍ਰਧਾਨ ਮੰਤਰੀ ਮੋਦੀ ਨੂੰ ਐਨਡੀਏ ਦੀ ਬੈਠਕ ਵਿੱਚ ਨੀਟ ਪੇਪਰ ਲੀਕ ’ਤੇ ਬੋਲਣਾ ਪਿਆ ਅਤੇ ਇਸ ਨੂੰ ‘ਬਹੁਤ ਵੱਡਾ ਅਪਰਾਧ’ ਮੰਨਦਿਆਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਭਰੋਸਾ ਦੇਣਾ ਪਿਆ।

ਬੈਕਫੁੱਟ ’ਤੇ ਸਰਕਾਰ ਅਤੇ ਗੱਲਬਾਤ ਦੀ ਪਹਿਲ: ਕੇਂਦਰੀ ਮੰਤਰੀ ਜੇ.ਪੀ. ਨੱਡਾ ਨੇ ਖ਼ੁਦ ਸੀਜੇਪੀ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਦਿੱਲੀ ਹਾਈ ਕੋਰਟ ਨੇ ਸੋਨਮ ਵਾਂਗਚੁੱਕ ਨੂੰ ਨਿੱਜੀ ਹਸਪਤਾਲ ਸ਼ਿਫ਼ਟ ਕਰਨ ਦੀ ਇਜਾਜ਼ਤ ਦਿੱਤੀ, ਜੋ ਸਰਕਾਰ ਦੇ ਝੁਕਣ ਦਾ ਸੰਕੇਤ ਹੈ।

## ਦਿੱਲੀ ’ਚ ‘ਕਾਕਰੋਚ ਅੰਦੋਲਨ’ ਅਤੇ ਰਾਜਨੀਤਿਕ ਹਲਚਲ

### ਪੀ.ਐਮ. ਆਵਾਸ ਅੱਗੇ ਧਰਨਾ ਦੇਣ ਵਾਲੇ ਰਾਹੁਲ ਗਾਂਧੀ ਸਮੇਤ ਕਈ ਆਗੂਆਂ ਨੂੰ ਚੁੱਕਿਆ ਅਤੇ ਬਾਅਦ ’ਚ ਕੀਤਾ ਰਿਹਾਅ

ਨਵੀਂ ਦਿੱਲੀ/ਏ.ਟੀ. ਨਿਊਜ਼: ਨੈਸ਼ਨਲ ਐਲੀਜੀਬਿਲਟੀ ਕਮ ਐਂਟਰੈਂਸ ਟੈਸਟ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਅਤੇ ਜੰਤਰ-ਮੰਤਰ ਵਿਖੇ ‘ਕਾਕਰੋਚ ਅੰਦੋਲਨ’ ਦੇ ਵਿਦਿਆਰਥੀਆਂ ’ਤੇ ਦਿੱਲੀ ਪੁਲਿਸ ਦੁਆਰਾ ਕੀਤੇ ਗਏ ਲਾਠੀਚਾਰਜ ਦੇ ਵਿਰੋਧ ਵਿੱਚ ਦੇਸ਼ ਦੀ ਰਾਜਨੀਤੀ ਵਿੱਚ ਵੱਡਾ ਉਬਾਲ ਦੇਖਣ ਨੂੰ ਮਿਲਿਆ। ਕਾਂਗਰਸ ਨੇਤਾ ਰਾਹੁਲ ਗਾਂਧੀ, ਪਾਰਟੀ ਪ੍ਰਧਾਨ ਮੱਲਿਕਾਰਜੁਨ ਖੜਗੇ, ਪ੍ਰਿਯੰਕਾ ਗਾਂਧੀ ਵਾਡਰਾ ਅਤੇ ਸਮਾਜਵਾਦੀ ਪਾਰਟੀ ਦੇ ਆਗੂ ਅਖ਼ਿਲੇਸ਼ ਯਾਦਵ ਸਮੇਤ ਕਈ ਵਿਰੋਧੀ ਸੰਸਦ ਮੈਂਬਰਾਂ ਨੇ ਸੰਸਦ ਭਵਨ ਤੋਂ ਪ੍ਰਧਾਨ ਮੰਤਰੀ ਆਵਾਸ ਵੱਲ ਪੈਦਲ ਮਾਰਚ ਕੱਢ ਕੇ ਜ਼ੋਰਦਾਰ ਧਰਨਾ ਦਿੱਤਾ।



ਧਰਨੇ ਦੌਰਾਨ ਦਿੱਲੀ ਪੁਲਿਸ ਨੇ ਰਾਹੁਲ ਗਾਂਧੀ, ਅਖ਼ਿਲੇਸ਼ ਯਾਦਵ ਅਤੇ ਪ੍ਰਿਯੰਕਾ ਗਾਂਧੀ ਸਮੇਤ ਕਈ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਰਾਹੁਲ ਗਾਂਧੀ ਅਤੇ ਅਖ਼ਿਲੇਸ਼ ਯਾਦਵ ਨੂੰ ਛਤਰਸਾਲ ਸਟੇਡੀਅਮ ਅਤੇ ਪ੍ਰਿਯੰਕਾ ਗਾਂਧੀ ਨੂੰ ਮੰਦਿਰ ਮਾਰਗ ਪੁਲਿਸ ਸਟੇਸ਼ਨ ਵਿੱਚ ਰੱਖਿਆ ਗਿਆ, ਜਿੱਥੇ ਸੋਨੀਆ ਗਾਂਧੀ ਵੀ ਪਹੁੰਚੀ। ਦੇਰ ਰਾਤ ਪੁਲਿਸ ਨੇ ਸਾਰੇ ਆਗੂਆਂ ਨੂੰ ਰਿਹਾਅ ਕਰ ਦਿੱਤਾ।

ਧਰਨੇ ਦੌਰਾਨ ਰਾਹੁਲ ਗਾਂਧੀ ਨੇ ਦੇਸ਼ ਦੇ ਨੌਜਵਾਨਾਂ ਅਤੇ ਨਾਗਰਿਕਾਂ ਨੂੰ ਇਸ ਲੜਾਈ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਵਿਦਿਆਰਥੀਆਂ ’ਤੇ ਹਮਲਾ ਹਰ ਭਾਰਤੀ ਪਰਿਵਾਰ ’ਤੇ ਹਮਲਾ ਹੈ। ਵਿਰੋਧੀ ਧਿਰ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਇਸ ਮੁੱਦੇ ’ਤੇ ਸੰਸਦ ਵਿੱਚ ਵਿਸ਼ੇਸ਼ ਚਰਚਾ ਕਰਵਾਉਣ ਦੀ ਮੰਗ ਰੱਖੀ।

ਦੂਜੇ ਪਾਸੇ, ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਧਰਨੇ ਵਾਲੀ ਥਾਂ ਪਹੁੰਚ ਕੇ ਆਰੋਪ ਲਾਇਆ ਕਿ ਰਾਹੁਲ ਗਾਂਧੀ ਪਹਿਲਾਂ ਸੰਸਦ ’ਚ ਚਰਚਾ ਲਈ ਸਹਿਮਤ ਹੋਏ ਸਨ ਪਰ ਬਾਅਦ ’ਚ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਸ਼ਰਤ ’ਤੇ ਅੜ ਗਏ। ਪੁਲਿਸ ਕਾਰਵਾਈ ਵਿੱਚ ਜ਼ਖ਼ਮੀ ਹੋਏ ਵਿਦਿਆਰਥੀਆਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਵਿਰੋਧੀ ਨੇਤਾਵਾਂ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਅਤੇ ਜਵਾਬਦੇਹੀ ਤੈਅ ਨਹੀਂ ਹੁੰਦੀ, ਉਹ ਦੇਸ਼ ਦੇ ਕਰੋੜਾਂ ਨੌਜਵਾਨਾਂ ਦੇ ਹੱਕਾਂ ਲਈ ਸੰਸਦ ਤੋਂ ਲੈ ਕੇ ਸੜਕਾਂ ਤੱਕ ਸੰਘਰਸ਼ ਜਾਰੀ ਰੱਖਣਗੇ।


# ਟਰੰਪ ਪ੍ਰਸ਼ਾਸਨ ਦਾ ਸਖ਼ਤ ਫ਼ੈਸਲਾ, ਅਮਰੀਕਾ ਵਿੱਚ ਸਟੂਡੈਂਟ ਵੀਜ਼ਾ ਨਿਯਮਾਂ ਵਿੱਚ ਬਦਲਾਅ

## ਪੀ.ਆਰ. ਤੇ ਪੜ੍ਹਾਈ ਦਾ ਸੁਪਨਾ ਦੇਖਣ ਵਾਲਿਆਂ ਨੂੰ ਝਟਕਾ

## ਹੁਣ ਸਿਰਫ਼ 4 ਸਾਲ ਹੀ ਰਹਿ ਸਕਣਗੇ ਵਿਦੇਸ਼ੀ ਵਿਦਿਆਰਥੀ

ਅਮਰੀਕਾ ਵਿੱਚ ਪੜ੍ਹਾਈ ਕਰਨ ਅਤੇ ਉੱਥੇ ਪੱਕੇ ਹੋਣ ਦਾ ਸੁਪਨਾ ਦੇਖ ਰਹੇ ਲੱਖਾਂ ਵਿਦੇਸ਼ੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨੂੰ ਟਰੰਪ ਪ੍ਰਸ਼ਾਸਨ ਨੇ ਇੱਕ ਬਹੁਤ ਵੱਡਾ ਝਟਕਾ ਦਿੱਤਾ ਹੈ। ਪ੍ਰਸ਼ਾਸਨ ਵੱਲੋਂ ਸਟੂਡੈਂਟ ਵੀਜ਼ਾ ਨਿਯਮਾਂ ਵਿੱਚ ਇਤਿਹਾਸਕ ਬਦਲਾਅ ਕੀਤੇ ਗਏ ਹਨ ਅਤੇ ਇਸ ਦੇ ਨਾਲ ਹੀ ਗ੍ਰੀਨ ਕਾਰਡ (ਪੀ.ਆਰ.) ਲੈਣ ਦੇ ਚਾਹਵਾਨਾਂ ਲਈ ਇੱਕ ਬਹੁਤ ਹੀ ਸਖ਼ਤ ਵਿੱਤੀ ਨਿਯਮ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਸ ਖ਼ਬਰ ਨੇ ਖਾਸ ਕਰਕੇ ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ ਤੇ ਪੇਸ਼ੇਵਰਾਂ ਦੀ ਚਿੰਤਾ ਵਧਾ ਦਿੱਤੀ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਦਹਾਕਿਆਂ ਪੁਰਾਣੀ ਵਿਵਸਥਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਪਹਿਲਾਂ ਵਿਦਿਆਰਥੀ ਜਦੋਂ ਤੱਕ ਆਪਣੀ ਪੜ੍ਹਾਈ ਜਾਰੀ ਰੱਖਦੇ ਸਨ, ਉਹ ਬਿਨਾਂ ਕਿਸੇ ਵੀਜ਼ਾ ਰੀਨਿਊਅਲ ਦੇ ਅਣਮਿੱਥੇ ਸਮੇਂ ਲਈ ਅਮਰੀਕਾ ਵਿੱਚ ਰਹਿ ਸਕਦੇ ਸਨ ਹੁਣ ਵਿਦੇਸ਼ੀ ਵਿਦਿਆਰਥੀ ਅਮਰੀਕਾ ਵਿੱਚ ਵੱਧ ਤੋਂ ਵੱਧ 4 ਸਾਲ ਹੀ ਰਹਿ ਸਕਣਗੇ। ਜੇਕਰ ਕਿਸੇ ਵਿਦਿਆਰਥੀ ਦੀ ਪੜ੍ਹਾਈ, ਰਿਸਰਚ ਜਾਂ ਥੀਸਿਸ (ਖੋਜ ਪੱਤਰ) 4 ਸਾਲਾਂ ਵਿੱਚ ਪੂਰਾ ਨਹੀਂ ਹੁੰਦਾ, ਤਾਂ ਉਸ ਨੂੰ ਅਮਰੀਕਾ ਵਿੱਚ ਹੋਰ ਸਮਾਂ ਰਹਿਣ ਲਈ ਉੱਥੋਂ ਦੇ ਇਮੀਗ੍ਰੇਸ਼ਨ ਵਿਭਾਗ ਕੋਲ ਵੀਜ਼ਾ ਵਧਾਉਣ ਲਈ ਅਪਲਾਈ ਕਰਨਾ ਪਵੇਗਾ। ਇਸ ਪ੍ਰਕਿਰਿਆ ਵਿੱਚ ਸਖ਼ਤ



ਬਾਇਓਮੈਟ੍ਰਿਕ ਜਾਂਚ, ਬੈਕਗ੍ਰਾਊਂਡ ਵੈਰੀਫਿਕੇਸ਼ਨ ਅਤੇ ਫ੍ਰਾਡ ਸਕ੍ਰੀਨਿੰਗ ਹੋਵੇਗੀ, ਜਿਸ ਕਾਰਨ ਸਮਾਂ ਵਧਾਉਣਾ ਹੁਣ ਬੇਹੱਦ ਮੁਸ਼ਕਿਲ ਹੋ ਜਾਵੇਗਾ। ਪਹਿਲਾਂ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਅਮਰੀਕਾ ਛੱਡਣ, ਕਿਸੇ ਹੋਰ ਕੋਰਸ ਵਿੱਚ ਦਾਖਲਾ ਲੈਣ ਜਾਂ ਵੀਜ਼ਾ ਕੈਟਾਗਰੀ ਬਦਲਣ ਲਈ 60 ਦਿਨਾਂ ਦਾ ਸਮਾਂ (ਗ੍ਰੇਸ ਪੀਰੀਅਡ) ਮਿਲਦਾ ਸੀ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਘਟਾ ਕੇ ਸਿਰਫ਼ 30 ਦਿਨ ਕਰ ਦਿੱਤਾ ਹੈ।

**ਅਮਰੀਕਾ ਨੇ ਕਿਉਂ ਬਦਲੇ ਇਹ ਨਿਯਮ?**

ਸਰਕਾਰ ਦਾ ਮੰਨਣਾ ਹੈ ਕਿ ਕਈ ਵਿਦੇਸ਼ੀ ਵਿਦਿਆਰਥੀ ਇੱਕ ਤੋਂ ਬਾਅਦ ਇੱਕ ਨਵੇਂ ਕੋਰਸਾਂ ਵਿੱਚ ਦਾਖਲਾ ਲੈ ਕੇ ਸਾਲਾਂ ਬੱਧੀ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਟਿਕੇ ਰਹਿੰਦੇ ਸਨ। ਸਰਕਾਰ ਹੁਣ ਹਰ ਇੱਕ ਵਿਦੇਸ਼ੀ ਨਾਗਰਿਕ ਦੇ ਅਮਰੀਕਾ ਵਿੱਚ ਰਹਿਣ ਦੀ ਮਿਆਦ 'ਤੇ ਸਖ਼ਤ ਨਿਗਰਾਨੀ ਰੱਖਣਾ ਚਾਹੁੰਦੀ ਹੈ। ਇਹ ਨਵਾਂ ਨਿਯਮ ਫੈਡਰਲ ਰਜਿਸਟਰ ਵਿੱਚ ਪ੍ਰਕਾਸ਼ਿਤ ਹੋਣ ਦੇ 60 ਦਿਨਾਂ ਬਾਅਦ ਪ੍ਰਭਾਵੀ ਹੋ ਜਾਵੇਗਾ। ਖਾਸ ਗੱਲ ਇਹ ਹੈ ਕਿ ਜਿਹੜੇ ਵਿਦਿਆਰਥੀ ਪਹਿਲਾਂ ਹੀ ਅਮਰੀਕਾ ਵਿੱਚ ਰਹਿ ਰਹੇ ਹਨ, ਉਹ ਵੀ ਆਪਣੇ ਆਪ ਇਸ 4 ਸਾਲ ਦੀ ਸੀਮਾ ਦੇ ਦਾਇਰੇ ਵਿੱਚ ਆ ਜਾਣਗੇ।

**ਗ੍ਰੀਨ ਕਾਰਡ ਦੇ ਚਾਹਵਾਨਾਂ ਲਈ 1 ਕਰੋੜ ਰੁਪਏ ਦਾ ਵੱਡਾ ਝਟਕਾ**

ਸਟੂਡੈਂਟ ਵੀਜ਼ਾ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਅਮਰੀਕਾ ਵਿੱਚ ਸਥਾਈ ਨਿਵਾਸ ਯਾਨੀ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਲੋਕਾਂ ਲਈ ਇੱਕ ਨਵਾਂ ਪਾਇਲਟ ਪ੍ਰੋਗਰਾਮ ਲਿਆ ਰਿਹਾ ਹੈ ਇਸ ਨਿਯਮ ਦੇ ਤਹਿਤ ਕੁਝ ਖਾਸ ਬਿਨੈਕਾਰਾਂ ਨੂੰ ਵੀਜ਼ਾ ਮਨਜ਼ੂਰ ਹੋਣ ਤੋਂ ਪਹਿਲਾਂ 1,00,000 ਡਾਲਰ (ਲਗਭਗ 1 ਕਰੋੜ ਰੁਪਏ) ਦੀ ਵਿੱਤੀ ਗਾਰੰਟੀ (ਬਾਂਡ) ਜਮ੍ਹਾ ਕਰਵਾਉਣੀ ਪੈ ਸਕਦੀ ਹੈ ਇਹ ਰਕਮ ਪੱਕੇ ਤੌਰ 'ਤੇ ਜ਼ਬਤ ਨਹੀਂ ਹੋਵੇਗੀ। ਜਦੋਂ ਉਹ ਵਿਅਕਤੀ ਅਮਰੀਕਾ ਦਾ ਪੱਕਾ ਨਾਗਰਿਕ ਬਣ ਜਾਵੇਗਾ, ਤਾਂ ਇਹ 1 ਲੱਖ ਡਾਲਰ ਉਸ ਨੂੰ ਵਾਪਸ ਕਰ ਦਿੱਤੇ ਜਾਣਗੇ। (ਬਾਕੀ ਸਫ਼ਾ 26 'ਤੇ)

# 'ਯੂ.ਐੱਸ. ਏਅਰ ਫ਼ੋਰਸ ਅਕੈਡਮੀ' ਵਿੱਚ ਸ਼ਾਮਲ ਹੋਇਆ ਸਿੱਖ ਨੌਜਵਾਨ ਚਿਰਾਗ ਵੀਰ ਸਿੰਘ ਸਰਾਓ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਲਈ ਇੱਕ ਬੇਹੱਦ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸਿੱਖ ਨੌਜਵਾਨ ਚਿਰਾਗ ਵੀਰ ਸਿੰਘ ਸਰਾਓ ਕੋਲੋਰੈਡੋ ਸਪ੍ਰਿੰਗਜ਼ ਸਥਿਤ ਵੱਕਾਰੀ 'ਯੂ.ਐੱਸ. ਏਅਰ ਫ਼ੋਰਸ ਅਕੈਡਮੀ' ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਕੇਸਧਾਰੀ ਸਿੱਖ ਅਮਰੀਕੀ ਬਣ ਗਏ ਹਨ। ਅਮਰੀਕਨ ਸਿੱਖ ਕੌਂਸਲ ਵੱਲੋਂ ਇਸ ਇਤਿਹਾਸਕ ਪ੍ਰਾਪਤੀ ਦੀ ਅਧਿਕਾਰਤ ਪੁਸ਼ਟੀ ਕੀਤੀ ਗਈ ਹੈ। ਕੌਂਸਲ ਮੁਤਾਬਕ, ਚਿਰਾਗ ਵੀਰ ਸਿੰਘ ਨੂੰ 4 ਅਪ੍ਰੈਲ ਨੂੰ ਅਕੈਡਮੀ ਵਿੱਚ ਨਿਯੁਕਤ ਕੀਤਾ ਗਿਆ ਸੀ ਅਤੇ ਲੰਮੀ ਪ੍ਰਕਿਰਿਆ ਤੋਂ ਬਾਅਦ 20 ਜੂਨ ਨੂੰ ਉਨ੍ਹਾਂ ਨੂੰ ਵਿਸ਼ੇਸ਼ 'ਧਾਰਮਿਕ ਛੋਟ' ਪ੍ਰਦਾਨ ਕੀਤੀ ਗਈ। ਇਸ ਇਜਾਜ਼ਤ ਤਹਿਤ ਉਹ ਆਪਣੀ ਮੂਲ ਸਿੱਖ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਅਨਕੱਟੇ ਕੇਸ (ਵਾਲ) ਅਤੇ ਦਾੜ੍ਹੀ ਸਣੇ ਆਪਣੇ ਧਾਰਮਿਕ ਚਿੰਨ੍ਹਾਂ ਦੇ ਨਾਲ ਹਵਾਈ ਫ਼ੌਜ ਵਿੱਚ ਸੇਵਾ ਨਿਭਾ ਸਕਣਗੇ।

ਚਿਰਾਗ ਵੀਰ ਸਿੰਘ ਸਰਾਓ ਅਧਿਕਾਰਤ ਤੌਰ 'ਤੇ 24 ਜੂਨ ਨੂੰ ਅਕੈਡਮੀ ਦੇ 'ਇਨ-ਪ੍ਰੋਸੈਸਿੰਗ ਡੇ' ਮੌਕੇ ਸ਼ਾਮਲ ਹੋਏ ਸਨ ਅਤੇ ਇਸ ਵੇਲੇ ਉਹ ਛੇ ਹਫ਼ਤਿਆਂ ਦੇ ਸਖ਼ਤ ਬੂਟ ਕੈਂਪ (ਮਿਲਟਰੀ ਸਿਖਲਾਈ) ਵਿੱਚੋਂ ਲੰਘ ਰਹੇ ਹਨ।

ਦੱਸਣਯੋਗ ਹੈ ਕਿ ਹਵਾਈ ਫ਼ੌਜ ਦੀ ਇਸ ਮੁੱਖ ਅਕੈਡਮੀ ਵਿੱਚ ਚੁਣੇ ਜਾਣ ਤੋਂ ਪਹਿਲਾਂ ਚਿਰਾਗ ਨੇ ਆਪਣੀ ਕਾਬਲੀਅਤ ਦੇ ਦਮ



'ਤੇ ਏਅਰ ਫ਼ੋਰਸ ਰਿਜ਼ਰਵ ਅਫ਼ਸਰਸ ਸਿਖਲਾਈ ਕੋਰ ਅਤੇ ਨੇਵਲ ਆਰ.ਓ.ਟੀ.ਸੀ. ਦੋਵਾਂ ਤੋਂ ਪੂਰੀ ਸਕਾਲਰਸ਼ਿਪ ਹਾਸਲ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਮਰੀਕਾ ਦੀਆਂ ਨਾਮੀ ਯੂਨੀਵਰਸਿਟੀਆਂ ਜਿਵੇਂ ਯੂਨੀਵਰਸਿਟੀ ਆਫ਼ ਸਦਰਨ ਕੈਲੀਫ਼ੋਰਨੀਆ ਅਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿੱਚ ਵੀ ਦਾਖ਼ਲੇ ਦੀ ਪੇਸ਼ਕਸ਼ ਮਿਲੀ ਸੀ।

ਕੌਂਸਲ ਨੇ ਚਿਰਾਗ ਦੇ ਸ਼ਾਨਦਾਰ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਉਹ ਪੜ੍ਹਾਈ ਵਿੱਚ ਅਵੱਲ ਰਹਿਣ ਦੇ ਨਾਲ-ਨਾਲ ਇੱਕ ਵਧੀਆ ਖਿਡਾਰੀ ਵੀ ਹਨ। ਉਹ 'ਈਗਲ ਸਕਾਊਟ' (ਸਕਾਊਟਿੰਗ ਵਿੱਚ ਸਰਵਉੱਚ ਰੈਂਕ) ਰਹਿ ਚੁੱਕੇ ਹਨ, ਤਾਇਕਵਾਂਡੋ ਵਿੱਚ ਸੈਕਿੰਡ-ਡਿਗਰੀ ਬਲੈਕ ਬੈਲਟ ਧਾਰਕ ਹਨ ਅਤੇ ਯੂਨੀਵਰਸਿਟੀ ਦੀ ਵਾਰਸਿਟੀ ਵਾਟਰ ਪੋਲੋ ਟੀਮ ਵੱਲੋਂ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹੇ ਹਨ।

ਜ਼ਿਕਰਯੋਗ ਹੈ ਕਿ ਕੋਲੋਰੈਡੋ ਸਪ੍ਰਿੰਗਜ਼ ਸਥਿਤ ਯੂਨਾਈਟਿਡ ਸਟੇਟਸ ਏਅਰ ਫ਼ੋਰਸ ਅਕੈਡਮੀ ਅਮਰੀਕਾ ਦੀਆਂ ਪੰਜ ਸੰਘੀ ਸੇਵਾ ਅਕੈਡਮੀਆਂ ਵਿੱਚੋਂ ਇੱਕ ਹੈ। ਇੱਥੇ ਨੌਜਵਾਨਾਂ ਨੂੰ ਉੱਚ ਸਿੱਖਿਆ ਦੇ ਨਾਲ-ਨਾਲ ਸਖ਼ਤ ਮਿਲਟਰੀ ਅਤੇ ਲੀਡਰਸ਼ਿਪ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇੱਥੋਂ ਗ੍ਰੈਜੂਏਟ ਹੋਣ ਵਾਲੇ ਕੈਡਿਟਾਂ ਨੂੰ ਅਮਰੀਕੀ ਹਵਾਈ ਫ਼ੌਜ ਜਾਂ ਅਮਰੀਕੀ ਸਪੇਸ ਫ਼ੌਜ ਵਿੱਚ ਸਿੱਧੇ ਸੈਕਿੰਡ ਲੈਫ਼ਟੀਨੈਂਟ ਵਜੋਂ ਤਾਇਨਾਤ ਕੀਤਾ ਜਾਂਦਾ ਹੈ।

# ਅਮਰੀਕਾ 'ਚ ਸਰਕਾਰੀ ਸਹੂਲਤਾਂ ਲੈਣ ਵਾਲੇ ਪਰਵਾਸੀਆਂ ਨੂੰ ਨਹੀਂ ਮਿਲੇਗਾ ਗਰੀਨ ਕਾਰਡ

ਵਾਸ਼ਿੰਗਟਨ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਇੱਕ ਵਾਰ ਫਿਰ ਉਸ ਵਿਵਾਦਤ ਨਿਯਮ ਨੂੰ ਲਾਗੂ ਕਰਨ ਦੀ ਤਿਆਰੀ ਕਰ ਲਈ ਹੈ, ਜਿਸ ਤਹਿਤ ਸਰਕਾਰੀ ਸਹੂਲਤਾਂ ਦਾ ਲਾਭ ਲੈਣ ਵਾਲੇ ਪਰਵਾਸੀਆਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਨਿਊਜ਼ ਏਜੰਸੀ ਐਸੋਸੀਏਟਡ ਪ੍ਰੈਸ ਮੁਤਾਬਕ ਪਬਲਿਕ ਚਾਰਜ ਵਜੋਂ ਜਾਣੀ ਜਾਂਦੀ ਇਸ ਨੀਤੀ ਨੂੰ ਪਿਛਲੇ ਦਿਨੀਂ ਫੈਡਰਲ ਰਜਿਸਟਰ ਵਿੱਚ ਦਰਜ ਕਰ ਲਿਆ ਗਿਆ ਹੈ ਅਤੇ ਬਾਅਦ ਵਿੱਚ ਇਸ ਨੂੰ ਰਸਮੀ ਤੌਰ 'ਤੇ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਅਮਰੀਕਾ ਵਿੱਚ ਪੱਕੇ ਹੋਣ ਦੀ ਉਮੀਦ ਰੱਖਣ ਵਾਲੇ ਲੱਖਾਂ ਪਰਵਾਸੀਆਂ ਦੇ ਭਵਿੱਖ 'ਤੇ ਵੱਡਾ ਅਸਰ ਪੈ ਸਕਦਾ ਹੈ ਇਸ ਨਿਯਮ ਦੇ ਮੁੜ ਬਹਾਲ ਹੋਣ ਨਾਲ ਉਨ੍ਹਾਂ ਪਰਵਾਸੀਆਂ ਲਈ ਗਰੀਨ ਕਾਰਡ ਹਾਸਲ ਕਰਨਾ ਬੇਹੱਦ ਮੁਸ਼ਕਿਲ ਹੋ ਜਾਵੇਗਾ ਜੋ ਗੁਜ਼ਾਰੇ ਲਈ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਮਦਦ ਦੀ ਵਰਤੋਂ ਕਰਦੇ ਹਨ। ਇਸ ਮਦਦ ਵਿੱਚ ਗਰੀਬਾਂ ਨੂੰ ਮਿਲਣ ਵਾਲਾ ਰਾਸ਼ਨ (ਫੂਡ ਸਟੈਂਪ), ਮੁਫ਼ਤ ਇਲਾਜ ਦੀ ਸਹੂਲਤ (ਮੈਡੀਕੇਡ), ਰਹਿਣ ਲਈ ਮਿਲਣ ਵਾਲੇ ਸਰਕਾਰੀ ਮਕਾਨ (ਹਾਊਸਿੰਗ ਵਾਊਚਰ) ਅਤੇ ਹੋਰ ਕਈ ਜਨਤਕ ਯੋਜਨਾਵਾਂ ਸ਼ਾਮਲ ਹਨ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਆਉਣ ਵਾਲੇ ਪਰਵਾਸੀ ਦੇਸ਼ 'ਤੇ ਆਰਥਿਕ ਬੋਝ





ਬਣਨ ਦੀ ਬਜਾਏ ਖ਼ੁਦ ਆਤਮਨਿਰਭਰ ਹੋਣ।

ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਨੇ ਅਜਿਹਾ ਨਿਯਮ ਮੁੜ ਲਾਗੂ ਕਰ ਸਕਦਾ ਹੈ, ਜਿਸ ਤਹਿਤ ਜਨਤਕ ਲਾਭਾਂ (ਸਰਕਾਰੀ ਸਹੂਲਤਾਂ) ਦੀ ਵਰਤੋਂ ਕਰਨ ਵਾਲੇ ਪਰਵਾਸੀਆਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਅਮਰੀਕਾ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਦੇਸ਼ ਵਿੱਚ ਆਉਣ ਵਾਲੇ ਲੋਕ ਆਰਥਿਕ ਤੌਰ 'ਤੇ ਆਤਮਨਿਰਭਰ ਹੋਣੇ ਚਾਹੀਦੇ ਹਨ ਨਾ ਕਿ ਸਰਕਾਰੀ ਮਦਦ 'ਤੇ ਨਿਰਭਰ।

ਇਸ ਨਿਯਮ ਦੇ ਮੁੜ ਬਹਾਲ ਹੋਣ ਨਾਲ ਉਨ੍ਹਾਂ ਪਰਵਾਸੀਆਂ ਲਈ ਮੁਸ਼ਕਿਲਾਂ ਖੜ੍ਹੀਆਂ ਹੋ ਜਾਣਗੀਆਂ ਜੋ ਸਰਕਾਰ ਵੱਲੋਂ ਮਿਲਣ ਵਾਲੀ ਕਿਸੇ ਵੀ ਤਰ੍ਹਾਂ ਦੀ ਮਦਦ ਜਿਵੇਂ ਮੁਫ਼ਤ ਇਲਾਜ ਜਾਂ ਹੋਰ ਵਿੱਤੀ ਸਹੂਲਤਾਂ ਦਾ ਲਾਭ ਲੈ ਰਹੇ ਹਨ। ਅਜਿਹੇ ਪਰਵਾਸੀਆਂ ਨੂੰ ਅਮਰੀਕਾ ਵਿੱਚ ਪੱਕੀ ਰਿਹਾਇਸ਼ ਯਾਨੀ ਗਰੀਨ ਕਾਰਡ ਮਿਲਣ ਵਿੱਚ ਵੱਡੀ ਰੁਕਾਵਟ ਆ ਸਕਦੀ ਹੈ, ਕਿਉਂਕਿ ਨਵੇਂ ਨਿਯਮਾਂ ਅਧੀਨ ਉਨ੍ਹਾਂ ਨੂੰ ਦੇਸ਼ ਲਈ ਬੋਝ ਮੰਨਿਆ ਜਾ ਸਕਦਾ ਹੈ।

ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਕਦਮ ਦਾ ਮੁੱਖ ਉਦੇਸ਼ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਦੀ ਬੱਚਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਅਮਰੀਕਾ ਆਉਣ ਵਾਲੇ ਲੋਕ ਖ਼ੁਦ ਆਪਣਾ ਖਰਚਾ ਚੁੱਕਣ ਦੇ ਯੋਗ ਹੋਣ। ਦੂਜੇ ਪਾਸੇ, ਪਰਵਾਸੀਆਂ ਦੇ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਇਸ ਫੈਸਲੇ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਿਯਮ ਨਾਲ ਲੋੜਵੰਦ ਲੋਕ ਬੁਨਿਆਦੀ ਸਹੂਲਤਾਂ ਅਤੇ ਸਿਹਤ ਸੇਵਾਵਾਂ ਲੈਣ ਤੋਂ ਵੀ ਡਰਨਗੇ ਜਿਸ ਕਾਰਨ ਸਮਾਜ ਵਿੱਚ ਗਰੀਬੀ ਅਤੇ ਬਿਮਾਰੀਆਂ ਹੋਰ ਵਧ ਸਕਦੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਹੁਣ ਕੈਨੇਡਾ ਵਿੱਚ ਵਿਦਿਆਰਥੀਆਂ ਨਾਲ ਨਹੀਂ ਹੋ ਸਕੇਗੀ ਧੋਖਾਧੜੀ !

# ਸੀ.ਆਈ.ਸੀ.ਸੀ. ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ, ਪੀੜਤਾਂ ਲਈ ਬਣਿਆ ਮੁਆਵਜ਼ਾ ਫੰਡ

## 1,200 ਤੋਂ ਵੱਧ ਸ਼ਿਕਾਇਤਾਂ ਤੇ ਸਿਰਫ਼ 15 ’ਤੇ ਕਾਰਵਾਈ

## ਕੀ ਕੈਨੇਡਾ ਸਰਕਾਰ ਦੇ ਨਵੇਂ ਕਾਨੂੰਨ ਰੋਕ ਸਕਣਗੇ ਇਮੀਗ੍ਰੇਸ਼ਨ ਲੁੱਟ ?

ਕੈਨੇਡਾ ਜਾਣ ਦੇ ਚਾਹਵਾਨ ਜਾਂ ਉੱਥੇ ਰਹਿ ਰਹੇ ਭਾਰਤੀਆਂ, ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇੱਕ ਵੱਡੀ ਅਤੇ ਰਾਹਤ ਭਰੀ ਖ਼ਬਰ ਹੈ। ਕੈਨੇਡਾ ਦੀ ਫ਼ੈਡਰਲ ਸਰਕਾਰ ਨੇ ਦੇਸ਼ ਵਿੱਚ ਆਉਣ ਵਾਲੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਠੱਗ ਇਮੀਗ੍ਰੇਸ਼ਨ ਕੰਸਲਟੈਂਟਾਂ ਵਿਰੁੱਧ ਬੀਤੇ ਦਿਨੀਂ ਨਵੇਂ ਅਤੇ ਬੇਹੱਦ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਬੀਤੇ ਮਈ ਮਹੀਨੇ ਦੌਰਾਨ ਐਲਾਨੇ ਗਏ ਇਨ੍ਹਾਂ ਨਿਯਮਾਂ ਦਾ ਮੁੱਖ ਉਦੇਸ਼ ਇਮੀਗ੍ਰੇਸ਼ਨ ਸਿਸਟਮ ਵਿੱਚ ਪਾਰਦਰਸ਼ਤਾ ਲਿਆਉਣਾ ਅਤੇ ਨਿਯਮ ਤੋੜਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ।

ਕੈਨੇਡਾ ਸਰਕਾਰ (ਓਟਾਵਾ) ਵੱਲੋਂ ਲਾਗੂ ਕੀਤੇ ਗਏ ਨਵੇਂ ਉਪਾਵਾਂ ਤਹਿਤ ਹੁਣ ਧੋਖਾਧੜੀ ਕਰਨ ਵਾਲਿਆਂ ’ਤੇ ਕਾਨੂੰਨੀ ਅਤੇ ਵਿੱਤੀ ਸ਼ਿਕੰਜਾ ਕੱਸਿਆ ਜਾਵੇਗਾ।



‘ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ’ ਨੂੰ ਹੁਣ ਨਿਯਮ ਤੋੜਨ ਵਾਲੇ ਕੰਸਲਟੈਂਟਾਂ ’ਤੇ ਭਾਰੀ ਜ਼ੁਰਮਾਨੇ ਲਗਾਉਣ ਦੀਆਂ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਗਈਆਂ ਹਨ। ਗਲਤ ਵਿਵਹਾਰ ਅਤੇ ਧੋਖਾਧੜੀ ਦੀਆਂ ਸ਼ਿਕਾਇਤਾਂ ਦੀ ਜਾਂਚ ਪ੍ਰਕਿਰਿਆ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾਵੇਗਾ। ਸਰਕਾਰ ਨੇ ਇੱਕ ਵਿਸ਼ੇਸ਼ ਮੁਆਵਜ਼ਾ ਫੰਡ ਤਿਆਰ ਕੀਤਾ ਹੈ। ਜੇਕਰ ਕਿਸੇ ਕੰਸਲਟੈਂਟ ਦੀ ਗਲਤੀ ਜਾਂ ਧੋਖਾਧੜੀ ਕਾਰਨ ਕਿਸੇ ਵਿਦਿਆਰਥੀ ਦਾ ਵਿੱਤੀ ਨੁਕਸਾਨ ਹੁੰਦਾ ਹੈ, ਤਾਂ ਇਸ ਫੰਡ ਰਾਹੀਂ ਉਸਦੀ ਭਰਪਾਈ ਕੀਤੀ ਜਾ ਸਕੇਗੀ।

**ਇਮੀਗ੍ਰੇਸ਼ਨ ਠੱਗ ਕਿਵੇਂ ਕਰਦੇ ਹਨ ਘਪਲੇ ?**

ਮਾਹਿਰਾਂ ਅਤੇ ਪੀੜਤਾਂ ਮੁਤਾਬਕ ਇਹ ਕੰਸਲਟੈਂਟ ਨੌਜਵਾਨਾਂ ਦੀ ਮਜਬੂਰੀ ਅਤੇ ਡਰ ਦਾ ਫਾਇਦਾ ਚੁੱਕ ਕੇ ਕਈ ਤਰੀਕਿਆਂ ਨਾਲ ਘਪਲੇ ਕਰਦੇ ਹਨ।

ਕੈਨੇਡਾ ਵਿੱਚ ਪੱਕੇ ਹੋਣ ਜਾਂ ਰਹਿਣ ਦਾ ਰਸਤਾ ਲੱਭਣ ਬਦਲੇ ਨੌਜਵਾਨਾਂ ਕੋਲੋਂ ਲੱਖਾਂ ਰੁਪਏ ਬਟੋਰੇ ਜਾਂਦੇ ਹਨ। ਹਾਲ ਹੀ ਵਿੱਚ ਅਭਿਸ਼ੇਕ ਨਾਮ ਦੇ ਇੱਕ ਭਾਰਤੀ ਨਾਗਰਿਕ ਨੇ ਖੁਲਾਸਾ ਕੀਤਾ ਕਿ ਇੱਕ ਕੰਸਲਟੈਂਟ ਨੇ ਉਸ ਕੋਲੋਂ 1,00,000 ਡਾਲਰ (ਕਰੀਬ 60 ਲੱਖ ਰੁਪਏ ਤੋਂ ਵੱਧ) ਦੀ ਮੰਗ ਕੀਤੀ ਸੀ।

ਬ੍ਰਿਟਿਸ਼ ਕੋਲੰਬੀਆ ਦੇ ਵਕੀਲ ਇਓਨ ਲੋਗਨ ਅਨੁਸਾਰ, ਬਹੁਤ ਸਾਰੇ ਵਿਦਿਆਰਥੀ ਸ਼ਿਕਾਇਤ ਕਰਨ ਤੋਂ ਡਰਦੇ ਹਨ ਕਿਉਂਕਿ ਕੰਸਲਟੈਂਟ ਉਨ੍ਹਾਂ ਨੂੰ ਕੇਸ ਖ਼ਰਾਬ ਕਰਨ ਜਾਂ ਡਿਪੋਰਟ ਕਰਵਾਉਣ ਦੀ ਧਮਕੀ ਦਿੰਦੇ ਹਨ।

ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਕਲਾਈਂਟ ਵੱਲੋਂ ਪੈਸੇ ਨਾ ਦੇਣ ਜਾਂ ਵਿਰੋਧ ਕਰਨ ’ਤੇ ਕੰਸਲਟੈਂਟ ਖ਼ੁਦ ਹੀ ‘ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ’ ਨੂੰ ਉਸ ਵਿਦਿਆਰਥੀ ਵਿਰੁੱਧ ਧੋਖਾਧੜੀ ਦੀ ਝੂਠੀ ਰਿਪੋਰਟ ਕਰ ਦਿੰਦੇ ਹਨ।

**ਹੁਣ ਤੱਕ ਕਿੰਨੇ ਪੰਜਾਬੀ/ਅੰਤਰਰਾਸ਼ਟਰੀ ਵਿਦਿਆਰਥੀ ਹੋਏ ਠੱਗੀ ਦਾ ਸ਼ਿਕਾਰ ?**

ਕੈਨੇਡਾ ਵਿੱਚ ਖ਼ਾਸ ਕਰਕੇ ਓਨਟਾਰੀਓ ਸੂਬੇ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਲਗਾਤਾਰ ਵਧੇ ਹਨ। ਸੀ.ਆਈ.ਸੀ.ਸੀ. ਦੇ ਅਧਿਕਾਰਤ ਅੰਕੜਿਆਂ ਮੁਤਾਬਕ:

ਜੁਲਾਈ 2024 ਤੋਂ ਜੂਨ 2025 ਦੇ ਦਰਮਿਆਨ ਕੁੱਲ 1,211 ਨਵੀਆਂ ਸ਼ਿਕਾਇਤਾਂ ਦਰਜ ਹੋਈਆਂ ਸਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਦੀ ਸੀ।

ਸਿਸਟਮ ਦੀ ਢਿੱਲਮੱਠ ਕਾਰਨ ਪਹਿਲਾਂ ਇਨ੍ਹਾਂ 1,211 ਮਾਮਲਿਆਂ ਵਿੱਚੋਂ ਸਿਰਫ਼ 15 ਮਾਮਲਿਆਂ ਵਿੱਚ ਹੀ ਅਨੁਸ਼ਾਸਨੀ ਕਾਰਵਾਈ ਹੋ ਸਕੀ ਸੀ।

ਇਹੀ ਕਾਰਨ ਹੈ ਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨਵੇਂ ਨਿਯਮ ਉਦੋਂ ਹੀ ਪੂਰੀ ਤਰ੍ਹਾਂ ਸਾਰਥਿਕ ਸਿੱਧ ਹੋਣਗੇ, ਜੇਕਰ ਨਿਗਰਾਨ ਸੰਸਥਾਵਾਂ ਆਪਣੀਆਂ ਨਵੀਆਂ ਸ਼ਕਤੀਆਂ ਦੀ ਵਰਤੋਂ ਸਖ਼ਤੀ ਨਾਲ ਕਰਨਗੀਆਂ ਅਤੇ ਠੱਗਾਂ ਨੂੰ ਸਲਾਖਾਂ ਪਿੱਛੇ ਭੇਜਣਗੀਆਂ।

# ਕੈਨੇਡਾ ਸਰਕਾਰ ਵੱਲੋਂ ਨਵੇਂ ਵੀਜ਼ਾ ਨਿਯਮ ਜਾਰੀ

## ਪੀ.ਆਰ ਨੌਜਵਾਨ ਹੁਣ ਪਰਿਵਾਰਕ ਮੈਂਬਰਾਂ ਨੂੰ ਨਹੀਂ ਸੱਦ ਸਕਣਗੇ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਆਵਾਸ ਵਿਭਾਗ ਨੇ ਇੱਕ ਅਹਿਮ ਪੱਤਰ ਜਾਰੀ ਕਰਕੇ ਸਪੱਸ਼ਟ ਕੀਤਾ ਹੈ ਕਿ ਇਸ ਸਾਲ ਕੈਨੇਡਾ ਵਿੱਚ ਰਹਿ ਰਹੇ ਪੱਕੇ ਵਿਦੇਸ਼ੀ ਨਾਗਰਿਕ ਆਪਣੀ ਪਰਿਵਾਰਕ ਮਿਲਣ-ਗਿਲਣ ਦੀ ਯੋਜਨਾ ਲਈ ਨਵੀਆਂ ਅਰਜ਼ੀਆਂ ਨਹੀਂ ਦੇ ਸਕਣਗੇ। ਵਿਭਾਗ ਅਨੁਸਾਰ, ਇਹ ਫ਼ੈਸਲਾ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਵਧੇਰੇ ਜ਼ਿੰਮੇਵਾਰੀ ਨਾਲ ਚਲਾਉਣ ਅਤੇ ਅਰਜ਼ੀਆਂ ਦੇ ਲੰਬੇ ਉਡੀਕ ਸਮੇਂ ਨੂੰ ਘਟਾਉਣ ਦੇ ਮਕਸਦ ਨਾਲ ਲਿਆ ਗਿਆ ਹੈ। ਵਰਤਮਾਨ ਵਿੱਚ ਇਸ ਯੋਜਨਾ ਤਹਿਤ ਅਰਜ਼ੀਆਂ ਦੇ ਨਿਬੇੜੇ ਦਾ ਉਡੀਕ ਸਮਾਂ ਕਿਊਬਕ ਸੂਬੇ ਵਿੱਚ ਸਾਢੇ ਪੰਜ ਸਾਲ ਅਤੇ ਹੋਰ ਸੂਬਿਆਂ ਵਿੱਚ ਤਿੰਨ ਸਾਲ ਦੇ ਕਰੀਬ ਚੱਲ ਰਿਹਾ ਹੈ।

ਵਿਭਾਗ ਨੇ ਦੱਸਿਆ ਕਿ ਇਸ ਵੇਲੇ 60,500 ਅਰਜ਼ੀਆਂ ਪਹਿਲਾਂ ਹੀ ਪ੍ਰਕਿਰਿਆ ਅਧੀਨ ਹਨ, ਜਿਨ੍ਹਾਂ ਦਾ ਫ਼ੈਸਲਾ ਹੋਣ ਤੋਂ ਬਾਅਦ ਹੀ ਆਉਣ ਵਾਲੇ ਸਾਲਾਂ ਲਈ ਨਵੀਆਂ ਸ਼ਰਤਾਂ ਅਤੇ ਨੀਤੀਆਂ ਤਿਆਰ ਕੀਤੀਆਂ ਜਾਣਗੀਆਂ। ਸਾਲ 2020 ਵਿੱਚ ਲਾਟਰੀ ਸਿਸਟਮ ਰਾਹੀਂ ਸ਼ੁਰੂ ਕੀਤੀ ਗਈ ਇਸ ਯੋਜਨਾ ਤਹਿਤ 2 ਲੱਖ ਤੋਂ ਵੱਧ ਯੋਗ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚੋਂ ਡਰਾਅ ਰਾਹੀਂ ਚੁਣੇ ਗਏ ਉਮੀਦਵਾਰਾਂ ਨੂੰ ਹੀ ਅਗਲੇਰੀ ਕਾਰਵਾਈ ਲਈ ਸੱਦਾ ਦਿੱਤਾ ਜਾਂਦਾ ਹੈ।

ਵਿਭਾਗ ਦੇ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਚਾਲੂ ਸਾਲ ਦੌਰਾਨ ਪੁਰਾਣੀਆਂ ਅਰਜ਼ੀਆਂ ਵਿੱਚੋਂ ਸਿਰਫ਼ 15,000 ਲੋਕਾਂ ਨੂੰ ਹੀ ਸੱਦੇ ਭੇਜੇ ਜਾਣਗੇ ਅਤੇ ਭਵਿੱਖ ਵਿੱਚ ਵੀ ਨਿਰਧਾਰਤ ਕੋਟੇ ਤੋਂ ਵੱਧ ਅਰਜ਼ੀਆਂ ਨੂੰ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਇਸ ਦੇ ਨਾਲ ਹੀ, ਵਿਭਾਗ ਨੇ ਮਾਪਿਆਂ ਅਤੇ ਦਾਦਾ-ਦਾਦੀ/ਨਾਨਾ-ਨਾਨੀ ਨੂੰ ਆਪਣੇ ਕੋਲ ਪੰਜ ਸਾਲਾਂ ਤੱਕ ਰੱਖਣ ਲਈ ‘ਸੁਪਰ ਵੀਜ਼ਾ’ ਯੋਜਨਾ ਨੂੰ ਇੱਕ ਬਿਹਤਰ ਵਿਕਲਪ ਵਜੋਂ ਉਤਸ਼ਾਹਿਤ ਕੀਤਾ ਹੈ।

ਇੱਕ ਅਧਿਕਾਰੀ ਨੇ ਕਿਹਾ ਕਿ ਸੁਪਰ ਵੀਜਾ ਯੋਜਨਾ ਮਾਪਿਆ ਨਾਲ ਮਿਲਣ ਲਈ ਸ਼ੁਰੂ ਕੀਤੀ ਗਈ ਸੀ, ਜਿਸ ਅਧੀਨ ਕੈਨੇਡਾ ਰਹਿੰਦੇ ਵਿਦੇਸ਼ੀ ਜਾਂ ਇਥੋਂ ਦੇ ਨਾਗਰਿਕ ਬਣੇ ਲੋਕ ਮਾਪਿਆਂ, ਦਾਦਾ-ਦਾਦੀ ਤੇ ਨਾਨਾ-ਨਾਨੀ ਨੂੰ ਆਪਣੇ ਕੋਲ ਲਗਾਤਾਰ ਪੰਜ ਸਾਲ ਤੱਕ ਰੱਖ ਸਕਦੇ ਹਨ।

# ਕੈਨੇਡਾ ’ਚ ਇਲਾਜ਼ ਕਰਵਾ ਕੇ ਬਿਨਾਂ ਬਿੱਲ ਅਦਾ ਕੀਤੇ ਚਲੇ ਜਾਂਦੇ ਹਨ ਸੈਲਾਨੀ

## ਮੈਨੀਟੋਬਾ ਸਰਕਾਰ ਦੀ ਸਿਹਤ ਪ੍ਰਣਾਲੀ ’ਤੇ ਪਿਆ ਵਿੱਤੀ ਬੋਝ

ਵਿਨੀਪੈੱਗ/ਏ.ਟੀ.ਨਿਊਜ਼ : ਕੈਨੇਡਾ ਦੇ ਸੂਬੇ ਮੈਨੀਟੋਬਾ ਵਿੱਚ ਸਿਹਤ ਸਹੂਲਤਾਂ ਦੀ ਵਰਤੋਂ ਕਰਕੇ ਬਿਨਾਂ ਬਿੱਲ ਭੁਗਤਾਨ ਕੀਤੇ ਵਾਪਸ ਪਰਤਣ ਵਾਲੇ ਵਿਦੇਸ਼ੀ ਸੈਲਾਨੀਆਂ ਅਤੇ ਕੱਚੇ ਵਸਨੀਕਾਂ ਕਾਰਨ ਸਥਾਨਕ ਟੈਕਸ ਦਾਤਾਵਾਂ ਸਿਰ ਕਰੋੜਾਂ ਡਾਲਰਾਂ ਦਾ ਵਿੱਤੀ ਬੋਝ ਪੈ ਰਿਹਾ ਹੈ। ਇੱਕ ਤਾਜ਼ਾ ਖੋਜ ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਦੌਰਾਨ ਵਿਦੇਸ਼ੀ ਸੈਲਾਨੀਆਂ ਨੇ ਮੈਨੀਟੋਬਾ ਦੇ ਹਸਪਤਾਲਾਂ ਦਾ ਲਗਪਗ 4 ਕਰੋੜ ਡਾਲਰ (39.62 ਮਿਲੀਅਨ ਕੈਨੇਡੀਅਨ ਡਾਲਰ) ਦਾ ਬਿੱਲ ਨਹੀਂ ਚੁਕਾਇਆ, ਜਿਸ ਦਾ ਸਿੱਧਾ ਅਸਰ ਸੂਬੇ ਦੇ ਟੈਕਸ ਦਾਤਾਵਾਂ ’ਤੇ ਪਿਆ ਹੈ।

ਸਮਾਜਿਕ-ਆਰਥਿਕ ਮੁੱਦਿਆਂ ’ਤੇ ਕੰਮ ਕਰਨ ਵਾਲੀ ਸੰਸਥਾ ‘ਸੈਕੰਡ ਸਟਰੀਟ ਡਾਟ ਓ.ਆਰ.ਜੀ.’ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ, ਸਾਲ 2020-21 ਤੋਂ ਲੈ ਕੇ 2024-25 ਦਰਮਿਆਨ ਵੱਡੀ ਗਿਣਤੀ ਵਿੱਚ ਅਜਿਹੇ ਗ਼ੈਰ-ਕੈਨੇਡੀਅਨ ਨਾਗਰਿਕ ਮੈਨੀਟੋਬਾ ਆਏ, ਜਿਨ੍ਹਾਂ ਨੇ ਇੱਥੇ ਇਲਾਜ ਕਰਵਾਇਆ ਪਰ ਬਿੱਲਾਂ ਦਾ ਭੁਗਤਾਨ ਕੀਤੇ ਬਿਨਾਂ ਹੀ ਆਪਣੇ ਮੁਲਕਾਂ ਨੂੰ ਵਾਪਸ ਚਲੇ ਗਏ। ਸਰਕਾਰੀ ਅੰਕੜਿਆਂ ਅਨੁਸਾਰ ਗ਼ੈਰ-ਅਦਾਇਗੀ ਵਾਲੇ ਹਸਪਤਾਲੀ ਬਿੱਲਾਂ ਦਾ ਬੋਝ



ਸਾਲ-ਦਰ-ਸਾਲ ਉਤਾਰ-ਚੜ੍ਹਾਅ ਦੇ ਬਾਵਜੂਦ ਚਿੰਤਾਜਨਕ ਪੱਧਰ ’ਤੇ ਬਣਿਆ ਹੋਇਆ ਹੈ। ਵਿੱਤੀ ਵਰ੍ਹਾ 2020-21 ਦੌਰਾਨ ਇਹ ਰਕਮ 3.8 ਮਿਲੀਅਨ ਡਾਲਰ ਸੀ, ਜੋ 2021-22 ਵਿੱਚ ਵੱਧ ਕੇ 8.2 ਮਿਲੀਅਨ ਡਾਲਰ ਹੋ ਗਈ। ਇਸ ਤੋਂ ਬਾਅਦ 2022-23 ਵਿੱਚ ਇਹ ਘਟ ਕੇ 4.5 ਮਿਲੀਅਨ ਡਾਲਰ ਰਹਿ ਗਈ, ਪਰ 2023-24 ਵਿੱਚ ਇਸ ਵਿੱਚ ਰਿਕਾਰਡ ਵਾਧਾ ਦਰਜ ਕੀਤਾ ਗਿਆ ਅਤੇ ਬਕਾਇਆ ਰਕਮ 18.7 ਮਿਲੀਅਨ ਡਾਲਰ ਤੱਕ ਪਹੁੰਚ ਗਈ। ਹਾਲਾਂਕਿ 2024-25 ਵਿੱਚ ਇਹ ਮੁੜ ਘਟ ਕੇ 4.5 ਮਿਲੀਅਨ ਡਾਲਰ ਰਹਿ ਗਈ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਹਰ ਸਾਲ ਆਉਣ ਵਾਲੇ ਅਜਿਹੇ ਵੱਡੇ ਉਤਾਰ-ਚੜ੍ਹਾਅ ਸਿਹਤ ਪ੍ਰਣਾਲੀ ਦੀ ਵਿੱਤੀ ਸਥਿਰਤਾ ਲਈ ਗੰਭੀਰ ਚੁਣੌਤੀ ਬਣੇ ਹੋਏ ਹਨ।

ਸੰਸਥਾ ਦੇ ਪ੍ਰਧਾਨ ਕੋਲਿਨ ਕ੍ਰੇਗ ਨੇ ਕਿਹਾ ਕਿ ਗ਼ੈਰ-ਅਦਾਇਗੀ ਵਾਲੇ ਹਸਪਤਾਲੀ ਬਿੱਲਾਂ ਦਾ ਸਿੱਧਾ ਅਸਰ ਮੈਨੀਟੋਬਾ ਦੀਆਂ ਸਿਹਤ ਸੇਵਾਵਾਂ ਅਤੇ ਸਥਾਨਕ ਟੈਕਸ ਦਾਤਾਵਾਂ ’ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸੂਬੇ ਦੇ ਪੱਕੇ ਵਸਨੀਕ ਹਸਪਤਾਲਾਂ ਵਿੱਚ ਇਲਾਜ ਅਤੇ ਸਰਜਰੀ ਲਈ ਲੰਬੀਆਂ ਉਡੀਕ ਸੂਚੀਆਂ ਦਾ ਸਾਹਮਣਾ ਕਰ ਰਹੇ ਹਨ, ਜਦਕਿ ਦੂਜੇ ਪਾਸੇ ਕਰੋੜਾਂ ਡਾਲਰ ਦੀ ਬਕਾਇਆ ਰਕਮ ਸਿਹਤ ਪ੍ਰਣਾਲੀ ’ਤੇ ਵਾਧੂ ਵਿੱਤੀ ਬੋਝ ਬਣ ਰਹੀ ਹੈ। ਉਨ੍ਹਾਂ ਦੇ ਅਨੁਸਾਰ ਜੇ ਇਹ ਕਰੀਬ 4 ਕਰੋੜ ਡਾਲਰ ਦੀ ਰਕਮ ਵਸੂਲ ਹੋ ਜਾਂਦੀ, ਤਾਂ ਸੂਬੇ ਦੇ ਲਗਪਗ 3,400 ਮਰੀਜ਼ਾਂ ਦੇ ਹਿੱਪ ਰਿਪਲੇਸਮੈਂਟ ਵਰਗੇ ਜ਼ਰੂਰੀ ਅਪਰੇਸ਼ਨ ਸਮੇਂ ਸਿਰ ਕਰਵਾਏ ਜਾ ਸਕਦੇ ਸਨ। ਸਿਹਤ ਅਤੇ ਵਿੱਤੀ ਖੇਤਰ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਵਿਦੇਸ਼ੀ ਸੈਲਾਨੀਆਂ

(ਬਾਕੀ ਸਫ਼ਾ 26 ’ਤੇ)

# ‘ਜ਼ੌਂਬੀ ਲੈਂਡ’ ਕਿਉਂ ਬਣ ਗਿਆ ਵਿਨੀਪੈਗ ਦਾ ਦਿਲ ‘ਡਾਊਨ ਟਾਊਨ’

ਵਿਨੀਪੈਗ/ਏ.ਟੀ.ਨਿਊਜ਼: ਜੇਕਰ ਤੁਸੀਂ ਵਿਨੀਪੈਗ ਦੀ ਮੇਨ ਸਟਰੀਟ ’ਤੇ ਕਦੇ ਵੀ ਦੁਪਹਿਰ ਗੇੜਾ ਮਾਰੋ, ਤਾਂ ਜੋ ਕੁਝ ਉੱਥੇ ਵਾਪਰ ਰਿਹਾ ਹੈ, ਉਸ ਨੂੰ ਸਮਝਣ ਲਈ ਕਿਸੇ ਮਾਹਰ ਜਾਂ ਲੰਮੀਆਂ-ਚੌੜੀਆਂ ਤਕਰੀਰਾਂ ਦੀ ਲੋੜ ਨਹੀਂ ਪਵੇਗੀ। ਸੜਕਾਂ ਦੇ ਕਿਨਾਰਿਆਂ ਅਤੇ ਫੁੱਟਪਾਥਾਂ ’ਤੇ ਲੱਤਾਂ-ਬਾਂਹਾਂ ਸੁੰਨ ਕਰੀ, ਲੱਕੜ ਵਾਂਗ ਦੂਹਰੇ ਹੋਏ ਅਤੇ ਅੱਧ-ਮਰਨੀ ਹਾਲਤ ਵਿੱਚ ਖੜ੍ਹੇ ਲੋਕ ਤੁਹਾਨੂੰ ਆਮ ਦਿੱਖ ਜਾਣਗੇ। ਇਹ ਉਹ ਬਦਕਿਸਮਤ ਲੋਕ ਹਨ ਜੋ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਕਿਸੇ ਅੰਧਕਾਰ ਵਿੱਚ ਗੁਆਚ ਚੁੱਕੇ ਹਨ। ਸਥਿਤੀ ਇਸ ਕਦਰ ਭਿਆਨਕ ਅਤੇ ਪ੍ਰੇਸ਼ਾਨ ਕਰਨ ਵਾਲੀ ਹੋ ਚੁੱਕੀ ਹੈ ਕਿ ਵਿਨੀਪੈਗ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਨਿੱਜੀ ਗੱਲਬਾਤ ਦੌਰਾਨ ਹੁਣ ਸ਼ਹਿਰ ਦੇ ਇਸ ਕੇਂਦਰੀ ਹਿੱਸੇ (ਡਾਊਨ ਟਾਊਨ) ਨੂੰ ‘ਜ਼ੌਂਬੀ ਲੈਂਡ’ (ਮੁਰਦਿਆਂ ਦੀ ਬਸਤੀ) ਕਹਿਣਾ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਦਾ ਇਹ ਦਾਅਵਾ ਰਾਈ ਰੱਤੀ ਵੀ ਝੂਠ ਨਹੀਂ ਹੈ।

**ਪ੍ਰਸ਼ਾਸਨਿਕ ਬੇਬਸੀ ਅਤੇ ਫੋਕੇ ਬਿਆਨ**

ਪੁਲਿਸ ਦੀ ਇਹ ਬੇਬਸੀ ਇੱਕ ਕੌੜੀ ਸੱਚਾਈ ਹੈ। ਸਾਡੇ ਸ਼ਹਿਰ ਦੇ ਪ੍ਰਸ਼ਾਸਨ ਅਤੇ ਸੂਬਾ ਸਰਕਾਰ ਨੇ ਸ਼ਰੇਆਮ ਹੋ ਰਹੇ ਨਸ਼ਿਆਂ ਦੇ ਇਸ ਨੰਗੇ ਨਾਚ ਨੂੰ ਇੱਕ ‘ਆਮ ਗੱਲ’ ਵਜੋਂ ਪ੍ਰਵਾਨ ਕਰ ਲਿਆ ਹੈ। ਜਿੱਥੇ ਸਖ਼ਤ ਕਦਮ ਚੁੱਕਣ ਦੀ ਲੋੜ ਹੁੰਦੀ ਹੈ, ਉੱਥੇ ਸਿਟੀ ਹਾਲ ਅਤੇ ਸਰਕਾਰੀ ਗਲਿਆਰਿਆਂ ਵਿੱਚ ਬੈਠੇ ਹਾਕਮ ਸਿਰਫ਼ ਪ੍ਰੈੱਸ ਕਾਨਫ਼ਰੰਸਾਂ ਕਰਕੇ ਅਤੇ



ਫੋਕੇ ਬਿਆਨ ਦਾਗ਼ ਕੇ ਪੱਲਾ ਝਾੜ ਲੈਂਦੇ ਹਨ। ਹੁਣ ਪਾਣੀ ਸਿਰੋਂ ਲੰਘ ਚੁੱਕਾ ਹੈ। ਨਸ਼ੇ ਦੀ ਲਤ ਨੂੰ ਇੱਕ ‘ਜੀਵਨ ਸ਼ੈਲੀ’ ਮੰਨ ਕੇ ਸਹੂਲਤਾਂ ਦੇਣ ਦੀ ਬਜਾਏ, ਇਸ ਨੂੰ ਇੱਕ ਭਿਆਨਕ ਸੰਕਟ ਮੰਨ ਕੇ ਤੁਰੰਤ ਸਖ਼ਤ ਕਾਨੂੰਨੀ ਅਤੇ ਪ੍ਰਸ਼ਾਸਨਿਕ ਦਖ਼ਲਅੰਦਾਜ਼ੀ ਕਰਨ ਦੀ ਲੋੜ ਹੈ ਡਾਊਨ ਟਾਊਨ ਵਿੱਚ ਜੋ ਕੁਝ ਵਾਪਰ ਰਿਹਾ ਹੈ, ਉਹ ਉੱਥੇ ਕੰਮ ਕਰਨ ਵਾਲੇ ਜਾਂ ਖ਼ਰੀਦਦਾਰੀ ਕਰਨ ਆਉਣ ਵਾਲੇ ਆਮ ਲੋਕਾਂ ਤੋਂ ਲੁਕਿਆ ਨਹੀਂ ਹੈ। ਕ੍ਰਿਸਟਲ ਮੈਥ, ਕਰੈਕ ਅਤੇ ਫੈਂਟਾਨਿਲ ਵਰਗੇ ਅਤਿ-ਘਾਤਕ ਨਸ਼ਿਆਂ ਨੇ ਮੇਨ ਸਟਰੀਟ, ਪੋਰਟੇਜ ਐਵਿਨਿਊ ਅਤੇ ਆਲ਼ੇ-ਦੁਆਲੇ ਦੇ ਪੂਰੇ ਇਲਾਕੇ ਨੂੰ ਨਰਕ ਵਿੱਚ ਤਬਦੀਲ ਕਰ ਦਿੱਤਾ ਹੈ। ਇੱਥੋਂ ਦੇ ਛੋਟੇ ਕਾਰੋਬਾਰੀ ਅਤੇ ਦੁਕਾਨਦਾਰ ਰੋਜ਼ ਸਵੇਰੇ ਆਪਣੀਆਂ ਦੁਕਾਨਾਂ ਖੋਲ੍ਹਣ ਤੋਂ ਡਰਦੇ ਹਨ। ਉਨ੍ਹਾਂ ਦੇ ਦਿਲਾਂ ਵਿੱਚ ਇਹ ਖ਼ੌਫ਼ ਹੁੰਦਾ ਹੈ ਕਿ ਅੱਜ ਉਨ੍ਹਾਂ ਦੇ ਬੂਹੇ ਅੱਗੇ ਕੀ ਮਿਲੇਗਾ—ਵਰਤੀਆਂ ਹੋਈਆਂ ਨਸ਼ੇ ਦੀਆਂ ਸੂਈਆਂ , ਮਨੁੱਖੀ ਗੰਦਗੀ, ਜਾਂ ਫਿਰ ਨਸ਼ੇ ਦੀ ਓਵਰਡੋਜ਼ ਕਾਰਨ ਪੂਰੀ ਤਰ੍ਹਾਂ ਗਲ਼ ਚੁੱਕਾ ਕੋਈ ਅਜਿਹਾ ਇਨਸਾਨ ਜੋ ਹਿੱਲਣ-ਜੁੱਲਣ ਦੇ ਵੀ ਕਾਬਲ ਨਾ ਹੋਵੇ। ਸ਼ਹਿਰ ਦਾ ਵਪਾਰਕ ਢਾਂਚਾ ਇਸ ਅਰਾਜਕਤਾ ਦੀ ਭੇਟ ਚੜ੍ਹ ਰਿਹਾ ਹੈ।

**ਕੌਮਾਂਤਰੀ ਤਜ਼ਰਬੇ ਅਤੇ ਵਿਨੀਪੈਗ ਦੀ ਨਾਕਾਮੀ**

ਸਵਾਲ ਉੱਠਦਾ ਹੈ ਕਿ ਦੁਨੀਆ ਦੇ ਦੂਜੇ ਸ਼ਹਿਰਾਂ ਨੇ ਇਸ ਬਿਮਾਰੀ ਦਾ ਕੀ ਹੱਲ ਕੱਢਿਆ ? ਜਿਨ੍ਹਾਂ ਮੁਲਕਾਂ ਜਾਂ ਸ਼ਹਿਰਾਂ ਨੇ ਨਸ਼ੇੜੀਆਂ ਨੂੰ ਸਿਰਫ਼ ‘ਨਸ਼ਾ ਮੁਕਤੀ ਦੇ ਪੈਂਫ਼ਲਿਟ’ ਵੰਡ ਕੇ ਸੜਕਾਂ ’ਤੇ ਮਰਨ ਲਈ ਖੁੱਲ੍ਹਾ ਛੱਡਣ ਦੀ ਬਜਾਏ ‘ਇਲਾਜ-ਪਹਿਲਾਂ’ ਦੀ ਨੀਤੀ ਅਪਣਾਈ, ਉੱਥੇ ਨਤੀਜੇ ਬਹੁਤ ਸ਼ਾਨਦਾਰ ਰਹੇ ਹਨ।

(ਬਾਕੀ ਸਫ਼ਾ 26 ’ਤੇ)

# ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਕੈਲੀਫ਼ੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ






ਮਿਲਪੀਟਸ (ਕੈਲੀਫ਼ੋਰਨੀਆ)/ਏ.ਟੀ.ਨਿਊਜ਼: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਕੈਲੀਫ਼ੋਰਨੀਆ ਵਿਖੇ ਹਫ਼ਤਾਵਾਰੀ ਸਜੇ ਦੀਵਾਨਾਂ ਵਿੱਚ ਵਿਸ਼ੇਸ਼ ਤੌਰ 'ਤੇ ਧਾਰਮਿਕ ਕਵੀ ਦਰਬਾਰ ਬਾਬਤ ਗੁਰੂ ਅਰਜਨ ਦੇਵ ਸਾਹਿਬ ਜੀ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਭਾਲਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰ-ਇਤਿਹਾਸ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਗੁਰੂ ਕਾਲ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧਦੀ ਗਈ। ਇਸਲਾਮੀ ਮਤ ਦੇ ਸ਼ਰਧਾਲੂਆਂ ਅਤੇ ਹੁਕਮਰਾਨਾਂ ਨੂੰ ਚਿੰਤਾ ਹੋ ਗਈ ਕਿ ਸਿੱਖ ਲਹਿਰ ਇਸਲਾਮ ਲਈ ਖਤਰਾ ਹੈ। ਉਹਨਾਂ ਝੂਠੇ ਕਾਰਨਾਂ ਨਾਲ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰੇ। ਜਹਾਂਗੀਰ ਨੇ ਸਿਆਸਤ ਅਤੇ ਯਾਸਾ ਦੇ ਸਖ਼ਤ ਕਾਨੂੰਨ ਅਧੀਨ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਜੀ ਨੂੰ ਤਸੀਹੇ ਦਿੱਤੇ ਗਏ। ਮੀਆਂ ਮੀਰ ਗੁਰੂ ਸਾਹਿਬ ਜੀ ਨੂੰ ਮਿਲਣ ਆਇਆ ਤਾਂ ਆਖਿਆ, 'ਤੁਸੀਂ ਏਨੇ ਕਸ਼ਟ ਕਿਉਂ ਸਹਿ ਰਹੇ ਹੋ।' ਗੁਰੂ ਜੀ ਨੇ ਜਵਾਬ ਦਿੱਤਾ ਕਿ ਮੈਂ ਇੱਕ ਉਦਾਹਰਣ ਕਾਇਮ ਕਰਨ ਲਈ ਦੁੱਖ ਸਹਿ ਰਿਹਾ ਹਾਂ ਕਿ ਦੁੱਖ ਵਿੱਚ ਵੀ ਧੀਰਜ ਨਾ ਗੁਆਓ। ਪਰਮਾਤਮਾ ਦੇ ਵਿਰੁੱਧ ਨਾ ਬੋਲੋ। ਵਿਸ਼ਵਾਸ ਦੀ ਪਰਖ ਦੁੱਖ ਦੀ ਘੜੀ ਵਿੱਚ ਹੀ ਹੁੰਦੀ ਹੈ। ਗੁਰੂ ਸਾਹਿਬ ਜੀ ਨੇ 30 ਮਈ 1606 ਨੂੰ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਜੀ ਦੀ ਦੇਹ ਰਾਵੀ ਦਰਿਆ ਵਿੱਚ ਭੇਟ ਹੋਈ। ਉਸ ਥਾਂ 'ਤੇ ਗੁਰਦੁਆਰਾ ਡੇਹਰਾ ਸਾਹਿਬ ਪਾਕਿਸਤਾਨ ਸ਼ੁਸ਼ੋਭਿਤ ਹੈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਤਰਸੇਮ ਸਿੰਘ ਸੁਮੰਨ, ਤਰਲੋਚਨ ਸਿੰਘ ਦੁਪਾਲਪੁਰੀ, ਬਲਜਿੰਦਰ ਸਿੰਘ, ਬੀਬੀ ਬਲਵਿੰਦਰ ਕੌਰ ਹੰਸਰਾ, ਨਿਰਮਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸ਼ਹੀਦੀ ਬੀਰ ਰਸ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਜਸਵੰਤ ਸਿੰਘ ਹੋਠੀ ਨੇ ਕਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਸਥਾਨਕ ਕਵੀ ਦਹਾਕਿਆਂ ਤੋਂ ਦੂਰ ਦੁਰਾਡੇ ਦੇ ਗੁਰਦੁਆਰਿਆਂ ਵਿੱਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ।

ਸਾਡੇ ਵੱਲੋਂ ਖੁੱਲ੍ਹਾ ਸੱਦਾ ਹੈ ਕਿ ਜਦੋਂ ਵੀ ਵਕਤ ਹੋਵੇ ਇਸ ਗੁਰੂ ਘਰ ਵਿੱਚ ਵੀ ਧਾਰਮਿਕ ਕਵੀ ਦਰਬਾਰ ਸਜਾਇਆ ਕਰਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਵੀਆਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

### *ਕਈ ਪਰਿਵਾਰਾਂ ਲਈ ਭਾਵਨਾਤਮਕ ਤ੍ਰਾਸਦੀ ਬਣੀ ਵੀਜ਼ਿਆਂ ਦੀ ਲੰਬੀ ਉਡੀਕ*

## ਵੀਜ਼ਿਆਂ ਦੀ ਲੰਮੀ ਉਡੀਕ 'ਚ ਬਿਨਾਂ ਮਿਲੇ ਹੀ ਇਸ ਦੁਨੀਆਂ ਤੋਂ ਤੁਰ ਗਏ ਹਜ਼ਾਰਾਂ ਬਜ਼ੁਰਗ




ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਰਹਿੰਦੇ ਹਜ਼ਾਰਾਂ ਪਰਵਾਸੀ ਪਰਿਵਾਰ ਆਪਣੇ ਬਜ਼ੁਰਗ ਮਾਪਿਆਂ ਨੂੰ ਆਪਣੇ ਕੋਲ ਬੁਲਾਉਣ ਲਈ ਸਾਲਾਂ ਤੋਂ ਉਡੀਕ ਕਰ ਰਹੇ ਹਨ। ਇਹ ਲੰਮਾ ਇੰਤਜ਼ਾਰ ਹੁਣ ਕਈ ਪਰਿਵਾਰਾਂ ਲਈ ਭਾਵਨਾਤਮਕ ਤ੍ਰਾਸਦੀ ਬਣ ਗਿਆ ਹੈ। ਕਈ ਮਾਮਲਿਆਂ ਵਿੱਚ ਮਾਪਿਆਂ ਦੀ ਵੀਜ਼ਾ ਮਨਜ਼ੂਰੀ ਤੋਂ ਪਹਿਲਾਂ ਹੀ ਮੌਤ ਹੋ ਗਈ, ਜਦੋਂ ਕਿ ਕੁਝ ਲੋਕ ਆਪਣੇ ਜੀਵਨ ਸਾਥੀ ਨੂੰ ਗੁਆ ਬੈਠੇ ਅਤੇ ਆਪਣੇ ਮਾਪਿਆਂ ਨਾਲ ਆਖ਼ਰੀ ਮੁਲਾਕਾਤ ਵੀ ਨਾ ਕਰ ਸਕੇ।

ਆਸਟ੍ਰੇਲੀਆ ਦੇ ਗ੍ਰਹਿ ਮਾਮਲੇ ਵਿਭਾਗ ਅਨੁਸਾਰ ਨਵੇਂ ਆਮ ਮਾਪੇ ਵੀਜ਼ੇ ਲਈ ਅੰਦਾਜ਼ਨ ਉਡੀਕ ਸਮਾਂ ਕਰੀਬ 33 ਸਾਲ ਹੈ, ਜਦੋਂ ਕਿ ਵੀਜ਼ਾ ਰਕਮ ਜਮ੍ਹਾਂ ਕਰਵਾਉਣ ਵਾਲੇ ਮਾਪੇ ਵੀਜ਼ੇ ਲਈ ਵੀ ਲਗਪਗ 15 ਸਾਲ ਉਡੀਕ ਕਰਨੀ ਪੈ ਰਹੀ ਹੈ। ਇਸ ਵਾਸਤੇ ਨਾ ਵਾਪਸ ਮੋੜਨ ਯੋਗ ਕਰੀਬ 50,000 ਆਸਟ੍ਰੇਲੀਆਈ ਡਾਲਰ ਫੀਸ ਹੈ।

ਰਿਪੋਰਟਾਂ ਅਨੁਸਾਰ ਪਿਛਲੇ ਤਿੰਨ ਸਾਲਾਂ ਦੌਰਾਨ ਲਗਪਗ 2,300 ਬਿਨੈਕਾਰ ਆਪਣੇ ਮਾਪਿਆਂ ਨਾਲ ਮਿਲਣ ਦੀ ਉਡੀਕ ਕਰਦੇ ਹੋਏ ਇਸ ਦੁਨੀਆ ਤੋਂ ਚਲੇ ਗਏ। ਇਸ ਵੇਲੇ ਕਰੀਬ 1.5 ਲੱਖ ਮਾਪੇ ਵੀਜ਼ਾ ਅਰਜ਼ੀਆਂ ਵਿਚਾਰ ਅਧੀਨ ਹਨ, ਜਦੋਂ ਕਿ ਹਰ ਸਾਲ ਸਿਰਫ਼ ਸੀਮਤ ਗਿਣਤੀ ਵਿੱਚ ਹੀ ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਇਸ ਕਾਰਨ ਹਜ਼ਾਰਾਂ ਪਰਿਵਾਰ ਆਪਣੇ ਮਾਪਿਆਂ ਤੋਂ ਸਾਲਾਂ ਤੱਕ ਵਿਛੜੇ ਰਹਿੰਦੇ ਹਨ।

ਪਰਵਾਸੀ ਭਾਈਚਾਰੇ ਅਤੇ ਮਾਈਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਪਰਿਵਾਰਕ ਮਿਲਾਪ ਨੂੰ ਤਰਜੀਹ ਦਿੰਦਿਆਂ ਮਾਪੇ ਵੀਜ਼ਿਆਂ ਦੀ ਗਿਣਤੀ ਵਧਾਉਣ ਅਤੇ ਪਰਕਿਰਿਆ ਨੂੰ ਤੇਜ਼ ਕਰਨ ਦੀ ਲੋੜ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਫ਼ੈਸਲੇ ਜਲਦੀ ਨਾ ਹੋਏ ਤਾਂ ਹੋਰ ਬਹੁਤ ਸਾਰੇ ਪਰਿਵਾਰ ਆਪਣੇ ਪਿਆਰਿਆਂ ਨਾਲ ਮਿਲਣ ਦਾ ਸੁਪਨਾ ਅਧੂਰਾ ਹੀ ਰੱਖ ਬੈਠਣਗੇ।

## ਅਮਰੀਕਾ ਵਾਂਗ ਪਾਕਿਸਤਾਨ ਭਾਈ ਪੰਜਵੜ ਦੇ ਕਾਤਲਾਂ ਨੂੰ ਬੇਨਕਾਬ ਕਰੇ: ਡੱਲੇਵਾਲ







ਲੰਡਨ/ਏ.ਟੀ.ਨਿਊਜ਼: ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਸ਼ਹੀਦ ਕੀਤੇ ਗਏ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਦੇ ਕਤਲ ਨੂੰ ਤਿੰਨ ਸਾਲ ਬੀਤ ਚੁੱਕੇ ਹਨ ਪਰ ਪਾਕਿਸਤਾਨ ਸਰਕਾਰ ਵੱਲੋਂ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਹੀਦ ਕਰਨ ਵਾਲੇ ਹਮਲਾਵਰਾਂ ਅਤੇ ਉਹਨਾਂ ਦੇ ਆਕਾਵਾਂ ਨੂੰ ਬੇਨਕਾਬ ਨਹੀਂ ਕੀਤਾ ਗਿਆ। ਜਿਸ ਬਾਬਤ ਸਿੱਖ ਮਨਾਂ ਵਿੱਚ ਭਾਰੀ ਰੋਸ ਹੈ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਈ ਪਰਮਜੀਤ ਸਿੰਘ ਪੰਜਵੜ ਦੇ ਕਾਤਲਾਂ ਨੂੰ ਬੇਨਕਾਬ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਉਹਨਾਂ ਕਾਤਲਾਂ ਨੇ ਇਹ ਘਿਨਾਉਣਾ ਕੰਮ ਕਿਸ ਦੇ ਹੁਕਮ ਨਾਲ ਕੀਤਾ ਇਸ ਬਾਬਤ ਦੁਨੀਆਂ ਨੂੰ ਦੱਸਿਆ ਜਾਵੇ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੂੰ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਭੇਜੇ ਪੱਤਰ ਵਿੱਚ (ਬਾਕੀ ਸਫ਼ਾ 26 'ਤੇ)

## ਅਮਰੀਕਾ ਨੇ ਸਖ਼ਤ ਕੀਤੇ ਪੱਤਰਕਾਰਾਂ ਅਤੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਨਿਯਮ




ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ, ਪੱਤਰਕਾਰਾਂ ਅਤੇ ਵਟਾਂਦਰਾ ਪ੍ਰੋਗਰਾਮ ਤਹਿਤ ਆਉਣ ਵਾਲੇ ਲੋਕਾਂ ਲਈ ਵੀਜ਼ਾ ਨਿਯਮ ਸਖ਼ਤ ਕਰ ਦਿੱਤੇ ਹਨ। ਇਸ ਦੇ ਨਾਲ ਹੀ ਦਹਾਕਿਆਂ ਪੁਰਾਣੀ ਉਹ ਨੀਤੀ ਖ਼ਤਮ ਹੋ ਗਈ ਹੈ ਜਿਸ ਤਹਿਤ ਉਹ ਬਿਨਾਂ ਸਰਕਾਰੀ ਨਿਗਰਾਨੀ ਦੇ ਦੇਸ਼ ਅੰਦਰ ਅਣਮਿੱਥੇ ਸਮੇਂ ਤੱਕ ਰਹਿ ਸਕਦੇ ਸਨ। ਇਸ ਕਦਮ ਨਾਲ ਵੱਡੀ ਗਿਣਤੀ ਭਾਰਤੀਆਂ 'ਤੇ ਅਸਰ ਪੈਣ ਦਾ ਖ਼ਦਸ਼ਾ ਹੈ।

ਅਮਰੀਕਾ ਦੇ ਗ੍ਰਹਿ ਮੰਤਰਾਲੇ ਨੇ ਅੱਜ ਕਿਹਾ ਕਿ ਨਵੇਂ ਨਿਯਮਾਂ ਤਹਿਤ ਐੱਫ, ਜੇ ਅਤੇ ਆਈ ਸ਼੍ਰੇਣੀ ਦੇ ਗ਼ੈਰ-ਪਰਵਾਸੀ ਵੀਜ਼ਾ ਧਾਰਕਾਂ ਲਈ ਦੇਸ਼ 'ਚ ਰਹਿਣ ਦੀ ਖ਼ਾਸ ਮਿਆਦ ਤੈਅ ਕੀਤੀ ਹੈ। 'ਐੱਫ' ਸ਼੍ਰੇਣੀ ਦਾ ਵੀਜ਼ਾ ਵਿਦਿਆਰਥੀਆਂ ਲਈ, 'ਜੇ' ਸ਼੍ਰੇਣੀ ਦਾ ਵੀਜ਼ਾ ਵਟਾਂਦਰਾ ਪ੍ਰੋਗਰਾਮ ਤਹਿਤ ਆਉਣ ਵਾਲਿਆਂ ਲਈ ਅਤੇ 'ਆਈ' ਸ਼੍ਰੇਣੀ ਦਾ ਵੀਜ਼ਾ ਪੱਤਰਕਾਰਾਂ ਲਈ ਹੁੰਦਾ ਹੈ। ਇਸ ਨਿਯਮ ਤਹਿਤ 'ਐੱਫ' ਸ਼੍ਰੇਣੀ ਦੇ ਵੀਜ਼ਾ ਧਾਰਕਾਂ ਲਈ ਗ੍ਰੈਜੂਏਸ਼ਨ ਤੋਂ ਬਾਅਦ ਦੇਸ਼ ਛੱਡਣ, ਸਕੂਲ ਬਦਲਣ ਜਾਂ ਆਪਣੀ ਵੀਜ਼ਾ ਸਥਿਤੀ ਵਿੱਚ ਤਬਦੀਲੀ ਕਰਨ ਲਈ ਮਿਲਣ ਵਾਲੇ ਸਮੇਂ ਨੂੰ 60 ਦਿਨਾਂ ਤੋਂ ਘਟਾ ਕੇ 30 ਦਿਨ ਕਰ ਦਿੱਤਾ ਗਿਆ ਹੈ। ਮੀਡੀਆ ਦੇ ਮੈਂਬਰਾਂ ਲਈ 'ਆਈ' ਵੀਜ਼ਾ ਦੀ ਮਿਆਦ ਵੱਧ ਤੋਂ ਵੱਧ 240 ਦਿਨ ਅਤੇ ਚੀਨੀ ਨਾਗਰਿਕਾਂ ਲਈ 90 ਦਿਨ ਹੋਵੇਗੀ। ਮੰਤਰਾਲੇ ਨੇ ਕਿਹਾ ਕਿ ਕੌਮਾਂਤਰੀ ਵਿਦਿਆਰਥੀਆਂ ('ਐੱਫ' ਸ਼੍ਰੇਣੀ ਦੇ ਵੀਜ਼ਾ) ਅਤੇ ਵਟਾਂਦਰਾ ਪ੍ਰੋਗਰਾਮ ਤਹਿਤ ਆਉਣ ਵਾਲੇ ਲੋਕਾਂ ('ਜੇ' ਸ਼੍ਰੇਣੀ ਦੇ ਵੀਜ਼ਾ) ਨੂੰ ਉਨ੍ਹਾਂ ਦੇ ਖ਼ਾਸ ਪ੍ਰੋਗਰਾਮ ਦੀ ਮਿਆਦ ਲਈ ਦਾਖ਼ਲਾ ਦਿੱਤਾ ਜਾਵੇਗਾ, ਪਰ ਇਹ ਮਿਆਦ ਚਾਰ ਸਾਲਾਂ ਤੋਂ ਵੱਧ ਨਹੀਂ ਹੋਵੇਗੀ।

## ਸੱਤ ਸਾਲਾ ਤੇਗਬੀਰ ਸਿੰਘ ਨੇ ਆਪਣੀਆਂ ਪਰਬਤਾਰੋਹੀ ਪ੍ਰਾਪਤੀਆਂ ਵਿੱਚ ਇੱਕ ਹੋਰ ਮੀਲ ਪੱਥਰ ਜੋੜਿਆ



ਰੂਪਨਗਰ/ਏ.ਟੀ.ਨਿਊਜ਼: ਰੂਪਨਗਰ ਜ਼ਿਲ੍ਹੇ ਦੇ ਸੱਤ ਸਾਲਾ ਤੇਗਬੀਰ ਸਿੰਘ ਨੇ 6,000 ਮੀਟਰ ਤੋਂ ਵੱਧ ਉੱਚੀ ਪਹਾੜੀ ਨੂੰ ਸਫਲਤਾਪੂਰਵਕ ਸਰ ਕਰਨ ਵਾਲਾ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਬਣ ਕੇ ਆਪਣੀਆਂ ਪਰਬਤਾਰੋਹੀ ਪ੍ਰਾਪਤੀਆਂ ਵਿੱਚ ਇੱਕ ਹੋਰ ਮੀਲ ਪੱਥਰ ਜੋੜਿਆ ਹੈ।

7 ਸਾਲ 10 ਮਹੀਨਿਆਂ ਦੀ ਉਮਰ ਵਿੱਚ, ਤੇਗਬੀਰ ਨੇ ਹਿਮਾਚਲ ਦੇ ਲਾਹੌਲ ਖੇਤਰ ਦੀ ਜ਼ਾਂਸਕਰ ਰੇਂਜ ਵਿੱਚ ਸਥਿਤ 6,111 ਮੀਟਰ ਉੱਚੇ ਮਾਊਂਟ ਯੂਨਮ ਨੂੰ ਸਫਲਤਾਪੂਰਵਕ ਸਰ ਕੀਤਾ, ਜਿਸ ਨੇ ਮੁੰਬਈ ਦੀ ਕਾਮਿਆ ਦਾ ਪਿਛਲਾ ਰਿਕਾਰਡ ਤੋੜ ਦਿੱਤਾ, ਕਾਮਿਆ ਨੇ 2017 ਵਿੱਚ 9 ਸਾਲ 11 ਮਹੀਨਿਆਂ ਦੀ ਉਮਰ ਵਿੱਚ 6,000 ਤੋਂ ਵੱਧ ਮੀਟਰ ਦੀ ਚੋਟੀ ਨੂੰ ਸਰ ਕੀਤਾ ਸੀ।

ਸ਼ਿਵਾਲਿਕ ਪਬਲਿਕ ਸਕੂਲ, ਰੂਪਨਗਰ ਦੀ ਤੀਜੀ ਜਮਾਤ ਦੇ ਵਿਦਿਆਰਥੀ, ਤੇਗਬੀਰ ਨੇ 7 ਜੁਲਾਈ ਨੂੰ ਮੁਹਿੰਮ ਸ਼ੁਰੂ ਕੀਤੀ ਅਤੇ 13 ਜੁਲਾਈ ਨੂੰ ਛੇ ਦਿਨਾਂ ਦੀ ਚੜ੍ਹਾਈ ਤੋਂ ਬਾਅਦ ਸਿਖਰ 'ਤੇ ਪਹੁੰਚਿਆ, ਜਿਸ ਵਿੱਚ ਉੱਚਾਈ, ਘੱਟ ਆਕਸੀਜਨ ਦੇ ਪੱਧਰ ਅਤੇ ਜ਼ੀਰੋ ਤੋਂ ਹੇਠਾਂ ਦੇ ਤਾਪਮਾਨ ਲਈ ਅਨੁਕੂਲਤਾ ਸ਼ਾਮਲ ਸੀ।

ਤੇਗਬੀਰ ਦੇ ਪਿਤਾ ਸੁਖਿੰਦਰਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਚੁਣੌਤੀਪੂਰਨ ਇਲਾਕਿਆਂ ਵਿੱਚੋਂ ਲਗਪਗ ਨੌਂ ਘੰਟੇ ਪੈਦਲ ਚੱਲਣ ਤੋਂ ਬਾਅਦ 13 ਜੁਲਾਈ ਨੂੰ ਦੁਪਹਿਰ 2.50 ਵਜੇ ਸਿਖਰ 'ਤੇ ਪਹੁੰਚਿਆ। ਉਸਦੀ ਚੜ੍ਹਾਈ ਨੂੰ ਪਰਵਤਮ ਐਕਸਪੀਡੀਸ਼ਨ ਐਂਡ ਟ੍ਰੈਵਲ ਵੱਲੋਂ ਪ੍ਰਮਾਣਿਤ ਕੀਤਾ ਗਿਆ ਹੈ, ਜਿਸ ਨੇ ਚੜ੍ਹਾਈ ਦਾ ਸਰਟੀਫਿਕੇਟ ਜਾਰੀ ਕੀਤਾ ਹੈ ਜਿਸ ਵਿੱਚ ਮਿਤੀ, ਸਮਾਂ ਅਤੇ ਚੜ੍ਹਾਈ ਦੇ ਸਮੇਂ ਉਸਦੀ ਸਹੀ ਉਮਰ ਦਰਜ ਹੈ। ਤੇਗਬੀਰ ਨੇ ਕਿਹਾ ਕਿ ਉਸ ਨੇ ਚੜ੍ਹਾਈ ਲਈ ਸਖ਼ਤ ਤਿਆਰੀ ਕੀਤੀ ਸੀ ਅਤੇ ਉਹ ਘੱਟ ਆਕਸੀਜਨ ਦੀਆਂ ਸਥਿਤੀਆਂ ਦੇ ਬਾਵਜੂਦ ਆਪਣੇ ਪਿਤਾ ਨਾਲ ਸਿਖਰ 'ਤੇ ਪਹੁੰਚ ਕੇ ਬਹੁਤ ਖੁਸ਼ ਸੀ। ਉਤਸ਼ਾਹਿਤ ਤੇਗਬੀਰ ਨੇ ਕਿਹਾ, 'ਮੈਨੂੰ ਪਤਾ ਸੀ ਕਿ ਇਹ ਮੁਸ਼ਕਿਲ ਹੋਣ ਵਾਲਾ ਹੈ, ਪਰ ਮੈਂ ਸਿਖਰ 'ਤੇ ਪਹੁੰਚ ਗਿਆ।' ਉਸਦੇ ਪਿਤਾ, ਜੋ ਰੂਪਨਗਰ ਵਿੱਚ ਹਸਪਤਾਲ ਪ੍ਰਸ਼ਾਸਕ ਵਜੋਂ ਕੰਮ ਕਰਦੇ ਹਨ, ਨੇ ਕਿਹਾ ਕਿ ਤੇਗਬੀਰ ਲਗਪਗ ਛੇ ਮਹੀਨਿਆਂ ਤੋਂ ਮੁਹਿੰਮ ਲਈ ਤਿਆਰੀ ਕਰ ਰਿਹਾ ਸੀ। ਇਸ ਸਾਲ ਦੇ ਸ਼ੁਰੂ ਵਿੱਚ ਨੇਪਾਲ ਵਿੱਚ 235 ਕਿਲੋਮੀਟਰ ਅੰਨਪੂਰਨਾ ਸਰਕਟ ਟ੍ਰੈਕ ਨੂੰ ਸਫਲਤਾਪੂਰਵਕ ਪੂਰਾ ਕਰਨਾ ਉਸਦੀ ਉੱਚ-ਉਚਾਈ ਵਾਲੀ ਚੜ੍ਹਾਈ ਲਈ ਤਿਆਰੀ ਵਜੋਂ ਕੰਮ ਆਇਆ।

ਉਨ੍ਹਾਂ ਦੱਸਿਆ ਕਿ ਨੌਜਵਾਨ ਪਰਬਤਾਰੋਹੀ ਨੇ ਸੇਵਾਮੁਕਤ ਕੋਚ ਬਿਕਰਮਜੀਤ ਸਿੰਘ ਘੁੰਮਣ ਦੀ ਨਿਗਰਾਨੀ ਹੇਠ ਵਿਸ਼ੇਸ਼ ਸਿਖਲਾਈ ਲਈ, ਜਿਸ ਵਿੱਚ ਕਾਰਡੀਓਵੈਸਕੁਲਰ ਫਿਟਨੈਸ, ਫੇਫੜਿਆਂ ਦੀ ਸਮਰੱਥਾ, ਸਹਿਣਸ਼ੀਲਤਾ ਅਤੇ ਅਨੁਕੂਲਤਾ 'ਤੇ ਧਿਆਨ ਦਿੱਤਾ ਗਿਆ। ਮੁਹਿੰਮ ਵਿੱਚ ਬੇਸ ਕੈਂਪ ਵਿੱਚ ਤਿੰਨ ਦਿਨਾਂ ਦੀ ਅਨੁਕੂਲਤਾ ਸ਼ਾਮਲ ਸੀ, ਜਿਸ ਤੋਂ ਬਾਅਦ ਸਿਖਰ ਕੈਂਪ ਤੱਕ ਇੱਕ ਸਖ਼ਤ ਟ੍ਰੈਕ ਅਤੇ ਅੰਤਿਮ ਚੜ੍ਹਾਈ ਤੋਂ ਪਹਿਲਾਂ ਤੇਜ਼ ਹਵਾਵਾਂ ਅਤੇ ਠੰਡੇ ਤਾਪਮਾਨ ਵਿੱਚ ਪਹਾੜੀ ਟੈਂਟਾਂ ਵਿੱਚ ਦੋ ਰਾਤਾਂ ਬਿਤਾਈਆਂ।

ਤੇਗਬੀਰ ਦੀ ਮਾਂ, ਡਾ. ਮਨਪ੍ਰੀਤ ਕੌਰ, ਜੋ ਕਿ ਗਾਇਨੀਕੋਲੋਜਿਸਟ ਹਨ, ਨੇ ਕਿਹਾ ਕਿ ਸਿਖਲਾਈ ਅਤੇ ਮੁਹਿੰਮ ਦੌਰਾਨ ਅਨੁਸ਼ਾਸਿਤ ਖ਼ੁਰਾਕ ਨੂੰ ਬਣਾਈ ਰੱਖਣਾ ਉਸਦੀ ਸਫਲਤਾ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ।

ਤੇਗਬੀਰ ਪਹਿਲਾਂ ਹੀ ਇੱਕ ਪ੍ਰਭਾਵਸ਼ਾਲੀ ਪਰਬਤਾਰੋਹੀ ਰਿਕਾਰਡ ਬਣਾ ਚੁੱਕਾ ਹੈ।

(ਬਾਕੀ ਸਫ਼ਾ 26 'ਤੇ)

## ਇਰਾਨ-ਅਮਰੀਕਾ ਜੰਗ ਦੀ ਦੂਜੀ ਲਹਿਰ

# ਮੱਧ-ਪੂਰਬ ਵਿੱਚ ਵਧਿਆ ਮਹਾਂ-ਯੁੱਧ ਦਾ ਖ਼ਤਰਾ

## ਫੋਰਐਵਰ ਵਾਰ ਦਾ ਨਵਾਂ ਦੌਰ, ਅਮਰੀਕਾ-ਇਰਾਨ ਟਕਰਾਅ ਨੇ ਦੁਨੀਆ ਭਰ ਵਿੱਚ ਮਚਾਈ ਹਲਚਲ

### ਤੇਲ ਦੀਆਂ ਕੀਮਤਾਂ ਵਿੱਚ ਉਛਾਲ, ਗਲੋਬਲ ਖੁਰਾਕ ਸੰਕਟ ਦਾ ਖ਼ਤਰਾ

### ਕੀ ਰੁਕੇਗੀ ਜੰਗ ਜਾਂ ਪੈਦਾ ਹੋਵੇਗਾ 'ਕਦੇ ਨਾ ਖ਼ਤਮ ਹੋਣ ਵਾਲਾ ਸੰਕਟ'?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਇੱਕ ਵਿਆਪਕ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ। 17 ਜੂਨ 2026 ਨੂੰ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਤੋਂ ਬਾਅਦ ਜਿਸ ਸ਼ਾਂਤੀ ਦੀ ਉਮੀਦ ਜਤਾਈ ਜਾ ਰਹੀ ਸੀ, ਉਹ ਸਥਿਰ ਨਹੀਂ ਰਹਿ ਸਕੀ। ਅਮਰੀਕਾ ਵੱਲੋਂ ਇਰਾਨ 'ਤੇ ਲਗਾਤਾਰ 10 ਰਾਤਾਂ ਤੋਂ ਹਵਾਈ ਹਮਲੇ ਕੀਤੇ ਜਾ ਰਹੇ ਹਨ, ਜਦੋਂ ਕਿ ਇਰਾਨ ਨੇ ਵੀ ਖਾੜੀ ਦੇਸ਼ਾਂ ਵਿੱਚ ਸਥਿਤ ਅਮਰੀਕੀ ਫ਼ੌਜੀ ਅੱਡਿਆਂ ਅਤੇ ਤੇਲ ਦੇ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਕੇ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਹ ਜੰਗ ਦੁਬਾਰਾ ਕਿਉਂ ਸ਼ੁਰੂ ਹੋਈ?

ਜੂਨ ਮਹੀਨੇ ਵਿੱਚ ਹੋਇਆ ਸਮਝੌਤਾ ਬਹੁਤ ਹੀ ਕਮਜ਼ੋਰ ਨੀਂਹ 'ਤੇ ਟਿਕਿਆ ਹੋਇਆ ਸੀ। ਸਮਝੌਤੇ ਦੀ ਧਾਰਾ 5 ਅਨੁਸਾਰ ਇਰਾਨ ਨੇ ਸਮੁੰਦਰੀ ਜਹਾਜ਼ਾਂ ਦੀ ਸੁਰੱਖਿਅਤ ਲੰਘਾਉਣ ਵਿੱਚ ਮਦਦ ਕਰਨੀ ਸੀ। ਪਰ ਜਦੋਂ ਓਮਾਨ ਅਤੇ ਅਮਰੀਕਾ ਨੇ ਓਮਾਨ ਦੇ ਤੱਟ ਦੇ ਨੇੜੇ ਇੱਕ ਨਵਾਂ ਅਸਥਾਈ ਸਮੁੰਦਰੀ ਰਸਤਾ ਬਣਾਇਆ, ਤਾਂ ਈਰਾਨ ਨੇ ਇਸ ਨੂੰ ਆਪਣੀ ਸੰਪ੍ਰਭੂਤਾ ਵਿੱਚ ਦਖਲ ਮੰਨਿਆ ਅਤੇ ਉੱਥੋਂ ਲੰਘਣ ਵਾਲੇ ਜਹਾਜ਼ਾਂ 'ਤੇ ਰੋਕ ਲਗਾਉਣੀ ਸ਼ੁਰੂ ਕਰ ਦਿੱਤੀ।

ਇਰਾਨ ਦਾ ਮੰਨਣਾ ਸੀ ਕਿ ਸਮਝੌਤੇ ਅਧੀਨ ਉਸ ਦੀਆਂ ਤੇਲ ਬਰਾਮਦਾਂ 'ਤੇ ਰੋਕਾਂ ਹਟਾਈਆਂ ਜਾਣਗੀਆਂ, ਪਰ ਅਮਰੀਕਾ ਨੇ ਪਾਬੰਦੀਆਂ ਨੂੰ ਹੋਰ ਵਧਾ ਦਿੱਤਾ ਹੈ।

ਸਮਝੌਤੇ ਦੇ ਬਾਵਜੂਦ ਇਜ਼ਰਾਇਲ ਵੱਲੋਂ ਲਿਬਨਾਨ ਵਿੱਚ ਫ਼ੌਜੀ ਕਾਰਵਾਈਆਂ ਜਾਰੀ ਰਹੀਆਂ, ਜਿਸ ਕਾਰਨ ਇਰਾਨ ਅਤੇ ਉਸ ਦੇ ਸਹਿਯੋਗੀਆਂ (ਜਿਵੇਂ ਹੂਤੀ ਵਿਦਰੋਹੀਆਂ) ਨੇ ਰੈੱਡ ਸੀ (ਲਾਲ ਸਾਗਰ) ਅਤੇ ਖਾੜੀ ਖੇਤਰ ਵਿੱਚ ਦੁਬਾਰਾ ਹਮਲੇ ਸ਼ੁਰੂ ਕਰ ਦਿੱਤੇ।

**ਤਾਜ਼ੀਆਂ ਖ਼ਬਰਾਂ ਅਨੁਸਾਰ ਕਿੰਨਾ ਨੁਕਸਾਨ ਹੋਇਆ?**

ਜੰਗ ਦੇ ਇਸ ਤਾਜ਼ਾ ਦੌਰ ਵਿੱਚ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਜੌਰਡਨ ਅਤੇ ਇਰਾਕ ਵਿੱਚ ਇਰਾਨੀ ਡਰੋਨ ਅਤੇ ਮਿਜ਼ਾਈਲ ਹਮਲਿਆਂ ਵਿੱਚ ਘੱਟੋ-ਘੱਟ 17 ਅਮਰੀਕੀ ਫੌਜੀ ਮਾਰੇ ਜਾ ਚੁੱਕੇ ਹਨ (ਜਿਨ੍ਹਾਂ ਵਿੱਚ ਟੈਕਸਾਸ ਦੀ 19 ਸਾਲਾ ਇਸਾਬੇਲਾ ਗੋਂਜ਼ਾਲੇਸ ਅਤੇ ਹਵਾਈ ਦੇ 25 ਸਾਲਾ ਟਾਇਲਰ ਫੀਹਾਨ ਸ਼ਾਮਲ ਹਨ)। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ 'ਹਰ ਅਮਰੀਕੀ ਫੌਜੀ ਦੀ ਮੌਤ ਦੀ ਇਰਾਨ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ'।

ਅਮਰੀਕੀ ਹਵਾਈ ਹਮਲਿਆਂ ਨੇ ਇਰਾਨ ਦੇ ਸੈਨਿਕ ਅੱਡਿਆਂ ਤੋਂ ਇਲਾਵਾ ਪੁਲਾਂ, ਪਾਵਰ ਗਰਿੱਡਾਂ ਅਤੇ ਸੰਚਾਰ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ ਹੈ। ਦੂਜੇ ਪਾਸੇ ਇਰਾਨ ਨੇ ਕੁਵੈਤ, ਬਹਿਰੀਨ ਅਤੇ ਜੌਰਡਨ ਵਿੱਚ ਅਮਰੀਕੀ ਮਿਜ਼ਾਈਲ ਡਿਫੈਂਸ ਪ੍ਰਣਾਲੀਆਂ ਅਤੇ ਪਾਣੀ ਸਾਫ਼ ਕਰਨ ਵਾਲੇ ਪਲਾਂਟਾਂ ਤੇ ਹਮਲੇ ਕੀਤੇ ਹਨ।

ਹੋਰਮੁਜ਼ ਦੇ ਲਾਂਘੇ ਵਿੱਚ ਕਈ ਤੇਲ ਦੇ ਟੈਂਕਰਾਂ ਨੂੰ ਮਿਜ਼ਾਈਲਾਂ ਨਾਲ ਉਡਾਇਆ ਗਿਆ ਹੈ, ਜਿਸ ਕਾਰਨ ਕਈ ਜਹਾਜ਼ਾਂ ਨੂੰ ਅੱਗ ਲੱਗ ਗਈ ਅਤੇ ਸਮੁੰਦਰੀ ਆਵਾਜਾਈ ਠੱਪ ਹੋ ਕੇ ਰਹਿ ਗਈ ਹੈ।

**ਵਿਸ਼ਵ ਵਿੱਚ ਕੀ ਵੱਡੀਆਂ ਤਬਦੀਲੀਆਂ ਆਈਆਂ?**

ਹੋਰਮੁਜ਼ ਦੇ ਲਾਂਘੇ ਤੋਂ ਦੁਨੀਆ ਦਾ 20% ਤੇਲ ਲੰਘਦਾ ਹੈ। ਇਸ ਰਸਤੇਦੇ ਬੰਦ ਹੋਣ ਕਾਰਣ ਬ੍ਰੈਂਟ ਕਰੂਡ ਤੇਲ ਦੀ ਕੀਮਤ 86 ਡਾਲਰ ਪ੍ਰਤੀ ਬੈਰਲ ਤੋਂ ਪਾਰ ਹੋ ਗਈ ਹੈ ਅਤੇ ਅਮਰੀਕਾ ਵਿੱਚ ਪੈਟਰੋਲ ਦੀ ਕੀਮਤ 4 ਡਾਲਰ ਪ੍ਰਤੀ ਗੈਲਨ ਤੱਕ ਪਹੁੰਚ ਗਈ ਹੈ।

ਹੋਰਮੁਜ਼ ਦੇ ਲਾਂਘੇ ਦੇ ਬੰਦ ਹੋਣ ਕਾਰਨ ਰਸਾਇਣਕ ਖਾਦਾਂ ਦੀ ਸਪਲਾਈ ਰੁਕ ਗਈ ਹੈ, ਜਿਸ ਨਾਲ ਸੰਸਾਰ ਭਰ ਵਿੱਚ ਖੇਤੀਬਾੜੀ ਦੀ ਲਾਗਤ ਵਧ ਗਈ ਹੈ। ਸੰਯੁਕਤ ਰਾਸ਼ਟਰ ਅਨੁਸਾਰ ਸੋਮਾਲੀਆ ਅਤੇ ਅਫ਼ਗਾਨਿਸਤਾਨ ਵਰਗੇ ਗਰੀਬ ਦੇਸ਼ਾਂ ਵਿੱਚ ਲੱਖਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ।

ਸਮੁੰਦਰੀ ਜਹਾਜ਼ਾਂ ਲਈ 'ਵਾਰ-ਰਿਸਕ' ਬੀਮਾ ਇੰਨਾ ਮਹਿੰਗਾ ਹੋ ਗਿਆ ਹੈ ਕਿ ਕੰਪਨੀਆਂ ਨੇ ਖਾੜੀ ਦੇਸ਼ਾਂ ਵਿੱਚ ਜਹਾਜ਼ ਭੇਜਣੇ ਘਟਾ ਦਿੱਤੇ ਹਨ, ਜਿਸ ਨਾਲ ਗਲੋਬਲ ਸਪਲਾਈ ਚੇਨ ਪ੍ਰਭਾਵਿਤ ਹੋਈ ਹੈ।

**ਕੀ ਇਹ ਜੰਗ ਰੁਕੇਗੀ? ਮਾਹਿਰਾਂ ਦੀ ਰਾਏ**

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਜੰਗ ਜਲਦੀ ਖ਼ਤਮ ਹੋਣ ਵਾਲੀ ਨਹੀਂ ਹੈ, ਸਗੋਂ ਇਹ ਇੱਕ 'ਕਦੇ ਨਾ ਖ਼ਤਮ ਹੋਣ ਵਾਲੀ ਜੰਗ' ਵਿੱਚ ਬਦਲ ਰਹੀ ਹੈ। ਵਿਦੇਸ਼ੀ ਮਾਹਿਰਾਂ ਅਨੁਸਾਰ ਇਹ ਪਰੰਪਰਾਗਤ ਜੰਗ (ਜਿਵੇਂ ਇਰਾਕ ਜਾਂ ਅਫ਼ਗਾਨਿਸਤਾਨ 'ਤੇ ਕਬਜ਼ਾ) ਵਰਗੀ ਨਹੀਂ ਹੈ। ਇਹ ਹਵਾਈ ਹਮਲਿਆਂ, ਸਾਈਬਰ ਹਮਲਿਆਂ, ਪਾਬੰਦੀਆਂ ਅਤੇ ਸਮੁੰਦਰੀ ਘੇਰਾਬੰਦੀ ਰਾਹੀਂ ਲੜੀ ਜਾ ਰਹੀ ਹੈ।

ਭਾਵੇਂ ਓਮਾਨ ਅਤੇ ਪਾਕਿਸਤਾਨ ਰਾਹੀਂ ਪਰਦੇ ਦੇ ਪਿੱਛੇ ਗੱਲਬਾਤ ਚੱਲ ਰਹੀ ਹੈ, ਪਰ ਦੋਵਾਂ ਪੱਖਾਂ ਦੇ ਮਨੋਰਥ ਇੱਕ-ਦੂਜੇ ਦੇ ਉਲਟ ਹਨ। ਅਮਰੀਕਾ ਇਰਾਨ ਦੇ ਪਰਮਾਣੂ ਪ੍ਰੋਗਰਾਮ ਅਤੇ ਹੋਰਮੁਜ਼ 'ਤੇ ਉਸ ਦਾ ਕੰਟਰੋਲ ਖ਼ਤਮ ਕਰਨਾ ਚਾਹੁੰਦਾ ਹੈ, ਜਦੋਂ ਕਿ ਇਰਾਨ ਇਸ ਕੰਟਰੋਲ ਨੂੰ ਆਪਣੀ ਸੁਰੱਖਿਆ ਲਈ ਸਭ ਤੋਂ ਵੱਡਾ ਹਥਿਆਰ ਮੰਨਦਾ ਹੈ।

ਮਾਹਿਰਾਂ ਅਨੁਸਾਰ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਜੇਕਰ ਕੋਈ ਇੱਕ ਮਿਜ਼ਾਈਲ ਗਲਤੀ ਨਾਲ ਵੱਡੀ ਗਿਣਤੀ ਵਿੱਚ ਆਮ ਨਾਗਰਿਕਾਂ ਜਾਂ ਕਿਸੇ ਵੱਡੇ ਅਮਰੀਕੀ ਅੱਡੇ 'ਤੇ ਡਿੱਗਦੀ ਹੈ, ਤਾਂ ਇਹ ਸੀਮਤ ਜੰਗ ਇੱਕ ਪੂਰਨ ਖੇਤਰੀ ਮਹਾਂ-ਯੁੱਧ ਵਿੱਚ ਬਦਲ ਸਕਦੀ ਹੈ।




### ਕਿਸ ਨੂੰ ਫਾਇਦਾ ਹੋਵੇਗਾ ਅਤੇ ਕਿਸ ਨੂੰ ਨੁਕਸਾਨ?

ਨੁਕਸਾਨ: ਜੰਗ ਵਿੱਚ ਸ਼ਾਮਲ ਦੋਵੇਂ ਦੇਸ਼ (ਅਮਰੀਕਾ ਅਤੇ ਈਰਾਨ) ਅਤੇ ਖਾੜੀ ਦੇਸ਼ (ਸਾਊਦੀ ਅਰਬ, ਯੂ.ਏ.ਈ., ਕੁਵੈਤ, ਕਤਰ) ਸਭ ਤੋਂ ਵੱਡੇ ਘਾਟੇ ਵਿੱਚ ਹਨ। ਇਰਾਨ ਦੀ ਅਰਥਵਿਵਸਥਾ ਤਬਾਹ ਹੋ ਰਹੀ ਹੈ, ਉਸ ਦੇ ਸੁਪਰੀਮ ਲੀਡਰ ਅਲੀ ਖਾਮੇਨੇਈ ਦੀ ਮੌਤ ਤੋਂ ਬਾਅਦ ਦੇਸ਼ ਵਿੱਚ ਅਸਥਿਰਤਾ ਹੈ, ਅਤੇ ਖਾੜੀ ਦੇਸ਼ਾਂ ਦੀ ਸੁਰੱਖਿਆ ਤੇ ਸੈਰ-ਸਪਾਟਾ ਖ਼ਤਰੇ ਵਿੱਚ ਪੈ ਗਿਆ ਹੈ।

**ਕਿਸ ਨੂੰ ਫਾਇਦਾ ਮਿਲ ਸਕਦਾ ਹੈ?**

ਖਾੜੀ ਵਿੱਚ ਵਪਾਰਕ ਰਸਤੇ ਬੰਦ ਹੋਣ ਨਾਲ ਤੁਰਕੀ ਇੱਕ ਮਹੱਤਵਪੂਰਨ ਵਿਕਲਪਿਕ ਵਪਾਰਕ ਅਤੇ ਫੌਜੀ ਕੇਂਦਰ ਵਜੋਂ ਉੱਭਰ ਰਿਹਾ ਹੈ। ਖਾੜੀ ਦੇਸ਼ ਅਮਰੀਕਾ 'ਤੇ ਆਪਣੀ ਪੂਰੀ ਨਿਰਭਰਤਾ ਘਟਾਉਣ ਲਈ ਪਾਕਿਸਤਾਨ ਨਾਲ ਫੌਜੀ ਅਤੇ ਸੁਰੱਖਿਆ ਸਮਝੌਤਿਆਂ ਲਈ ਗੱਲਬਾਤ ਕਰ ਰਹੇ ਹਨ। ਮੱਧ-ਪੂਰਬ ਵਿੱਚ ਅਮਰੀਕਾ ਦੇ ਉਲਝਣ ਨਾਲ ਚੀਨ ਨੂੰ ਆਪਣਾ ਕੂਟਨੀਤਕ ਅਤੇ ਆਰਥਿਕ ਪ੍ਰਭਾਵ ਵਧਾਉਣ ਦਾ ਮੌਕਾ ਮਿਲ ਰਿਹਾ ਹੈ।

## ਅਮਰੀਕਾ ਦੀ ਅਸਫ਼ਲਤਾ ਅਤੇ ਕੂਟਨੀਤੀ ਦੀ ਲੋੜ

ਮੱਧ ਪੂਰਬ ਵਿੱਚ ਅਮਰੀਕਾ, ਇਰਾਨ ਅਤੇ ਯਮਨ ਦੇ ਹੂਥੀ ਬਾਗੀਆਂ ਵਿਚਾਲੇ ਵਧਦਾ ਜਾ ਰਿਹਾ ਹਿੰਸਕ ਸੰਘਰਸ਼ ਇੱਕ ਵਾਰ ਫਿਰ ਵਿਸ਼ਵ ਸ਼ਾਂਤੀ ਲਈ ਵੱਡੀ ਚੁਣੌਤੀ ਬਣ ਕੇ ਉਭਰਿਆ ਹੈ। ਹੋਰਮੁਜ਼ ਦੀ ਖਾੜੀ ਵਿੱਚ ਤਣਾਅ, ਸਮੁੰਦਰੀ ਰਸਤਿਆਂ ਦੀ ਨਾਕਾਬੰਦੀ ਅਤੇ ਡਰੋਨ/ਮਿਸਾਈਲ ਹਮਲਿਆਂ ਨੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਅਸਥਿਰ ਕਰ ਦਿੱਤਾ ਹੈ। ਇਸ ਗੰਭੀਰ ਮੁੱਦੇ 'ਤੇ ਅੰਤਰਰਾਸ਼ਟਰੀ ਵਿਸ਼ਲੇਸ਼ਕ ਸਰਗੇਈ ਪੋਲੇਤਾਏਵ ਨੇ ਆਰਟੀ ਇੰਟਰਨੈਸ਼ਨਲ ਜ਼ੋ ਰੂਸ ਦੀ ਸਰਕਾਰੀ ਅਖ਼ਬਾਰ ਹੈ ਵਿਚ ਮੱਧ ਪੂਰਬ ਦੀ ਮੌਜੂਦਾ ਜੰਗ ਦੇ ਮੁੱਖ ਪਹਿਲੂਆਂ ਉਪਰ ਚਰਚਾ ਕਰਦਿਆਂ ਲਿਖਿਆ ਹੈ ਕਿ ਅਮਰੀਕਾ ਅਤੇ ਈਰਾਨ ਦੋਵੇਂ ਹੀ ਇੱਕ-ਦੂਜੇ ਨੂੰ ਰਣਨੀਤਕ ਤੌਰ 'ਤੇ ਪੂਰੀ ਤਰ੍ਹਾਂ ਹਰਾਉਣ ਵਿੱਚ ਅਸਮਰੱਥ ਹਨ। ਦੋਵਾਂ ਵਿਚਾਲੇ ਹੋਏ ਪਿਛਲੇ ਸਮਝੌਤੇ ਸਿਰਫ਼ ਅਸਥਾਈ ਰਾਹਤ ਸਨ, ਕੋਈ ਸਥਾਈ ਹੱਲ ਨਹੀਂ ਸੀ।

ਲੇਖਕ ਅਨੁਸਾਰ ਜੰਗ ਤੋਂ ਪਹਿਲਾਂ ਦੇ ਅੰਦਾਜ਼ੇ ਅਸਲ ਜੰਗ ਦੀ ਚੁਣੌਤੀ ਨੂੰ ਨਹੀਂ ਮਾਪ ਸਕਦੇ। ਇਸ ਜੰਗ ਨੇ 'ਇਰਾਨੀ ਨੇਤਾਵਾਂ ਦੇ ਕਤਲਾਂ' ਅਤੇ 'ਹੋਰਮੁਜ਼ ਦੀ ਖਾੜੀ ਨੂੰ ਬੰਦ ਕਰਨ' ਵਰਗੀਆਂ ਖਤਰਨਾਕ ਘਟਨਾਵਾਂ ਨੂੰ ਸਧਾਰਨ ਗੱਲ) ਬਣਾ ਦਿੱਤਾ ਹੈ।

ਲੇਖਕ ਅਨੁਸਾਰ ਜਿਵੇਂ ਪਹਿਲੀ ਵਿਸ਼ਵ ਜੰਗ ਵੇਲੇ ਉਦਯੋਗਿਕ ਕ੍ਰਾਂਤੀ ਨੇ ਹਥਿਆਰ ਬਦਲੇ ਸਨ, ਉਵੇਂ ਹੀ ਅੱਜ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਸਸਤੇ 'ਸ਼ਾਹੀਦ ਡਰੋਨਾਂ' ਨੇ ਜੰਗ ਦੇ ਨਿਯਮ ਬਦਲ ਦਿੱਤੇ ਹਨ। ਇਸੇ ਕਰਕੇ ਅਮਰੀਕਾ ਆਪਣੇ ਹਵਾਈ ਹਮਲਿਆਂ ਨਾਲ ਵੀ ਇਰਾਨ ਵਿੱਚ 'ਸੱਤਾ ਬਦਲ' ਕਰਨ ਵਿੱਚ ਨਾਕਾਮ ਰਿਹਾ ਹੈ। ਸਪਸ਼ਟ ਹੈ ਕਿ ਫ਼ੌਜੀ ਸ਼ਕਤੀ ਦਾ ਹੰਕਾਰ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦਾ; ਸਥਾਈ ਸ਼ਾਂਤੀ ਸਿਰਫ਼ ਬਰਾਬਰੀ ਵਾਲੀ ਕੂਟਨੀਤੀ ਨਾਲ ਹੀ ਸੰਭਵ ਹੈ।

ਸੱਚਾਈ ਇਹੀ ਹੈ ਕਿ ਬੰਬਾਰੀ ਅਤੇ ਸਮੁੰਦਰੀ ਨਾਕਾਬੰਦੀ ਨਾਲ ਨਾ ਤਾਂ ਅਮਰੀਕਾ ਆਪਣਾ ਦਬਦਬਾ ਕਾਇਮ ਕਰ ਸਕਦਾ ਹੈ ਅਤੇ ਨਾ ਹੀ ਇਰਾਨ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕਦਾ ਹੈ।

ਲੇਖਕ ਸਰਗੇਈ ਪੋਲੇਤਾਏਵ ਦਾ ਇਹ ਦਾਅਵਾ ਬਿਲਕੁਲ ਸਹੀ ਹੈ ਕਿ ਜਦੋਂ ਤੱਕ ਵਿਸ਼ਵ ਦੀਆਂ ਮੁੱਖ ਸ਼ਕਤੀਆਂ ਅਤੇ ਸੰਯੁਕਤ ਰਾਸ਼ਟਰ ਗੰਭੀਰਤਾ ਨਾਲ ਦਖਲ ਨਹੀਂ ਦਿੰਦੇ, ਉਦੋਂ ਤੱਕ ਇਹ 'ਜੰਗ ਅਤੇ ਜੰਗਬੰਦੀ' ਦਾ ਅਸੰਤੁਲਿਤ ਚੱਕਰ ਚੱਲਦਾ ਰਹੇਗਾ। ਅਮਰੀਕਾ ਅਤੇ ਈਰਾਨ ਦੋਵਾਂ ਨੂੰ ਆਪਣੀ ਜ਼ਿੱਦ ਛੱਡ ਕੇ ਪਰਮਾਣੂ ਪ੍ਰੋਗਰਾਮ ਅਤੇ ਖੇਤਰੀ ਸੁਰੱਖਿਆ ਵਰਗੇ ਮੁੱਖ ਮੁੱਦਿਆਂ 'ਤੇ ਸਥਾਈ ਸਮਝੌਤੇ ਵੱਲ ਵਧਣਾ ਚਾਹੀਦਾ ਹੈ, ਤਾਂ ਜੋ ਵਿਸ਼ਵ ਅਰਥਵਿਵਸਥਾ ਅਤੇ ਮਾਨਵਤਾ ਨੂੰ ਵੱਡੇ ਤਬਾਹੀ ਤੋਂ ਬਚਾਇਆ ਜਾ ਸਕੇ।

## ਜੇ ਅਮਰੀਕੀ ਹਮਲੇ ਨਾ ਰੁਕੇ ਤਾਂ ਨਾ ਭੁੱਲਣ ਵਾਲਾ ਸਬਕ ਸਿਖਾਵਾਂਗੇ: ਖਾਮੇਨੇਈ

ਤਹਿਰਾਨ: ਇਰਾਨ ਦੇ ਸਰਵਉੱਚ ਆਗੂ ਮੁਜਤਬਾ ਖਾਮੇਨੇਈ ਨੇ ਅਮਰੀਕਾ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਅਮਰੀਕਾ ਨੇ ਆਪਣੇ ਹਮਲੇ ਜਾਰੀ ਰੱਖੇ ਤਾਂ ਉਸ ਨੂੰ ਅਜਿਹੇ ਸਬਕ ਸਿਖਾਏ ਜਾਣਗੇ ਜੋ ਉਹ ਕਦੇ ਨਹੀਂ ਭੁੱਲ ਸਕੇਗਾ।

ਜੰਗ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਜਨਤਕ ਤੌਰ 'ਤੇ ਸਾਹਮਣੇ ਨਾ ਆਏ ਖਾਮੇਨੇਈ ਦੇ ਇਸ ਬਿਆਨ ਨੂੰ ਇਰਾਨ ਦੇ ਸਰਕਾਰੀ ਟੈਲੀਵਿਜ਼ਨ 'ਤੇ ਪੜ੍ਹ ਕੇ ਸੁਣਾਇਆ ਗਿਆ।

ਇਹ ਤਿੱਖੀ ਪ੍ਰਤੀਕਿਰਿਆ ਉਦੋਂ ਸਾਹਮਣੇ ਆਈ ਹੈ ਜਦੋਂ ਸ਼ਨਿਚਰਵਾਰ ਨੂੰ ਹੀ ਇਸ ਤੋਂ ਪਹਿਲਾਂ ਇਰਾਨ ਦੇ ਇੱਕ ਵਾਰਤਾਕਾਰ ਨੇ ਐਲਾਨ ਕੀਤਾ ਸੀ ਕਿ ਤਹਿਰਾਨ ਲਗਪਗ ਇੱਕ ਮਹੀਨਾ ਪਹਿਲਾਂ ਦੋਵਾਂ ਦੇਸ਼ਾਂ ਵਿਚਾਲੇ ਹੋਏ ਅੰਤਰਿਮ ਸਮਝੌਤੇ ਤਹਿਤ ਆਪਣੀਆਂ ਵਚਨਬੱਧਤਾਵਾਂ ਨੂੰ ਹਾਲ ਦੀ ਘੜੀ ਮੁਲਤਵੀ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਸਮਝੌਤੇ ਦਾ ਮੁੱਖ ਮਕਸਦ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਜੰਗ ਨੂੰ ਹਮੇਸ਼ਾ ਲਈ ਖ਼ਤਮ ਕਰਨਾ ਸੀ।

ਇਰਾਨ ਵੱਲੋਂ ਸਮਝੌਤੇ ਦੀਆਂ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰਨ ਅਤੇ ਅਮਰੀਕੀ ਰਾਸ਼ਟਰਪਤੀ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ ਹੋਰ ਵਧਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਖਾਮੇਨੇਈ ਦੇ ਇਸ ਬਿਆਨ ਤੋਂ ਸਾਫ਼ ਝਲਕਦਾ ਹੈ ਕਿ ਇਰਾਨ ਹੁਣ ਅਮਰੀਕੀ ਕਾਰਵਾਈਆਂ ਦੇ ਸਾਹਮਣੇ ਪਿੱਛੇ ਹਟਣ ਦੇ ਰੌਂਅ ਵਿੱਚ ਨਹੀਂ ਹੈ। ਇੱਕ ਮਹੀਨਾ ਪਹਿਲਾਂ ਜਿਸ ਸਮਝੌਤੇ ਨਾਲ ਦੁਨੀਆ ਭਰ ਵਿੱਚ ਸ਼ਾਂਤੀ ਦੀ ਉਮੀਦ ਜਾਗੀ ਸੀ, ਉਹ ਹੁਣ ਪੂਰੀ ਤਰ੍ਹਾਂ ਖ਼ਤਰੇ ਵਿੱਚ ਪੈ ਗਿਆ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਕਾਰਨ ਸ਼ੁਰੂ ਹੋ ਸਕਦੈ ਨਵਾਂ ਕਿਸਾਨ ਅੰਦੋਲਨ

## ਦੂਜੇ ਸੂਬਿਆਂ ਨਾਲੋਂ ਵਧੇਰੇ ਸਰਗਰਮ ਹਨ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ

ਚੰਡੀਗੜ੍ਹ/ਏ.ਟੀ.ਨਿਊਜ਼: : ਭਾਰਤ ਅਮਰੀਕਾ ਵਪਾਰ ਸਮਝੌਤੇ ਕਾਰਨ ਮੁੜ ਨਵੇਂ ਕਿਸਾਨ ਅੰਦੋਲਨ ਦਾ ਧੂੰਆਂ ਉੱਠਣ ਲੱਗਿਆ ਹੈ। ਬੀਤੇ ਦਿਨੀਂ ਦਿੱਲੀ ਵੱਲ ਕੂਚ ਕਰਦੇ ਕਿਸਾਨਾਂ ਨੂੰ ਸ਼ੰਭੂ ਬਾਰਡਰ 'ਤੇ ਰੋਕਣ ਲਈ ਪ੍ਰਸ਼ਾਸਨ ਵੱਲੋਂ ਖੜ੍ਹੀਆਂ ਕੀਤੀਆਂ ਰੋਕਾਂ ਨੇ 2020-21 ਦਾ ਕਿਸਾਨ ਅੰਦੋਲਨ ਚੇਤਾ ਕਰਵਾ ਦਿੱਤਾ ਹੈ। ਕਿਸਾਨਾਂ ਅਨੁਸਾਰ ਇਹ ਸਮਝੌਤਾ ਖੇਤੀ ਅਰਥਚਾਰੇ ਨੂੰ ਸਿੱਧਾ ਪ੍ਰਭਾਵਿਤ ਕਰ ਸਕਦਾ ਹੈ।

ਸੰਯੁਕਤ ਕਿਸਾਨ ਮੋਰਚੇ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚੇ ਨੇ ਬੀਤੇ ਦਿਨੀਂ ਦਿੱਲੀ ਵਿੱਚ ਇੱਕ ਰੋਜ਼ਾ ਧਰਨਾ ਦੇਣ ਜਾਣਾ ਸੀ ਪਰ ਕੇਂਦਰ ਅਤੇ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਘਰਾਂ ਵਿੱਚ ਨਜ਼ਰਬੰਦ ਕਰ ਕੇ ਅਤੇ ਹਿਰਾਸਤ ਵਿੱਚ ਲੈ ਕੇ ਇਸ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। ਬੇਸ਼ੱਕ ਪੰਜਾਬ ਦੀ ਆਮ ਕਿਸਾਨੀ ਫ਼ਿਲਹਾਲ ਤਜਵੀਜ਼ਤ ਵਪਾਰ ਸਮਝੌਤੇ ਦੇ ਪੈਣ ਵਾਲੇ ਪ੍ਰਭਾਵ ਤੋਂ ਬਹੁਤੀ ਸੁਚੇਤ ਨਹੀਂ ਪਰ ਦਿੱਲੀ ਜਾਣ ਲਈ ਰੋਕਾਂ ਖੜ੍ਹੇ ਜਾਣ ਮਗਰੋਂ ਆਮ ਕਿਸਾਨਾਂ 'ਚ ਵੀ ਹਿਲਜੁਲ ਹੋਈ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਸ ਮੁੱਦੇ ਉੱਤੇ ਬਾਕੀ ਸੂਬਿਆਂ ਨਾਲੋਂ ਵਧੇਰੇ ਸਰਗਰਮ ਹਨ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਚੰਡੀਗੜ੍ਹ 'ਚ 10 ਜੁਲਾਈ ਨੂੰ ਇਸ ਸਮਝੌਤੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ ਸੀ। ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਦਾ ਵੱਖਰਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵੀ ਇਸ ਸਮਝੌਤੇ ਖ਼ਿਲਾਫ਼ ਮੈਦਾਨ ਵਿੱਚ ਨਿੱਤਰ ਆਈ ਹੈ। ਕਿਸਾਨ ਆਗੂਆਂ ਅਨੁਸਾਰ ਜੇ ਸਮਝੌਤਾ ਲਾਗੂ ਹੋ ਗਿਆ ਤਾਂ ਭਾਰਤੀ ਕਿਸਾਨਾਂ ਨੂੰ ਅਮਰੀਕੀ ਕਿਸਾਨਾਂ ਦਾ ਮੁਕਾਬਲਾ ਕਰਨਾ ਔਖਾ ਹੋ ਜਾਵੇਗਾ।



ਉਨ੍ਹਾਂ ਅਨੁਸਾਰ ਅਮਰੀਕਾ ਵਿੱਚ ਖੇਤੀ ਜੋਤਾਂ ਵੱਡੀਆਂ ਹਨ, ਮਸ਼ੀਨਰੀ ਜ਼ਿਆਦਾ ਹੈ ਅਤੇ ਸਰਕਾਰ ਵੱਲੋਂ ਸਬਸਿਡੀ ਵੀ ਕਾਫੀ ਦਿੱਤੀ ਜਾਂਦੀ ਹੈ। ਇਸ ਦੇ ਉਲਟ ਪੰਜਾਬ ਵਿੱਚ ਛੋਟੀ ਅਤੇ ਦਰਮਿਆਨੀ ਕਿਸਾਨੀ ਜ਼ਿਆਦਾ ਹੈ। ਵਪਾਰ ਸਮਝੌਤਾ ਲਾਗੂ ਹੋਣ ਨਾਲ ਭਾਰਤੀ ਬਾਜ਼ਾਰ 'ਚ ਅਮਰੀਕਾ ਦੇ ਸਸਤੇ ਖੇਤੀ ਉਤਪਾਦ ਆਉਣਗੇ, ਜਿਨ੍ਹਾਂ ਦਾ ਮੁਕਾਬਲਾ ਭਾਰਤੀ ਕਿਸਾਨ ਨਹੀਂ ਕਰ ਸਕੇਗਾ।

ਬਠਿੰਡਾ ਦੇ ਪਿੰਡ ਮਾੜੀ ਦੇ ਕਿਸਾਨ ਧਰਮ ਸਿੰਘ ਮਾਨ ਨੇ ਕਿਹਾ ਕਿ ਇਸ ਵਪਾਰ ਸਮਝੌਤੇ ਦਾ ਅਸਰ ਭਾਰਤੀ ਖੇਤੀ 'ਤੇ ਪਵੇਗਾ ਅਤੇ ਕਿਸਾਨਾਂ ਦੀਆਂ ਫ਼ਸਲੀ ਕੀਮਤਾਂ ਪ੍ਰਭਾਵਿਤ ਹੋਣਗੀਆਂ। ਖੇਤੀ ਅਰਥਸ਼ਾਸਤਰੀ ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਮੁੱਢਲਾ ਤੇ ਤੁਰੰਤ ਅਸਰ ਚੌਲਾਂ, ਮੀਟ ਅਤੇ ਡੇਅਰੀ ਉਤਪਾਦਾਂ 'ਤੇ ਪਵੇਗਾ। ਕਿਸਾਨ ਆਗੂ ਸ਼ਿੰਗਾਰਾ ਸਿੰਘ ਮਾਨ ਅਨੁਸਾਰ ਵਪਾਰ ਸਮਝੌਤੇ ਕਾਰਨ ਦੁੱਧ ਦੀਆਂ ਕੀਮਤਾਂ ਨੂੰ ਸੱਟ ਵੱਜੇਗੀ ਅਤੇ ਸਹਾਇਕ ਧੰਦਾ ਡੇਅਰੀ ਵੀ ਠੱਪ ਹੋ ਜਾਵੇਗਾ। ਪੰਜਾਬ 'ਚ ਡੇਅਰੀ ਦੇ ਕੰਮ 'ਚ ਵੱਡੀ ਹਿੱਸੇਦਾਰੀ ਪੇਂਡੂ ਔਰਤਾਂ ਦੀ ਵੀ ਹੈ. ਜਿਨ੍ਹਾਂ ਦਾ ਰੁਜ਼ਗਾਰ ਖੁੱਸ ਜਾਵੇਗਾ। ਜ਼ਿਕਰਯੋਗ ਹੈ ਕਿ ਕਣਕ ਅਤੇ ਝੋਨੇ ਦੀ ਖਰੀਦ ਤੋਂ ਪੰਜਾਬ ਨੂੰ ਸਾਲਾਨਾ ਕਰੀਬ 73 ਹਜ਼ਾਰ ਕਰੋੜ ਰੁਪਏ ਆਉਂਦੇ ਹਨ, ਜਿਸ ਨਾਲ ਸੂਬੇ ਦੀ ਆਰਥਿਕਤਾ ਚੱਲਦੀ ਹੈ।

**ਅਗਾਮੀ ਚੋਣਾਂ 'ਚ ਭਾਜਪਾ ਲਈ ਵਧ ਸਕਦੀਆਂ ਹਨ ਮੁਸ਼ਕਿਲਾਂ**

ਤਜਵੀਜ਼ਤ ਵਪਾਰ ਸਮਝੌਤੇ ਖ਼ਿਲਾਫ਼ ਉੱਠਿਆ ਰੋਸ ਆਗਾਮੀ ਚੋਣਾਂ ਵਿੱਚ ਵੱਡਾ ਸਿਆਸੀ ਮੋੜ ਲੈ ਸਕਦਾ ਹੈ। ਕਿਸਾਨ ਜਥੇਬੰਦੀਆਂ ਕੇਂਦਰ ਦੀ ਭਾਜਪਾ ਸਰਕਾਰ ਨੂੰ ਨਿਸ਼ਾਨੇ 'ਤੇ ਲੈ ਰਹੀਆਂ ਹਨ। ਭਾਜਪਾ ਵੱਲੋਂ ਪੰਜਾਬ ਵਿੱਚ ਕਿਸਾਨਾਂ ਨਾਲ ਦੂਰੀਆਂ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਪਰ ਇਸ ਨਵੇਂ ਮੁੱਦੇ ਨੇ ਪਾਰਟੀ ਲਈ ਰਾਹ ਹੋਰ ਔਖਾ ਕਰ ਦਿੱਤਾ ਹੈ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਹੋਏ ਅੰਦੋਲਨ ਦੌਰਾਨ 750 ਕਿਸਾਨਾਂ ਦੀ ਸ਼ਹਾਦਤ ਕਾਰਨ ਕਿਸਾਨਾਂ ਦਾ ਗੁੱਸਾ ਹਾਲੇ ਠੰਢਾ ਨਹੀਂ ਹੋਇਆ, ਜੇ ਵਪਾਰ ਸਮਝੌਤੇ ਨੇ ਪੰਜਾਬ ਦੇ ਕਿਸਾਨਾਂ ਨੂੰ ਮੁੜ ਇਕਜੁੱਟ ਕਰ ਦਿੱਤਾ ਤਾਂ ਭਾਜਪਾ ਨੂੰ ਚੋਣਾਂ ਵਿੱਚ ਇਸ ਦਾ ਸਿਆਸੀ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

# ਪੰਜਾਬ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਲਈ 'ਟਰੁਥ ਕਮਿਸ਼ਨ' 'ਤੇ ਮੁੜ ਚਰਚਾ ਤੇਜ਼ ਕਿਉਂ ?

## ਲੋਕ ਕਮਿਸ਼ਨ ਦੀ ਕੀ ਪ੍ਰਸੰਗਿਕਤਾ ਸੀ, ਉਸ ਉੱਪਰ ਪਾਬੰਦੀ ਦਾ ਜ਼ਿੰਮੇਵਾਰ ਕੌਣ ਸੀ ?

## ਕਿਉਂ 1999 ਵਿੱਚ ਹਾਈਕੋਰਟ ਨੇ ਪੱਕੇ ਤੌਰ 'ਤੇ ਲਾਈ ਸੀ ਇਸ 'ਤੇ ਪਾਬੰਦੀ ?

ਪੰਜਾਬ ਦੇ ਸਮਕਾਲੀ ਇਤਿਹਾਸ ਵਿੱਚ 80 ਅਤੇ 90 ਦਾ ਦਹਾਕਾ ਇੱਕ ਅਜਿਹਾ ਦਰਦਨਾਕ ਅਤੇ ਲਹੂ-ਭਿੱਜਿਆ ਅਧਿਆਏ ਹੈ, ਜਿਸ ਦੇ ਡੂੰਘੇ ਜ਼ਖ਼ਮ ਤਿੰਨ ਦਹਾਕੇ ਬੀਤ ਜਾਣ ਬਾਅਦ ਵੀ ਹਰੇ ਹਨ। ਸਮੇਂ-ਸਮੇਂ 'ਤੇ ਜਦੋਂ ਵੀ ਕੋਈ ਕਲਾਤਮਕ ਮਾਧਿਅਮ (ਜਿਵੇਂ ਫ਼ਿਲਮ 'ਸਤਲੁਜ') ਉਸ ਦੌਰ ਦੇ ਦੁਖਾਂਤ 'ਤੇ ਚਰਚਾ ਛੇੜਦਾ ਹੈ, ਤਾਂ ਅਤੀਤ ਦੇ ਉਹ ਅਣਸੁਲਝੇ ਸਵਾਲ ਮੁੜ ਪੰਜਾਬ ਦੇ ਲੋਕਾਂ ਸਾਹਮਣੇ ਆ ਖੜ੍ਹਦੇ ਹਨ। ਇਨ੍ਹਾਂ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਲਈ ਹੁਣੇ ਜਿਹੇ ਮਨੁੱਖੀ ਅਧਿਕਾਰਾਂ ਦੇ ਮਹਾਨ ਯੋਧੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਇੱਕ ਨਵੇਂ ਲੋਕ ਕਮਿਸ਼ਨ ਦੇ ਗਠਨ ਦੀ ਮੰਗ ਕੀਤੀ ਗਈ ਹੈ।

ਇਹ ਮੰਗ ਉਸ ਅਧੂਰੀ ਰਹਿ ਗਈ ਨਿਆਂਇਕ ਪ੍ਰਕਿਰਿਆ ਨੂੰ ਮੁੜ ਸੁਰਜੀਤ ਕਰਨ ਦੀ ਆਵਾਜ਼ ਹੈ। ਇਸ ਦੀਆਂ ਜੜ੍ਹਾਂ 1998 ਵਿੱਚ ਬਣੇ ਇਤਿਹਾਸਕ 'ਲੋਕ ਕਮਿਸ਼ਨ' ਨਾਲ ਜੁੜੀਆਂ ਹੋਈਆਂ ਹਨ।

**'ਲੋਕ ਕਮਿਸ਼ਨ' ਦੀ ਪ੍ਰਸੰਗਿਕਤਾ ਕੀ ਸੀ ?**

ਲੋਕ ਕਮਿਸ਼ਨ ਦੀ ਸਭ ਤੋਂ ਵੱਡੀ ਪ੍ਰਸੰਗਿਕਤਾ ਲਵਾਰਸ ਲਾਸ਼ਾਂ ਬਾਰੇ 'ਦਸਤਾਵੇਜ਼ੀਕਰਨ' ਸੀ। ਇਸ ਕਮਿਸ਼ਨ ਦਾ ਮਕਸਦ ਕੋਈ ਸਮਾਨੰਤਰ ਅਦਾਲਤ ਚਲਾ ਕੇ ਸਜ਼ਾਵਾਂ ਦੇਣਾ ਨਹੀਂ ਸੀ, ਸਗੋਂ ਸਟੇਟ ਦੇ ਜਬਰ, ਝੂਠੇ ਪੁਲਿਸ ਮੁਕਾਬਲਿਆਂ, ਹਿਰਾਸਤੀ ਤਸੀਹਿਆਂ ਅਤੇ ਲਵਾਰਿਸ ਲਾਸ਼ਾਂ ਦੇ ਸੱਚ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਕਰਨਾ ਸੀ। ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਸੀ ਕਿ ਸਮੇਂ ਦੇ ਨਾਲ ਚਸ਼ਮਦੀਦ ਗਵਾਹ ਮੁੱਕ ਜਾਂਦੇ ਹਨ ਅਤੇ ਸਬੂਤ ਮਿਟਾ ਦਿੱਤੇ ਜਾਂਦੇ ਹਨ। ਅਜਿਹੇ ਵਿੱਚ ਲੋਕ ਕਮਿਸ਼ਨ ਦਾ ਕੰਮ ਉਸ ਦੁਖਾਂਤ ਨੂੰ ਇੱਕ ਨਿਰਪੱਖ ਇਤਿਹਾਸਕ ਦਸਤਾਵੇਜ਼ ਵਜੋਂ ਸੁਰੱਖਿਅਤ ਕਰਨਾ ਸੀ ਤਾਂ ਜੋ ਭਵਿੱਖ ਵਿੱਚ ਨਿਆਂ ਦਾ ਰਸਤਾ ਪੱਧਰਾ ਹੋ ਸਕੇ। ਉਨ੍ਹਾਂ ਅਨੁਸਾਰ , ਜਸਵੰਤ ਸਿੰਘ ਖਾਲੜਾ ਦੇ ਲਾਪਤਾ ਹੋਣ ਤੋਂ ਬਾਅਦ ਇਨਸਾਫ਼ ਦੀ ਪ੍ਰਕਿਰਿਆ ਨੂੰ ਨਿਰੰਤਰ ਜਾਰੀ ਰੱਖਣ ਲਈ 9 ਨਵੰਬਰ 1997 ਨੂੰ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ (ਸੀ.ਸੀ.ਡੀ.ਪੀ. ) ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਮੇਰੇ ਘਰ ਖੋਲ੍ਹਿਆ ਗਿਆ। ਉਨ੍ਹਾਂ ਦੱਸਿਆ, 'ਦਫ਼ਤਰ ਖੋਲ੍ਹਣ ਮਗਰੋਂ ਸਾਡੀ ਟੀਮ ਨੇ ਜ਼ੁਲਮਾਂ ਦੇ ਸ਼ਿਕਾਰ ਪੀੜਤਾਂ ਦੇ ਤੱਥ ਇਕੱਠੇ ਕਰਨ ਲਈ ਘਰ-ਘਰ ਜਾਣਾ ਸ਼ੁਰੂ ਕਰ ਦਿੱਤਾ।' ਇਸ ਔਖੇ ਕਾਰਜ ਨੂੰ ਕਾਨੂੰਨੀ ਅੰਜਾਮ ਤੱਕ ਪਹੁੰਚਾਉਣ ਲਈ ਕਮੇਟੀ ਵੱਲੋਂ ਦੇਸ਼ ਦੇ ਨਾਮਵਰ ਅਤੇ ਮਾਹਿਰ ਵਕੀਲਾਂ ਦੀਆਂ ਸੇਵਾਵਾਂ ਵੀ ਹਾਸਿਲ ਕੀਤੀਆਂ ਗਈਆਂ ਤਾਂ ਜੋ ਅਦਾਲਤਾਂ ਵਿੱਚ ਪੀੜਤਾਂ ਦਾ ਪੱਖ ਮਜ਼ਬੂਤੀ ਨਾਲ ਰੱਖਿਆ ਜਾ ਸਕੇ।

**ਬਾਬਾ ਸਰਬਜੋਤ ਸਿੰਘ ਬੇਦੀ ਦਾ ਇਤਿਹਾਸਕ ਰੋਲ**

ਸਾਲ 1997 ਦੀਆਂ ਚੋਣਾਂ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਸਰਕਾਰ ਬਣਾਉਣ ਲਈ ਉਸ ਵੇਲੇ ਦੇ ਪ੍ਰਮੁੱਖ ਆਗੂ ਬਾਬਾ ਸਰਬਜੋਤ ਸਿੰਘ ਬੇਦੀ (ਊਨਾ ਸਾਹਿਬ ਵਾਲੇ) ਕੋਲੋਂ ਹਮਾਇਤ ਮੰਗੀ। ਬਾਬਾ ਬੇਦੀ ਨੇ ਚੰਡੀਗੜ੍ਹ ਵਿਖੇ ਮੀਟਿੰਗ (ਜਿਸ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ,ਬਲਵਿੰਦਰ ਸਿੰਘ ਭੂੰਦੜ, ਪੰਥਕ ਸ਼ਖ਼ਸੀਅਤਾਂ ਸ਼ਾਮਲ ਸਨ) ਕਰਕੇ ਸੰਤ ਸਮਾਜ ਅਤੇ ਪੰਥਕ ਜਥੇਬੰਦੀਆਂ ਨੂੰ ਅਕਾਲੀ ਦਲ ਦੀ ਪਿੱਠ 'ਤੇ ਖੜ੍ਹਾ ਕੀਤਾ। ਇਹ ਹਮਾਇਤ ਇਸ ਸ਼ਰਤ 'ਤੇ ਸੀ ਕਿ ਬੰਦੀ ਸਿੰਘ ਰਿਹਾਅ ਹੋਣਗੇ ਅਤੇ ਲਾਪਤਾ ਨੌਜਵਾਨਾਂ ਦੇ ਮਾਮਲੇ ਲਈ 'ਟਰੁਥ ਕਮਿਸ਼ਨ' ਬਣੇਗਾ।

ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸੰਤਾਪ ਦੌਰਾਨ ਹੋਈਆਂ ਹਤਿਆਵਾਂ ਬਾਰੇ ਕਮਿਸ਼ਨ ਦਾ ਐਲਾਨ ਵੀ ਕੀਤਾ ਤੇ ਇਸ ਨੂੰ ਆਪਣੇ ਚੋਣ ਏਜੰਡੇ ਵਿੱਚ ਰਖਿਆ। ਸੱਤਾ ਮਿਲਦਿਆਂ ਹੀ ਬਾਦਲ ਸਰਕਾਰ ਕਮਿਸ਼ਨ ਬਣਾਉਣ ਤੋਂ ਮੁੱਕਰ ਗਈ ਅਤੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਉਦੋਂ ਬਾਬਾ ਬੇਦੀ ਨੇ ਇਤਿਹਾਸਕ ਬਿਆਨ ਦਿੱਤਾ: 'ਬਾਦਲ ਸਰਕਾਰ ਨੇ ਪੰਥ ਨਾਲ ਵਾਅਦਾ ਪੂਰਾ ਨਹੀਂ ਕੀਤਾ। ਸਾਨੂੰ ਇਹ ਉਮੀਦ ਨਹੀਂ ਸੀ।' ਇਸ ਤੋਂ ਬਾਅਦ, ਬਾਬਾ ਬੇਦੀ ਨੇ ਸੰਤ ਸਮਾਜ, ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਅਪੀਲ ਕੀਤੀ ਪੰਜਾਬ ਤੇ ਪੰਥ ਦੇ ਇਨਸਾਫ਼ ਲਈ ਇਕੱਠੇ ਹੋਵੋ।

ਇਸ ਤੋਂ ਬਾਅਦ ਸੰਤ ਸਮਾਜ, ਅਕਾਲੀ ਦਲ ਅੰਮ੍ਰਿਤਸਰ, ਮਨੁੱਖੀ ਅਧਿਕਾਰ ਜਥੇਬੰਦੀਆਂ, ਸਿੰਘ ਸਭਾਵਾਂ, ਕਿਸਾਨ ਆਗੂਆਂ ਦਾ ਇਨਸਾਫ਼ ਲਈ ਭਾਰੀ ਇਕੱਠ ਹੋਇਆ ਤੇ ਲੋਕ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਗਿਆ। ਬਾਬਾ ਬੇਦੀ ਨੇ ਚੰਡੀਗੜ੍ਹ ਪ੍ਰੈਸ ਕਾਨਫ਼ਰੰਸ ਵਿੱਚ ਐਲਾਨ ਕੀਤਾ ਸੀ ਕਿ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਵੇਰਵਿਆਂ ਅਨੁਸਾਰ, ਉਸ ਦਾ ਮੁੱਖ ਕੰਮ ਗ਼ੈਰ-ਕਾਨੂੰਨੀ ਅਗਵਾ, ਹਿਰਾਸਤੀ ਤਸੀਹੇ (ਕਸਟਡੀਅਲ ਟਾਰਚਰ), ਜ਼ਬਰਦਸਤੀ ਅਲੋਪ ਕਰਨ (ਲਾਪਤਾ ਕਰਨ) ਅਤੇ ਮ੍ਰਿਤਕਾਂ ਦੇ ਕੀਤੇ ਗਏ ਗ਼ੈਰ-ਕਾਨੂੰਨੀ ਸਸਕਾਰਾਂ ਵਰਗੀਆਂ ਗੰਭੀਰ ਸ਼ਿਕਾਇਤਾਂ ਦੀ ਨਿਰਪੱਖ ਜਾਂਚ ਕਰਨਾ ਹੋਵੇਗਾ। ਕਮਿਸ਼ਨ ਨਾ ਸਿਰਫ਼ ਇਨ੍ਹਾਂ ਮਾਮਲਿਆਂ ਦੀ ਪੜਤਾਲ ਕਰੇਗਾ, ਬਲਕਿ ਜਾਂਚ ਦੇ ਨਤੀਜਿਆਂ ਨੂੰ ਜਨਤਕ ਕਰਕੇ ਬਣਦੀ ਕਨੂੰਨੀ ਕਾਰਵਾਈ ਦਾ ਰਾਹ ਵੀ ਪੱਧਰਾ ਕਰੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡਾ ਮਕਸਦ ਸਿਰਫ਼ ਜਾਂਚ ਕਰਨਾ ਨਹੀਂ, ਸਗੋਂ ਪੀੜਤਾਂ ਨੂੰ ਮਾਨਸਿਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਰਾਹਤ ਦੇ ਕੇ ਇਨਸਾਫ਼ ਦਿਵਾਉਣਾ ਹੈ।

**ਜਸਟਿਸ ਕੁਲਦੀਪ ਸਿੰਘ ਨੂੰ ਕਿਵੇਂ ਮਨਾਇਆ ਗਿਆ ?**

ਸਰਕਾਰੀ ਜਬਰ ਦੇ ਡਰ ਕਾਰਨ ਵੱਡੇ-ਵੱਡੇ ਪੰਥਕ ਆਗੂ ਬੋਲਣ ਤੋਂ ਕਤਰਾਉਂਦੇ ਸਨ। ਅਜਿਹੇ ਸਮੇਂ, ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸਰਦਾਰ ਗੁਰਤੇਜ ਸਿੰਘ ਨੇ ਚੰਡੀਗੜ੍ਹ ਵਿਖੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਦੇ ਘਰ ਜਾ ਕੇ ਉਨ੍ਹਾਂ ਨਾਲ ਮੀਟਿੰਗ ਕੀਤੀ।

(ਬਾਕੀ ਸਫ਼ਾ 26 'ਤੇ)

## ਹਰਜੀਤ ਸਿੰਘ ਗਰੇਵਾਲ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਨਿਯੁਕਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਪੰਜਾਬ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਨੂੰ ਕੇਂਦਰ ਸਰਕਾਰ ਨੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਉਨ੍ਹਾਂ ਦਾ ਕਾਰਜਕਾਲ 3 ਸਾਲ ਦਾ ਹੋਵੇਗਾ। ਗਰੇਵਾਲ ਪੰਜਾਬ ਵਿੱਚ ਭਾਜਪਾ ਦੇ ਪ੍ਰਮੁੱਖ ਸਿੱਖ ਚਿਹਰਿਆਂ ਵਿੱਚੋਂ ਇੱਕ ਹਨ। ਖ਼ਾਸ ਕਰਕੇ ਦਿੱਲੀ ਸਰਹੱਦਾਂ 'ਤੇ ਹੋਏ ਕਿਸਾਨ ਅੰਦੋਲਨ ਦੌਰਾਨ ਉਹ ਕੇਂਦਰ ਸਰਕਾਰ ਦੇ ਹੱਕ ਵਿੱਚ ਖੁੱਲ੍ਹ ਕੇ ਬੋਲਦੇ ਰਹੇ, ਜਿਸ ਕਾਰਨ ਉਹ ਪੰਜਾਬ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ ਚਰਚਾ ਵਿੱਚ ਰਹੇ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੀ ਇਹ ਨਿਯੁਕਤੀ ਸਿੱਖ ਭਾਈਚਾਰੇ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਵਜੋਂ ਵੀ ਦੇਖੀ ਜਾ ਰਹੀ ਹੈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਗਰੇਵਾਲ ਨੇ ਕਿਹਾ, 'ਮੈਨੂੰ ਜੋ ਜ਼ਿੰਮੇਵਾਰੀ ਮਿਲੀ ਹੈ, ਮੈਂ ਉਸਨੂੰ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਵਾਂਗਾ। ਮੈਂ ਪਹਿਲਾਂ ਵੀ ਕਈ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕਰ ਚੁੱਕਾ ਹਾਂ।'



ਹਰਜੀਤ ਗਰੇਵਾਲ ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਤੋਂ ਭਾਜਪਾ ਅਤੇ ਆਰ.ਐੱਸ.ਐੱਸ. ਨਾਲ ਜੁੜੇ ਹੋਏ ਹਨ। ਉਹ 2013 ਤੋਂ 2017 ਤੱਕ ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦੇ ਚੇਅਰਮੈਨ ਰਹੇ। 2017 ਦੀ ਪੰਜਾਬ ਵਿਧਾਨ ਸਭਾ ਚੋਣ ਵਿੱਚ ਉਹ ਰਾਜਪੁਰਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਸਨ ਪਰ ਚੋਣ ਹਾਰ ਗਏ। ਉਹ ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਵੀ ਰਹੇ ਹਨ ਅਤੇ ਇਸ ਤੋਂ ਪਹਿਲਾਂ ਪੰਜਾਬ ਭਾਜਪਾ ਦੇ ਪ੍ਰਦੇਸ਼ ਉਪ ਪ੍ਰਧਾਨ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ।

### ਹਰਜੀਤ ਗਰੇਵਾਲ ਭਾਜਪਾ ਦਾ ਚਰਚਿਤ ਚਿਹਰਾ ਕਿਉਂ ?

2020-21 ਦੇ ਕਿਸਾਨ ਅੰਦੋਲਨ ਦੌਰਾਨ ਗਰੇਵਾਲ ਭਾਜਪਾ ਵੱਲੋਂ ਸਭ ਤੋਂ ਵੱਧ ਸਰਗਰਮ ਅਤੇ ਮੁੱਖ ਆਗੂਆਂ ਵਿੱਚ ਸ਼ਾਮਲ ਰਹੇ। ਉਹ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਗੱਲਬਾਤ ਦੀ ਪ੍ਰਕਿਰਿਆ ਨਾਲ ਵੀ ਜੁੜੇ ਰਹੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕਈ ਮੀਟਿੰਗਾਂ ਵਿੱਚ ਸ਼ਾਮਲ ਹੋਏ।

ਗਰੇਵਾਲ ਨੇ ਕਈ ਵਾਰ ਆਰੋਪ ਲਗਾਇਆ ਕਿ ਕੁਝ ਕਿਸਾਨ ਜਥੇਬੰਦੀਆਂ ਅੰਦੋਲਨ ਖਤਮ ਨਹੀਂ ਕਰਨਾ ਚਾਹੁੰਦੀਆਂ। ਉਨ੍ਹਾਂ ਦੇ ਇਨ੍ਹਾਂ ਬਿਆਨਾਂ ਦਾ ਕਿਸਾਨ ਜਥੇਬੰਦੀਆਂ ਨੇ ਤਿੱਖਾ ਵਿਰੋਧ ਕੀਤਾ ਅਤੇ ਉਹ ਲਗਾਤਾਰ ਵਿਵਾਦਾਂ ਵਿੱਚ ਰਹੇ।

ਜੁਲਾਈ 2021 ਵਿੱਚ ਬਰਨਾਲਾ ਦੇ ਨੇੜੇ ਧਨੌਲਾ ਵਿਖੇ ਉਨ੍ਹਾਂ ਦੇ ਖੇਤ ਵਿੱਚ ਕੁਝ ਪ੍ਰਦਰਸ਼ਨਕਾਰੀਆਂ ਵੱਲੋਂ ਝੋਨੇ ਦੀ ਫਸਲ ਉਖਾੜ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਐਫ.ਆਈ.ਆਰ. ਦਰਜ ਹੋਈ ਸੀ, ਜਿਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਵੀ ਵਿਰੋਧ ਪ੍ਰਦਰਸ਼ਨ ਕੀਤੇ ਸਨ।

## ਦਰਪਣ ਝੂਠ ਨਹੀਂ ਬੋਲਦਾ

# ਟਰੰਪ ਦੇ ਐਲਾਨ ਨਾਲ 1.5 ਲੱਖ ਸਿੱਖ ਟਰੱਕ ਵਾਲਿਆਂ ’ਤੇ ਆਇਆ ਸੰਕਟ

## .ਗੈਰ-ਕਾਨੂੰਨੀ ਡਰਾਈਵਰਾਂ ਦੀ ਥਾਂ ਸਾਬਕਾ .ਫੌਜੀਆਂ ਨੂੰ ਮਿਲੇਗੀ ਕਮਾਨ

## ਟਰੰਪ ਦੀ ਨਵੀਂ ਨੀਤੀ ਖ਼ਿਲਾ.ਫ ਮੇਅਰ ਖ਼ਾਲਸਾ ਨੇ ਖੋਲ੍ਹਿਆ ਮੋਰਚਾ



ਅਮਰੀਕਾ ਵਿੱਚ ਟਰਕਿੰਗ ਉਦਯੋਗ ਸਿਰ.ਫ ਇੱਕ ਕਾਰੋਬਾਰ ਨਹੀਂ, ਬਲਕਿ ਦੇਸ਼ ਦੀ ਆਰਥਿਕਤਾ ਨੂੰ ਚਲਦਾ ਰੱਖਣ ਵਾਲੀ ਲਾਈ.ਫਲਾਈਨ ਹੈ। ਪਰ ਪਿਛਲੇ ਕੁਝ ਦਿਨਾਂ ਤੋਂ ਇਹ ਖੇਤਰ ਅਮਰੀਕੀ ਰਾਜਨੀਤੀ ਦੇ ਕੇਂਦਰ ਵਿੱਚ ਆ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪੈਨਸਿਲਵੇਨੀਆ ਦੇ ‘ਡਿ.ਫੈਂਸ ਐਂਡ ਇਨੋਵੇਸ਼ਨ ਸਮਿਟ’ ਦੌਰਾਨ ਦਿੱਤੇ ਗਏ ਬਿਆਨ ਨੇ ਅਮਰੀਕਾ ਵਿੱਚ ਵੱਸਦੇ ਲਗਭਗ 1.5 ਲੱਖ ਸਿੱਖ ਟਰੱਕ ਡਰਾਈਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਵੱਲੋਂ .ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਨੂੰ ਸੜਕਾਂ ਤੋਂ ਹਟਾ ਕੇ ਉਨ੍ਹਾਂ ਦੀ ਥਾਂ ਅਮਰੀਕੀ .ਫੌਜ ਦੇ ਸਾਬਕਾ ਸੈਨਿਕਾਂ ਨੂੰ ਲਿਆਉਣ ਦਾ ਐਲਾਨ, ਅਮਰੀਕਾ ਦੇ ਇਮੀਗ੍ਰੇਸ਼ਨ ਢਾਂਚੇ ਅਤੇ ਸਪਲਾਈ ਚੇਨ ਵਿੱਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਹੈ।

ਰਾਸ਼ਟਰਪਤੀ ਟਰੰਪ ਨੇ ਇਸ ਵਾਰ ਆਪਣੀ ਨੀਤੀ ਨੂੰ ਸਿਰ.ਫ ਰੁਜ਼ਗਾਰ ਨਾਲ ਨਹੀਂ, ਬਲਕਿ ਭਾਵਨਾਤਮਕ ਅਤੇ ਸੁਰੱਖਿਆ ਦੇ ਮੁੱਦਿਆਂ ਨਾਲ ਜੋੜਿਆ ਹੈ। ਉਨ੍ਹਾਂ ਨੇ ਪੈਨਸਿਲਵੇਨੀਆ ਦੇ ਸਟੇਟ ਟ੍ਰੂਪਰ (ਪੁਲਿਸ ਅ.ਫਸਰ) ਮਾਈਕਲ ਪਹੀਰਾ ਦੀ ਮੌਤ ਦਾ ਹਵਾਲਾ ਦਿੱਤਾ, ਜਿਸ ਦੀ ਜਾਨ ਇੱਕ ਕਮਰਸ਼ੀਅਲ ਲਾਇਸੈਂਸ ਵਾਲੇ ਗੈਰ-ਕਾਨੂੰਨੀ ਪ੍ਰਵਾਸੀ ਦੇ ਟਰੱਕ ਹੇਠ ਆਉਣ ਕਾਰਨ ਗਈ ਸੀ। ਇਸ ਘਟਨਾ ਨੂੰ ਅਧਾਰ ਬਣਾ ਕੇ ਟਰੰਪ ਨੇ ਦੋਸ਼ ਲਾਇਆ ਕਿ ਕਈ ਪ੍ਰਵਾਸੀ ਡਰਾਈਵਰ ਸਾਈਨ ਬੋਰਡ ਪੜ੍ਹਨ ਦੇ ਯੋਗ ਨਹੀਂ ਹਨ ਅਤੇ ਨਸ਼ੇ ਜਾਂ ਸ਼ਰਾਬ ਦੀ ਹਾਲਤ ਵਿੱਚ ਗੱਡੀਆਂ ਚਲਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਏ ਹਨ ਅਤੇ ਪ੍ਰਸ਼ਾਸਨ ਇਨ੍ਹਾਂ ਨੂੰ ਸੜਕਾਂ ’ਤੇ ਨਹੀਂ ਦੇਖਣਾ ਚਾਹੁੰਦਾ। .ਫੌਜੀ ਵੀਰਾਂ ਨੂੰ ਬਿਨਾਂ ਕਿਸੇ ਲੰਬੀ ਪ੍ਰਕਿਰਿਆ ਦੇ ਸਿੱਧੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਦੇਣ ਦਾ ਵਾਅਦਾ ਕਰਕੇ, ਪ੍ਰਸ਼ਾਸਨ ਇੱਕ ਪਾਸੇ ਦੇਸ਼ ਭਗਤੀ ਦਾ ਕਾਰਡ ਖੇਡ ਰਿਹਾ ਹੈ ਅਤੇ ਦੂਜੇ ਪਾਸੇ ਸਥਾਨਕ ਅਮਰੀਕੀ ਨਾਗਰਿਕਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਦਾ ਦਾਅਵਾ ਕਰ ਰਿਹਾ ਹੈ।‘ਦ ਨਿਊਯਾਰਕ ਟਾਈਮਜ਼’ ਦੀ ਰਿਪੋਰਟ ਮੁਤਾਬਕ ਪਿਛਲੇ ਦੋ ਦਹਾਕਿਆਂ ਵਿੱਚ ਸਿੱਖ ਭਾਈਚਾਰਾ ਅਮਰੀਕੀ ਟਰਕਿੰਗ ਉਦਯੋਗ ਵਿੱਚ ਇੱਕ ਵੱਡੀ ਤਾਕਤ ਵਜੋਂ ਉੱਭਰਿਆ ਹੈ। ਅੱਜ ਹਜ਼ਾਰਾਂ ਸਿੱਖ ਡਰਾਈਵਰ, ਓਨਰ-ਆਪਰੇਟਰਜ਼ ਅਤੇ ਵੱਡੀਆਂ .ਫਲੀਟਾਂ ਦੇ ਮਾਲਕ ਹਨ। ਇਸ ਭਾਈਚਾਰੇ ਵਿੱਚ ਮੁੱਖ ਤੌਰ ’ਤੇ ਦੋ ਸ਼੍ਰੇਣੀਆਂ ਕੰਮ ਕਰ ਰਹੀਆਂ ਹਨ। ਪਹਿਲੀ ਸ਼੍ਰੇਣੀ ਕਾਨੂੰਨੀ ਨਾਗਰਿਕਾਂ ਦੀ ਹੈ ਜੋ ਅਮਰੀਕੀ ਨਾਗਰਿਕ ਹਨ ਜਾਂ ਜਿਨ੍ਹਾਂ ਕੋਲ ਗ੍ਰੀਨ ਕਾਰਡ ਹੈ ਪਰ ਇਨ੍ਹਾਂ ਨੂੰ ਕਾਨੂੰਨੀ ਤੌਰ ’ਤੇ ਕੋਈ ਖ਼ਤਰਾ ਨਹੀਂ ਹੈ। ਦੂਸਰੇ ਅਸਥਾਈ ਵਰਕ ਪਰਮਿਟ ਵਾਲੇ ਡਰਾਈਵਰ ਹਨ ਜੋ ਅਮਰੀਕਾ ਵਿੱਚ ਸਿਆਸੀ ਸ਼ਰਨ ਦੀ ਲੜਾਈ ਲੜ ਰਹੇ ਹਨ ਅਤੇ ਅਦਾਲਤੀ ਕੇਸ ਪੈਂਡਿੰਗ ਹੋਣ ਤੱਕ ਕਾਨੂੰਨੀ ਤੌਰ ’ਤੇ ਕੰਮ ਕਰਨ ਦੀ ਇਜਾਜ਼ਤ ਰੱਖਦੇ ਹਨ।

ਨੌਰਵਿਚ ਦੇ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਨੇ ਟਰੰਪ ਦੇ ਇਸ ਐਲਾਨ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਈ ਅਹਿਮ ਸਵਾਲ ਖੜ੍ਹੇ ਕੀਤੇ ਹਨ। ਮੇਅਰ ਖ਼ਾਲਸਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨਿਯਮਾਂ ਨੂੰ ਸਖ਼ਤ ਕਰਦਾ ਹੈ, ਤਾਂ ਇਹ ‘ਅਸਥਾਈ ਵਰਕ ਪਰਮਿਟ’ ਵਾਲੇ ਅਤੇ ਨਵੇਂ ਕਾਨੂੰਨਾਂ (ਜਿਵੇਂ ਕਿ ਦਲੀਲਾ ਲਾਅ) ਦੀ ਸ਼੍ਰੇਣੀ ਵਿੱਚ ਆਉਣ ਵਾਲੇ ਡਰਾਈਵਰ ਸਭ ਤੋਂ ਪਹਿਲਾਂ ਪ੍ਰਭਾਵਿਤ ਹੋਣਗੇ।

ਮੇਅਰ ਖ਼ਾਲਸਾ ਨੇ ਟਰੰਪ ਦੀ ਨੀਤੀ ’ਤੇ ਵਿਹਾਰਕ ਮੁਸ਼ਕਿਲਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਮਰੀਕਾ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਸੰਘੀ ਸਰਕਾਰ (.ਫੈਡਰਲ ਗੌਰਮਿੰਟ) ਨਹੀਂ, ਬਲਕਿ ਵੱਖ-ਵੱਖ ਰਾਜ ਆਪਣੀ ਜਾਂਚ ਅਤੇ ਟੈਸਟਿੰਗ ਪ੍ਰਕਿਰਿਆ ਤੋਂ ਬਾਅਦ ਜਾਰੀ ਕਰਦੇ ਹਨ। ਅਜੇ ਤੱਕ ਪ੍ਰਸ਼ਾਸਨ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਪਹਿਲਾਂ ਤੋਂ ਜਾਰੀ ਹੋ ਚੁੱਕੇ ਲਾਇਸੈਂਸਾਂ ਦੀ ਸਕ੍ਰੀਨਿੰਗ ਕਿਵੇਂ ਕਰੇਗਾ ਅਤੇ ਕਾਨੂੰਨੀ ਤੌਰ ’ਤੇ ਕੰਮ ਕਰ ਰਹੇ ਅਸਥਾਈ ਪ੍ਰਵਾਸੀਆਂ ਨੂੰ .ਗੈਰ-ਕਾਨੂੰਨੀ ਪ੍ਰਵਾਸੀਆਂ ਤੋਂ ਵੱਖ ਕਿਵੇਂ ਰੱਖਿਆ ਜਾਵੇਗਾ?

ਉਨ੍ਹਾਂ ਅੱਗੇ ਸਵਾਲ ਚੁੱਕਿਆ ਕਿ ਅਮਰੀਕੀ ਟਰਕਿੰਗ ਉਦਯੋਗ ਪਹਿਲਾਂ ਹੀ ਲੰਬੇ ਸਮੇਂ ਤੋਂ ਡਰਾਈਵਰਾਂ ਦੀ ਭਾਰੀ ਕਮੀ ਨਾਲ ਜੂਝ ਰਿਹਾ ਹੈ। ਅਜਿਹੀ ਸਥਿਤੀ ਵਿੱਚ ਲੱਖਾਂ ਪ੍ਰਵਾਸੀ ਡਰਾਈਵਰਾਂ ਨੂੰ ਅਚਾਨਕ ਹਟਾ ਕੇ ਉਨ੍ਹਾਂ ਦੀ ਥਾਂ .ਫੌਜੀਆਂ ਨੂੰ ਲਿਆਉਣਾ ਇੰਨਾ ਸੌਖਾ ਨਹੀਂ ਹੋਵੇਗਾ। ਇਸ ਨਾਲ ਅਮਰੀਕਾ ਦੀ ਸਪਲਾਈ ਚੇਨ ਪੂਰੀ ਤਰ੍ਹਾਂ ਠੱਪ ਹੋ ਸਕਦੀ ਹੈ, ਜਿਸ ਦਾ ਟਰੰਪ ਸਰਕਾਰ ਕੋਲ ਕੋਈ ਠੋਸ ਹੱਲ ਨਹੀਂ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਟਰਕਿੰਗ ਇੰਡਸਟਰੀ ਵਿੱਚ ਹਾਲ ਹੀ ਦੌਰਾਨ ਭਾਰਤੀ ਮੂਲ ਦੇ ਕੁਝ ਡਰਾਈਵਰਾਂ ਨਾਲ ਜੁੜੇ ਗੰਭੀਰ ਮਾਮਲੇ ਸਾਹਮਣੇ ਆਏ ਹਨ, ਜਿਸ ਕਾਰਨ ਇਹ ਸੈਕਟਰ ਅਮਰੀਕੀ ਪ੍ਰਸ਼ਾਸਨ ਦੀ ਤਿੱਖੀ ਨਜ਼ਰ ਹੇਠ ਆ ਗਿਆ ਹੈ। (ਬਾਕੀ ਸ.ਫਾ 26 ’ਤੇ)

# ਓਂਟਾਰੀਓ ’ਚ ਅੰਮ੍ਰਿਤਧਾਰੀ ਸਿੱਖ ਟਿਕਟੌਕ ਇਨਫਲੂਐਂਸਰ ਨੂੰ ਜਿਮ ਵਿੱਚੋਂ ਕੱਢਿਆ

## ਕੈਨੇਡਾ ਦੇ ਜਿਮ ਪ੍ਰਬੰਧਕਾਂ ’ਤੇ ਨਸਲੀ ਵਿਤਕਰੇ ਦੇ ਦੋਸ਼, ਵੀਡੀਓ ਵਾਇਰਲ ਹੋਣ ਮਗਰੋਂ ਸਿੱਖ ਜਥੇਬੰਦੀਆਂ ਮੈਦਾਨ ਵਿੱਚ

ਕੈਨੇਡਾ ਦੇ ਓਂਟਾਰੀਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਿਤ ‘ਗੁੱਡ ਲਾਈ.ਫ ਫਿਟਨੈੱਸ’ ਜਿਮ ਵਿੱਚ ਇੱਕ ਉੱਘੇ ਸਿੱਖ ਟਿਕਟੌਕ ਇਨਫਲੂਐਂਸਰ ਗੁਰਪ੍ਰਤਾਪ ਸਿੰਘ ਖ਼ਾਲਸਾ ਨਾਲ ਵਾਪਰੀ ਘਟਨਾ ਨੇ ਵਿਦੇਸ਼ਾਂ ਵਿੱਚ ਵੱਸਦੇ ਘੱਟ-ਗਿਣਤੀ ਭਾਈਚਾਰਿਆਂ, ਖ਼ਾਸ ਕਰਕੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਲੈ ਕੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਅੰਮ੍ਰਿਤਧਾਰੀ ਸਿੱਖ ਵੱਲੋਂ ਧਾਰਨ ਕੀਤੀ ਗਈ ਕਿਰਪਾਨ ਨੂੰ ‘ਹਥਿਆਰ’ ਗਰਦਾਨ ਕੇ ਜਿਮ ਵਿੱਚੋਂ ਬਾਹਰ ਕੱਢਣਾ ਕੇਵਲ ਇੱਕ ਪ੍ਰਸ਼ਾਸਨਿਕ .ਫੈਸਲਾ ਨਹੀਂ, ਸਗੋਂ ਨਸਲੀ ਵਿਤਕਰੇ ਦਾ ਇੱਕ ਪ੍ਰਤੱਖ ਉਦਾਹਰਨ ਹੈ। ਇਹ ਘਟਨਾ ਸੋਸ਼ਲ

### ਕਿਰਪਾਨ ਨੂੰ ‘ਹਥਿਆਰ’ ਦੱਸਣ ’ਤੇ ਛਿੜੀ ਨਵੀਂ ਬਹਿਸ

ਮੀਡੀਆ ’ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਵਿਸ਼ਵ ਭਰ ਦੇ ਸਿੱਖਾਂ ਵਿੱਚ ਭਾਰੀ ਰੋਸ ਹੈ।

ਗੁਰਪ੍ਰਤਾਪ ਸਿੰਘ ਖ਼ਾਲਸਾ ਵੱਲੋਂ ਜਿਮ ਪ੍ਰਬੰਧਕਾਂ ’ਤੇ ਲਾਏ ਗਏ ਨਸਲੀ ਵਿਤਕਰੇ ਦੇ ਦੋਸ਼ ਬਿਲਕੁਲ ਜਾਇਜ਼ ਅਤੇ ਤਰਕਸੰਗਤ ਪ੍ਰਤੀਤ ਹੁੰਦੇ ਹਨ। ਵਾਇਰਲ ਵੀਡੀਓ ਵਿੱਚ ਸਾ.ਫ ਦਿਖਾਈ ਦਿੰਦਾ ਹੈ ਕਿ ਜਿਮ ਸਟਾ.ਫ ਨੇ ਕਿਸੇ ਦੂਜੇ ਮੈਂਬਰ ਦੇ ਇਤਰਾਜ਼ ਨੂੰ ਬਿਨਾਂ ਕਿਸੇ ਡੂੰਘੀ ਪੜਤਾਲ ਜਾਂ ਸਿੱਖ ਰੀਤੀ-ਰਿਵਾਜ਼ਾਂ ਦੀ ਸਮਝ ਦੇ, ਸਿੱਧਾ ਹੁਕਮ ਸੁਣਾ ਦਿੱਤਾ।

ਸੰਵਿਧਾਨਕ ਅਧਿਕਾਰਾਂ ਦੇ ਪੱਖੀ: ਬਹੁਗਿਣਤੀ ਲੋਕਾਂ ਅਤੇ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡਾ ਦਾ ‘ਚਾਰਟਰ ਆ.ਫ ਰਾਈਟਸ ਐਂਡ ਫ੍ਰੀਡਮਜ਼’ ਹਰ ਨਾਗਰਿਕ ਨੂੰ ਆਪਣੀ ਆਸਥਾ ਮੁਤਾਬਕ ਜਿਊਣ ਦੀ ਆਜ਼ਾਦੀ ਦਿੰਦਾ ਹੈ। ਕੈਨੇਡਾ ਦੀ ਸੁਪਰੀਮ ਕੋਰਟ ਪਹਿਲਾਂ ਵੀ ਸਕੂਲਾਂ ਅਤੇ ਹੋਰ ਜਨਤਕ ਥਾਵਾਂ ’ਤੇ ਸ਼ਰਤਾਂ ਸਹਿਤ ਕਿਰਪਾਨ ਪਹਿਨਣ ਦੇ ਹੱਕ ਵਿੱਚ ਇਤਿਹਾਸਕ .ਫੈਸਲੇ ਸੁਣਾ ਚੁੱਕੀ ਹੈ।

ਦੂਜੇ ਪਾਸੇ, ਪ੍ਰਬੰਧਕ ਜਿਮ ਵਰਗੀਆਂ ਥਾਵਾਂ ’ਤੇ ਸੁਰੱਖਿਆ ਨਿਯਮਾਂ ਦਾ ਹਵਾਲਾ ਦੇ ਰਹੇ ਹਨ ਕਿ ਨਿੱਜੀ ਅਦਾਰਿਆਂ ਨੂੰ ਆਪਣੇ ਅੰਦਰ ਤਿੱਖੀਆਂ ਚੀਜ਼ਾਂ ’ਤੇ ਪਾਬੰਦੀ ਲਾਉਣ ਦਾ ਹੱਕ ਹੈ। ਪਰ ਇੱਥੇ ਸਵਾਲ ਇਹ ਉੱਠਦਾ ਹੈ ਕਿ ਕੀ ਸੁਰੱਖਿਆ ਨਿਯਮਾਂ ਦੇ ਨਾਂਅ ’ਤੇ ਕਿਸੇ ਦੀ ਧਾਰਮਿਕ ਆਜ਼ਾਦੀ ਦਾ ਘਾਣ ਕੀਤਾ ਜਾ ਸਕਦਾ ਹੈ?

ਇਸ ਨਸਲੀ ਵਿਤਕਰੇ ਖ਼ਿਲਾ.ਫ ਸਿੱਖ ਭਾਈਚਾਰਾ ਅਤੇ ਪ੍ਰਮੁੱਖ ਜਥੇਬੰਦੀਆਂ ਜਿਵੇਂ ਕਿ ਵਰਲਡ ਸਿੱਖ ਆਰਗੇਨਾਈਜ਼ੇਸ਼ਨ - ਇਕਜੁੱਟ ਹੋ ਕੇ ਸੰਸਥਾਗਤ ਲੜਾਈ ਲੜ ਰਹੀਆਂ ਹਨ।

ਪ੍ਰਭਾਵਿਤ ਇਨਫਲੂਐਂਸਰ ਅਤੇ ਕਾਨੂੰਨੀ ਟੀਮਾਂ ‘ਗੁੱਡ ਲਾਈ.ਫ ਫਿਟਨੈੱਸ’ ਦੇ ਉੱਚ ਪ੍ਰਬੰਧਕਾਂ ਤੱਕ ਪਹੁੰਚ ਕਰ ਰਹੀਆਂ ਹਨ ਤਾਂ ਜੋ ਇਸ ਘਟਨਾ ਲਈ ਜ਼ਿੰਮੇਵਾਰ ਸਟਾ.ਫ ਖ਼ਿਲਾ.ਫ ਕਾਰਵਾਈ ਕੀਤੀ ਜਾ ਸਕੇ ਅਤੇ ਸੰਸਥਾ ਵੱਲੋਂ ਜਨਤਕ ਤੌਰ ’ਤੇ



ਮੁਆ.ਫੀ ਮੰਗੀ ਜਾਵੇ।


ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਕੈਨੇਡਾ ਦੇ ਸਾਰੇ ਨਿੱਜੀ ਅਦਾਰੇ (ਜਿਮ, ਹੋਟਲ, ਮਾਲ ਆਦਿ) ਆਪਣੀਆਂ ਅੰਦਰੂਨੀ ਸੁਰੱਖਿਆ ਨੀਤੀਆਂ ਵਿੱਚ ਸਪਸ਼ਟ ਤੌਰ ’ਤੇ ‘ਸਿੱਖ ਕਕਾਰਾਂ’ ਨੂੰ ਛੋਟ ਦੇਣ, ਤਾਂ ਜੋ ਭਵਿੱਖ ਵਿੱਚ ਕਿਸੇ ਵੀ ਸਿੱਖ ਨੂੰ ਅਜਿਹੀ ਜ਼ਿਲ੍ਹਤ ਦਾ ਸਾਹਮਣਾ ਨਾ ਕਰਨਾ ਪਵੇ। ਸੋਸ਼ਲ ਮੀਡੀਆ ਇਨਫਲੂਐਂਸਰਜ਼ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਕੈਨੇਡੀਅਨ ਸਮਾਜ ਨੂੰ ਸਿੱਖੀ ਪਛਾਣ ਬਾਰੇ ਜਾਗਰੂਕ ਕਰਨ ਲਈ ਮੁਹਿੰਮਾਂ ਵਿੱਢੀਆਂ ਜਾ ਰਹੀਆਂ ਹਨ, ਤਾਂ (ਬਾਕੀ ਸ.ਫਾ 26 ’ਤੇ)

# ਪੱਤਰਕਾਰ ਨਹੀਂ, ਹੁਣ ਇਨਫਲੂਐਂਸਰ ਚਾਹੀਦੇ! ਕੀ ਇਹ ਮੋਦੀ ਸਰਕਾਰ ਦਾ ਨਵਾਂ ਮੀਡੀਆ ਮਾਡਲ ਹੈ?

## ਰਵਾਇਤੀ ਪੱਤਰਕਾਰੀ ਬਨਾਮ ਸੋਸ਼ਲ ਮੀਡੀਆ ਇਨਫਲੂਐਂਸਰ: ਭਰੋਸੇਯੋਗਤਾ ਅਤੇ ਲੋਕਪ੍ਰਿਯਤਾ ਦੀ ਜੰਗ

ਭਾਰਤ ਦੇ ਡਿਜੀਟਲ ਅਤੇ ਰਾਜਨੀਤਿਕ ਦ੍ਰਿਸ਼ ਵਿੱਚ ਪਿਛਲੇ ਕੁਝ ਸਾਲਾਂ ਤੋਂ ਇੱਕ ਬਹੁਤ ਹੀ ਸੂਖਮ ਪਰ ਡੂੰਘਾ ਬਦਲ ਦੇਖਣ ਨੂੰ ਮਿਲ ਰਿਹਾ ਹੈ। ਦਿੱਲੀ ਦੀਆਂ ਪਾਵਰ ਗੈਲਰੀਆਂ ਤੋਂ ਲੈ ਕੇ ਵੱਖ-ਵੱਖ ਰਾਜਾਂ ਦੇ ਪ੍ਰੈੱਸ ਹਾਲਾਂ ਤੱਕ, ਰਵਾਇਤੀ ਪੱਤਰਕਾਰਾਂ ਦੀ ਥਾਂ ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਯੂਟਿਊਬ ਕ੍ਰਿਏਟਰਾਂ ਦੀ ਮੌਜੂਦਗੀ ਹੁਣ ਇੱਕ ਆਮ ਦ੍ਰਿਸ਼ ਬਣ ਚੁੱਕੀ ਹੈ। ਇਹ ਬਦਲਾਅ ਸਿਰ.ਫ ਤਕਨਾਲੋਜੀ ਦੇ ਵਿਕਾਸ ਜਾਂ ਮਨੋਰੰਜਨ ਦੇ ਸਾਧਨਾਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਮੀਡੀਆ ਦੀ ਉਸ ਬੁਨਿਆਦੀ ਪਰਿਭਾਸ਼ਾ ਨੂੰ ਸਿੱਧੀ ਚੁਣੌਤੀ ਦੇ ਰਿਹਾ ਹੈ ਜੋ ਦਹਾਕਿਆਂ ਤੋਂ ‘ਤੱਥਾਂ ਦੀ ਭਰੋਸੇਯੋਗਤਾ’ ਅਤੇ ‘ਸੱਤਾ ਨੂੰ ਸਵਾਲ ਪੁੱਛਣ ਦੀ ਜ਼ਿੰਮੇਵਾਰੀ’ ’ਤੇ ਟਿਕੀ ਹੋਈ ਸੀ। ਸਵਾਲ ਇਹ ਉੱਠਦਾ ਹੈ ਕਿ ਕੀ ਮੋਦੀ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਰਵਾਇਤੀ ਮੀਡੀਆ ਨੂੰ ਪਾਸੇ ਕਰਕੇ ਇੱਕ ਅਜਿਹਾ ਨਵਾਂ ਮੀਡੀਆ ਮਾਡਲ ਤਿਆਰ ਕਰ ਰਹੀਆਂ ਹਨ, ਜਿੱਥੇ ਸਵਾਲਾਂ ਦੀ ਥਾਂ ਸਿਰ.ਫ ਸਰਕਾਰੀ ਨੈਰੇਟਿਵ (ਏਜੰਡੇ) ਦਾ ਪ੍ਰਚਾਰ ਹੋਵੇ?

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੌਰਾਨ ਇੱਕ ਵੀ ਰਸਮੀ ਪ੍ਰੈੱਸ ਕਾਨਫਰੰਸ ਨਾ ਹੋਣਾ ਅਤੇ ਦੂਜੇ ਪਾਸੇ ਸੋਸ਼ਲ ਮੀਡੀਆ ਇਨਫਲੂਐਂਸਰਾਂ ਨੂੰ ‘ਨਵੇਂ ਭਾਰਤ ਦੇ ਰਾਜਦੂਤ’ ਵਜੋਂ ਨਿਵਾਜਣਾ, ਸੱਤਾ ਦੀ ਨਵੀਂ ਮੀਡੀਆ ਨੀਤੀ ਨੂੰ ਸਾ.ਫ ਬਿਆਨ




ਕਰਦਾ ਹੈ। ਸਾਲ 2024 ਦੇ ‘ਨੈਸ਼ਨਲ ਕ੍ਰਿਏਟਰਸ ਅਵਾਰਡਸ’ ਤੋਂ ਲੈ ਕੇ ‘ਵਿਕਸਿਤ ਭਾਰਤ’ ਅਤੇ ਜੀ-20 ਵਰਗੇ ਵੱਡੇ ਸਰਕਾਰੀ ਆਯੋਜਨਾਂ ਵਿੱਚ ਇਨ੍ਹਾਂ ਕ੍ਰਿਏਟਰਾਂ ਦੀ ਵੀ.ਆਈ.ਪੀ. ਮੌਜੂਦਗੀ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਹੁਣ ਉਸ ਆਵਾਜ਼ ਨੂੰ ਗਲੇ ਲਗਾ ਰਹੀ ਹੈ ਜਿਸ ਨੂੰ ਦੇਸ਼ ਦੀ ਨਵੀਂ ਪੀੜ੍ਹੀ ਸੁਣਦੀ ਅਤੇ ਦੇਖਦੀ ਹੈ। ਪਰ ਇਸ ਲੋਕਪ੍ਰਿਯਤਾ ਦੇ ਪਿੱਛੇ ਛੁਪਿਆ ਸਭ ਤੋਂ ਵੱਡਾ ਸੱਚ ਇਹ ਹੈ ਕਿ ਇਹ ਇਨਫਲੂਐਂਸਰ ਕਦੇ ਸੱਤਾ ਨੂੰ ਤਿੱਖੇ ਸਵਾਲ ਨਹੀਂ ਪੁੱਛਦੇ। ਉਹ ਸਰਕਾਰੀ ਨੀਤੀਆਂ ’ਤੇ ਚਰਚਾ ਤਾਂ ਕਰਦੇ ਹਨ, ਪਰ ਉਹ ਚਰਚਾ ਸਿਰ.ਫ ਪ੍ਰਸ਼ੰਸਾ ਅਤੇ ਪ੍ਰਚਾਰ ਤੱਕ ਸੀਮਤ ਹੁੰਦੀ ਹੈ।

ਇਸ ਨਵੇਂ ਮੀਡੀਆ ਮਾਡਲ ਨੂੰ ਹੁਣ ਰਾਜ ਸਰਕਾਰਾਂ ਨੇ ਵੀ ਅਪਣਾ ਲਿਆ ਹੈ। ਉੱਤਰ ਪ੍ਰਦੇਸ਼ ਵਿੱਚ ‘ਬ੍ਰਾਂਡ ਯੂ.ਪੀ.’ ਮੁਹਿੰਮ ਹੋਵੇ, ਜਾਂ ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਉੱਤਰਾਖੰਡ ਵਰਗੇ ਰਾਜਾਂ ਵਿੱਚ ਟ੍ਰੈਵਲ ਬਲੌਗਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਸਹੂਲਤਾਂ ਅਤੇ ਮਹੀਨਾਵਾਰ ਵਜ਼ੀ.ਫੇ (ਸਟਾਈਪੈਂਡ) - ਇਹ ਸਭ ਦਰਸਾਉਂਦਾ ਹੈ ਕਿ ਡਿਜੀਟਲ ਕ੍ਰਿਏਟਰਾਂ ਨੂੰ ਹੁਣ ਮੁੱਖ ਧਾਰਾ ਦੇ ਪੱਤਰਕਾਰਾਂ ਦੇ ਬਰਾਬਰ ਜਾਂ ਸ਼ਾਇਦ ਉਨ੍ਹਾਂ ਤੋਂ ਵੀ ਉੱਪਰ ਖੜ੍ਹਾ ਕੀਤਾ ਜਾ ਰਿਹਾ ਹੈ। ਜਿੱਥੇ ਇੱਕ ਸੀਨੀਅਰ ਪੱਤਰਕਾਰ ਨੂੰ ਮੰਤਰੀਆਂ ਤੱਕ ਪਹੁੰਚ ਲਈ ਲੰਬਾ ਇੰਤਜ਼ਾਰ ਕਰਨਾ ਪੈਂਦਾ ਹੈ, ਉੱਥੇ ਲੱਖਾਂ ਸਬਸਕ੍ਰਾਈਬਰਸ ਵਾਲੇ ਯੂਟਿਊਬਰਾਂ ਨੂੰ ਸਿੱਧਾ ਦਾਖਲਾ ਮਿਲ ਰਿਹਾ ਹੈ। ਸਰਕਾਰ ਲਈ ਇਹ ਸੌਦਾ ਬਹੁਤ ਫਾਇਦੇਮੰਦ ਹੈ; ਇੱਕ ਪੱਤਰਕਾਰ ਤੱਥ ਖੋਜੇਗਾ, ਸਵਾਲ ਪੁੱਛੇਗਾ ਅਤੇ ਨੀਤੀਆਂ ਦੀ ਆਲੋਚਨਾ ਕਰੇਗਾ, (ਬਾਕੀ ਸ.ਫਾ 26 ’ਤੇ)

## ਪੰਥਕ ਸਿਆਸਤ ਵਿੱਚ ਧਮਾਕਾ

# ਅਕਾਲੀ ਦਲ (ਪੁਨਰ ਸੁਰਜੀਤ) ਦੋਫਾੜ, ਝੂੰਦਾਂ ਧੜੇ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਚੋਣਾਂ ਲੜਨ ਦਾ ਐਲਾਨ

### ਸੁਰਜੀਤ ਹੋਣ ਦੀ ਥਾਂ ਬਿਖਰਿਆ ਪੁਨਰ ਸੁਰਜੀਤ ਅਕਾਲੀ ਦਲ, ਗਿਆਨੀ ਹਰਪ੍ਰੀਤ ਸਿੰਘ ਵੱਲੋਂ 6 ਸਾਲ ਲਈ ਬਰਖ਼ਾਸਤ ਝੂੰਦਾ

### ਪੰਥਕ ਏਕਤਾ ’ਤੇ ਬਾਬਾ ਬੇਦੀ ਦੀ ਚਿਤਾਵਨੀ: ‘ਸਿਰਫ਼ ਸਿਆਸੀ ਸਮਝੌਤਿਆਂ ਨਾਲ ਨਹੀਂ, ਸਾਂਝੇ ਰੋਡਮੈਪ ਨਾਲ ਹੋਵੇਗੀ ਏਕਤਾ’






2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀ ਪੰਥਕ ਰਾਜਨੀਤੀ ਵਿੱਚ ਇੱਕ ਬਹੁਤ ਵੱਡਾ ਅਣਕਿਆਸਿਆ ਉਲਟਫ਼ੇਰ ਦੇਖਣ ਨੂੰ ਮਿਲਿਆ ਹੈ। ਪੰਥਕ ਏਕਤਾ, ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਇੱਕ ਛੱਤ ਹੇਠ ਲਿਆਉਣ ਅਤੇ ਪੰਥਕ ਰਾਜਨੀਤੀ ਨੂੰ ਮੁੜ ਸੁਰਜੀਤ ਕਰਨ ਦੇ ਦਾਅਵਿਆਂ ਨਾਲ ਵਜੂਦ ਵਿੱਚ ਆਇਆ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਸੁਰਜੀਤ ਹੋਣ ਦੀ ਥਾਂ ਪੂਰੀ ਤਰ੍ਹਾਂ ਖਿਲਰ ਗਿਆ ਹੈ।

ਚੰਡੀਗੜ੍ਹ ਵਿਖੇ ਹੋਈ ਪੰਥਕ ਇਕੱਤਰਤਾ ਦੌਰਾਨ ਪਾਰਟੀ ਦੇ ਸੀਨੀਅਰ ਆਗੂ ਜਥੇਦਾਰ ਇਕਬਾਲ ਸਿੰਘ ਝੂੰਦਾਂ ਅਤੇ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਅਕਾਲੀ ਨੇਤਾਵਾਂ ਨੇ ਪਾਰਟੀ ਤੋਂ ਬਗਾਵਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ‘ਵਾਰਿਸ ਪੰਜਾਬ ਦੇ’ ਨੂੰ ਬਿਨਾਂ ਕਿਸੇ ਸ਼ਰਤ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਨਵੇਂ ਗੱਠਜੋੜ ਨੇ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ, ਜਿਸ ਨਾਲ ਪੰਜਾਬ ਦੇ ਰਾਜਨੀਤਿਕ ਸਮੀਕਰਨ ਪੂਰੀ ਤਰ੍ਹਾਂ ਬਦਲ ਗਏ ਹਨ।

ਚੰਡੀਗੜ੍ਹ ਵਿਖੇ ਹੋਈ ਇਸ ਹੰਗਾਮੀ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ ‘ਵਾਰਿਸ ਪੰਜਾਬ ਦੇ’ ਦੀ ਸੀਨੀਅਰ ਲੀਡਰਸ਼ਿਪ—ਜਿਨ੍ਹਾਂ ਵਿੱਚ ਬਾਪੂ ਤਰਸੇਮ ਸਿੰਘ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਅਤੇ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਸ਼ਾਮਲ ਸਨ। ਇਸ ਮੌਕੇ ਪਾਰਟੀ ਬਦਲਣ ਦੇ ਕਾਰਨਾਂ ਦਾ ਖੁਲਾਸਾ ਕਰਦਿਆਂ ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਪੰਜਾਬ ਅਤੇ ਖ਼ਾਲਸਾ ਪੰਥ ਇਸ ਸਮੇਂ ਗੰਭੀਰ ਸੰਕਟ ਅਤੇ ਚੁਣੌਤੀਆਂ ਵਿੱਚੋਂ ਲੰਘ ਰਹੇ ਹਨ। ਅਜਿਹੇ ਸਮੇਂ ਵਿੱਚ ਇੱਕ ਦ੍ਰਿੜ੍ਹ, ਨਿਡਰ ਅਤੇ ਪੰਥ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਲੀਡਰਸ਼ਿਪ ਦੀ ਲੋੜ ਸੀ। ਲੋਕ ਸਭਾ ਚੋਣਾਂ ਦੇ ਨਤੀਜਿਆਂ ਅਤੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ਾਂ ਤੋਂ ਬਾਅਦ ਸੰਗਤ ਨੇ ਰਾਜਸੀ ਖੇਤਰ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਧਾਰਮਿਕ ਖੇਤਰ ਵਿੱਚ ਬੀਬੀ ਸਤਵੰਤ ਕੌਰ ਨੂੰ ਵੱਡੇ ਪੱਧਰ ’ਤੇ ਪ੍ਰਵਾਨਗੀ ਦਿੱਤੀ ਹੈ। ਭਾਈ ਅੰਮ੍ਰਿਤਪਾਲ ਸਿੰਘ ਵਿੱਚ ਵੱਖ-ਵੱਖ ਧਿਰਾਂ ਨੂੰ ਇੱਕ ਮੰਚ ’ਤੇ ਲਿਆਉਣ ਦੀ ਸਮਰੱਥਾ ਹੈ।

**ਗਿਆਨੀ ਹਰਪ੍ਰੀਤ ਸਿੰਘ ਵੱਲੋਂ ਝੂੰਦਾਂ ਬਰਖਾਸਤ**

ਇਸ ਸਿਆਸੀ ਧਮਾਕੇ ਦੇ ਤੁਰੰਤ ਬਾਅਦ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਅਨੁਸ਼ਾਸਨੀ ਕਾਰਵਾਈ ਕਰਦਿਆਂ ਜਥੇਦਾਰ ਇਕਬਾਲ ਸਿੰਘ ਝੂੰਦਾਂ ਦੀ ਮੁੱਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਅਤੇ ਉਨ੍ਹਾਂ ਨੂੰ 6 ਸਾਲ ਲਈ ਪਾਰਟੀ ’ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ।

**ਗਿਆਨੀ ਹਰਪ੍ਰੀਤ ਸਿੰਘ ਦਾ ਐਕਸ (ਟਵਿੱਟਰ) ’ਤੇ ਤਿੱਖਾ ਹਮਲਾ:**

ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਕਿ ਸੱਤਾ ਦੀਆਂ ਭੁੱਖੀਆਂ ਲੂੰਬੜੀਆਂ ਪੰਥਕ ਏਕਤਾ ਦੀ ਆੜ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ’ਤੇ ਕੀਤੀ ਅਰਦਾਸ ’ਚੋਂ ਨਿਕਲੀ ਪਾਰਟੀ ਨੂੰ ਦਗਾ ਦੇ ਕੇ ਕਿਸੇ ਹੋਰ ਨਾਲ ਵਫ਼ਾ ਕਰਨ ਤੁਰ ਪਈਆਂ ਹਨ।

**ਝੂੰਦਾਂ ਅਤੇ ਉਮੈਦਪੁਰੀ ਦਾ ਪਲਟਵਾਰ**

ਪਾਰਟੀ ਵਿਚੋਂ ਕੱਢੇ ਜਾਣ ’ਤੇ ਪ੍ਰਤੀਕਰਮ ਦਿੰਦਿਆਂ ਝੂੰਦਾਂ ਨੇ ਕਿਹਾ ਕਿ ਉਹ ਇਸ ਨੂੰ ਨਿੱਜੀ ਲੜਾਈ ਨਹੀਂ ਬਲਕਿ ਵਿਚਾਰਧਾਰਕ ਮਤਭੇਦ ਵਜੋਂ ਦੇਖਦੇ ਹਨ। ਅਸਹਿਮਤੀ ਨੂੰ ਬਦਲਾਖੋਰੀ ਦਾ ਰੂਪ ਦੇਣਾ ਅਕਾਲੀ ਪਰੰਪਰਾ ਨਹੀਂ ਹੈ।

ਦੂਜੇ ਪਾਸੇ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਦੀ ਅਗਵਾਈ ਹੇਠ ਦਰਜਨਾਂ ਪੰਥਕ ਆਗੂਆਂ (ਜਿਨ੍ਹਾਂ ਵਿੱਚ ਸੁਖਵਿੰਦਰ ਸਿੰਘ ਔਲਖ, ਮਾਸਟਰ ਜੌਹਰ ਸਿੰਘ, ਸਤਵਿੰਦਰ ਸਿੰਘ ਟੌਹੜਾ, ਅਮਰੀਕ ਸਿੰਘ ਸ਼ਾਹਪੁਰ ਆਦਿ ਸ਼ਾਮਲ ਸਨ) ਨੇ ਗਿਆਨੀ ਹਰਪ੍ਰੀਤ ਸਿੰਘ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪ੍ਰਧਾਨ ਦੀ ਇੱਕ ਸਾਲ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਕਰਕੇ ਪਹਿਲਾਂ ਹੀ 15 ਤੋਂ 20 ਸੀਨੀਅਰ ਆਗੂ ਪਾਰਟੀ ਛੱਡ ਚੁੱਕੇ ਹਨ। ਜੋ ਕੰਮ ਪ੍ਰਧਾਨ ਇੱਕ ਸਾਲ ’ਚ ਨਹੀਂ ਕਰ ਸਕੇ, ਉਹ ਉਨ੍ਹਾਂ ਨੇ 10 ਦਿਨਾਂ ਵਿੱਚ ਕਰ ਵਿਖਾਇਆ। ਹੁਣ ਸੈਂਕੜੇ ਹੋਰ ਵਰਕਰ ਵੀ ਪਾਰਟੀ ਨੂੰ ਅਲਵਿਦਾ ਕਹਿਣ ਲਈ ਤਿਆਰ ਬੈਠੇ ਹਨ।

**ਅਕਾਲੀ ਦਲ (ਪੁਨਰ ਸੁਰਜੀਤ) ਦੇ ਬਿਖੇੜੇ ਦਾ ਕਾਰਨ ਅਤੇ ਸੱਤਾ ਦੀ ਦੌੜ**

ਸ਼੍ਰੋਮਣੀ ਅਕਾਲੀ ਦਲ ਦੇ ਡਿੱਗ ਰਹੇ ਗ੍ਰਾਫ਼ ਨੂੰ ਸੰਭਾਲਣ ਅਤੇ ਪੰਥਕ ਧਿਰਾਂ ਨੂੰ ਇਕੱਠਾ ਕਰਨ ਲਈ ਬਣੀ ਇਹ ਪਾਰਟੀ ਬਹੁਤ ਜਲਦੀ ਤਾਸ਼ ਦੇ ਪੱਤਿਆਂ ਵਾਂਗ ਖਿਲਰ ਗਈ। ਇਸ ਦੇ ਪਿੱਛੇ ਹੇਠ ਲਿਖੇ ਮੁੱਖ ਕਾਰਨ ਸਾਹਮਣੇ ਆਏ ਹਨ:

ਗਿਆਨੀ ਹਰਪ੍ਰੀਤ ਸਿੰਘ ਨੇ ਸ਼ੁਰੂਆਤ ਵਿੱਚ ਐਲਾਨ ਕੀਤਾ ਸੀ ਕਿ ਉਹ ਕੋਈ ਚੋਣ ਨਹੀਂ ਲੜਨਗੇ ਅਤੇ ਨਾ ਹੀ ਮੁੱਖ ਮੰਤਰੀ ਬਣਨ ਦੇ ਚਾਹਵਾਨ ਹਨ। ਪਰ ਪਾਰਟੀ ਵਿੱਚ ਸ਼ਾਮਲ ਹੋਏ ਬਾਕੀ ਆਗੂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਟਿਕਟ ਅਤੇ ਸਿਆਸੀ ਭਵਿੱਖ ਪੱਕਾ ਕਰਨਾ ਚਾਹੁੰਦੇ ਸਨ।

ਸੰਗਠਨਾਤਮਕ ਢਾਂਚਾ ਬਣਨ ਦੇ ਕੁਝ ਮਹੀਨਿਆਂ ਬਾਅਦ ਹੀ ਆਗੂਆਂ ਵਿੱਚ ਇਕਸੁਰਤਾ ਖ਼ਤਮ ਹੋ ਗਈ। ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਆਲੀ, ਚਰਨਜੀਤ ਸਿੰਘ ਬਰਾੜ, ਤੇਜਿੰਦਰਪਾਲ ਸਿੰਘ ਸੰਧੂ, ਹਰੀ ਸਿੰਘ ਨਾਭਾ, ਕਰਨੈਲ ਸਿੰਘ ਪੰਜੋਲੀ ਅਤੇ ਬੀਬੀ ਪਰਮਜੀਤ ਕੌਰ ਲਾਂਡਰਾਂ ਸਮੇਤ ਇੱਕ ਦਰਜਨ ਤੋਂ ਵੱਧ ਪ੍ਰਮੁੱਖ ਚਿਹਰੇ ਪਹਿਲਾਂ ਹੀ ਪਾਰਟੀ ਨਾਲੋਂ ਨਾਤਾ ਤੋੜ ਚੁੱਕੇ ਸਨ।

ਪਾਰਟੀ ਕੋਲ ਪੰਥ ਅਤੇ ਪੰਜਾਬ ਦੇ ਮੁੱਦਿਆਂ ’ਤੇ ਕੋਈ ਠੋਸ ਨੀਤੀ ਜਾਂ ਕਾਰਜ-ਯੋਜਨਾ ਨਹੀਂ ਸੀ, ਜਿਸ ਕਰਕੇ ਆਗੂ ਕੇਵਲ ਚੋਣ ਗੱਠਜੋੜਾਂ ਤੱਕ ਸੀਮਤ ਹੋ ਕੇ ਰਹਿ ਗਏ।

**ਪੰਜ ਮੈਂਬਰੀ ਕਮੇਟੀ ਅਕਾਲੀ ਦਲ ਕਿਉਂ ਨਾ ਉਸਾਰ ਸਕੀ?**

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਗਠਿਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਦਾ ਮੂਲ ਮਨੋਰਥ ਸਿੱਖ ਰਾਜਨੀਤਿਕ ਧਿਰਾਂ ਨੂੰ ਇੱਕਜੁੱਟ ਕਰਕੇ ਅਕਾਲੀ ਦਲ ਦਾ ਪੁਨਰ-ਗਠਨ ਕਰਨਾ ਸੀ। ਪਰ ਇਹ ਉਪਰਾਲਾ ਸਫ਼ਲ ਨਾ ਹੋ ਸਕਿਆ। ਕਮੇਟੀ ਨੇ ਪੰਥਕ ਸੰਕਟ ਦੀਆਂ ਜੜ੍ਹਾਂ ਤੱਕ ਜਾਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਸਿਰਫ਼ ਸਿਆਸੀ ਚਿਹਰਿਆਂ ਨੂੰ ਜੋੜਨ ’ਤੇ ਜ਼ੋਰ ਦਿੱਤਾ। ਵੱਖ-ਵੱਖ ਧੜਿਆਂ ਕੋਲ ਆਪਣੀਆਂ ਸਿਆਸੀ ਰੰਜਿਸ਼ਾਂ ਸਨ। ਜਦੋਂ ਤੱਕ ਇੱਕ ਸਾਂਝਾ ਏਜੰਡਾ ਤਿਆਰ ਨਹੀਂ ਹੋਇਆ, ਉਦੋਂ ਤੱਕ ਇਹ ਏਕਤਾ ਕਾਗਜ਼ੀ ਸਾਬਤ ਹੋਈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਅਧੂਰੀ ਪਾਲਣਾ: ਸੰਗਤ ਦੀ ਭਾਵਨਾ ਅਨੁਸਾਰ ਤਿਆਗ ਕਰਨ ਦੀ ਬਜਾਏ ਆਗੂਆਂ ਨੇ ਆਪੋ-ਆਪਣੇ ਧੜਿਆਂ ਨੂੰ ਮਜ਼ਬੂਤ ਕਰਨ ਨੂੰ ਪਹਿਲ ਦਿੱਤੀ।

**ਬਾਬਾ ਸਰਬਜੋਤ ਸਿੰਘ ਬੇਦੀ ਦੀ ਅਪੀਲ: ਸਿਰਫ਼ ਸਿਆਸੀ ਸਮਝੌਤਿਆਂ ਨਾਲ ਏਕਤਾ ਨਹੀਂ ਹੁੰਦੀ।**

ਇਸ ਪੂਰੇ ਘਟਨਾਕ੍ਰਮ ਅਤੇ ਪੰਥਕ ਰਾਜਨੀਤੀ ਦੇ ਨਿਘਾਰ ’ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪ੍ਰਮੁੱਖ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਉਨਾ ਨੇ ਆਪਣਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜ ਮੈਂਬਰੀ ਕਮੇਟੀ ਬਣਾਉਣਾ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਕਦਮ ਸੀ, ਪਰ ਇਸ ਦੀ ਵਰਤੋਂ ਸਹੀ ਢੰਗ ਨਾਲ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਅਸੀਂ ਆਪਣੇ ਸੰਕਟ ਦੀ ਜੜ੍ਹ ਤੱਕ ਨਹੀਂ ਪਹੁੰਚਦੇ, ਤਦ ਤੱਕ ਕੋਈ ਵੀ ਰਾਜਨੀਤਿਕ ਏਕਤਾ ਸਥਾਈ ਅਤੇ ਪ੍ਰਭਾਵਸ਼ਾਲੀ ਸਾਬਤ ਨਹੀਂ ਹੋ ਸਕਦੀ। ਅਸੀਂ ਹਾਲੇ ਤੱਕ ਅਕਾਲੀ ਦਲ ਨੂੰ ਪੰਥਕ ਭਾਵਨਾਵਾਂ ਅਨੁਸਾਰ ਪੂਰੀ ਤਰ੍ਹਾਂ ਉਸਾਰ ਨਹੀਂ ਸਕੇ। ਸਿਰਫ਼ ਸਿਆਸੀ ਧਿਰਾਂ ਦੇ ਆਪਸੀ ਸਮਝੌਤਿਆਂ ਤੱਕ ਸੀਮਿਤ ਰਹਿਣ ਦੀ ਬਜਾਏ ਪੰਥ ਅਤੇ ਪੰਜਾਬ ਲਈ ਇੱਕ ਵਿਆਪਕ ਰੋਡਮੈਪ ਤਿਆਰ ਕਰਨਾ ਪਵੇਗਾ।

ਬਾਬਾ ਬੇਦੀ ਨੇ ਕਿਹਾ ਕਿ ਆਨੰਦਪੁਰ ਸਾਹਿਬ ਦੇ ਮਤੇ ਦੀ ਭਾਵਨਾ ਅਨੁਸਾਰ ਪੰਥ ਦੇ ਵਿਦਵਾਨਾਂ, ਚਿੰਤਕਾਂ, ਕਿਸਾਨ ਜਥੇਬੰਦੀਆਂ, ਉਦਯੋਗਪਤੀਆਂ, ਸਿੱਖਿਆ ਸ਼ਾਸਤਰੀਆਂ, ਨੌਜਵਾਨਾਂ ਅਤੇ ਪਰਵਾਸੀ ਸਿੱਖਾਂ ਨਾਲ ਮਿਲ ਕੇ ਨਵੀਂ ਨੀਤੀ ਬਣੇ।

ਉਨ੍ਹਾਂ ਕਿਹਾ ਕਿ ਧਾਰਮਿਕ ਆਜ਼ਾਦੀ, ਪੰਥਕ ਸੰਸਥਾਵਾਂ ਦੀ ਮਜ਼ਬੂਤੀ, ਪੰਜਾਬ ਦੀ ਖੁਦਮੁਖਤਿਆਰੀ, ਖੇਤੀਬਾੜੀ, ਰੋਜ਼ਗਾਰ, ਨਸ਼ਿਆਂ ਦਾ ਖਾਤਮਾ, ਅਤੇ ਪੰਜਾਬੀ ਭਾਸ਼ਾ ਦੀ ਸੰਭਾਲ ’ਤੇ ਸਪੱਸ਼ਟ ਕਾਰਜ-ਯੋਜਨਾ ਹੋਣੀ ਚਾਹੀਦੀ ਹੈ।

ਬਾਬਾ ਬੇਦੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਮਕਸਦ ਕੇਵਲ ਸਰਕਾਰ ਬਣਾਉਣਾ ਜਾਂ ਚੋਣਾਂ ਜਿੱਤਣਾ ਰਹਿ ਗਿਆ, ਤਾਂ ਇਹ ਉਪਰਾਲਾ ਆਪਣੇ ਮੂਲ ਮਿਸ਼ਨ ਤੋਂ ਭਟਕ ਜਾਵੇਗਾ। ਸੱਤਾ ਇੱਕ ਸਾਧਨ ਹੈ, ਮੰਜ਼ਿਲ ਕੇਵਲ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਖ਼ੁਸ਼ਹਾਲੀ ਹੈ।

# ਬਰਤਾਨੀਆਂ ’ਚ ਸਿੱਖਾਂ ’ਤੇ ਨਸਲੀ ਹਮਲਿਆਂ ਕਾਰਨ ਸਿੱਖ ਜਥੇਬੰਦੀਆਂ ਚਿੰਤਤ

ਲੰਡਨ/ਏ.ਟੀ.ਨਿਊਜ਼: ਪੱਛਮੀ ਲੰਡਨ ਵਿੱਚ ਇੱਕ ਨੌਜਵਾਨ ਸਿੱਖ ਔਰਤ ਦੀ ਚਾਕੂ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਬਾਅਦ ਬ੍ਰਿਟਿਸ਼ ਸਿੱਖ ਜਥੇਬੰਦੀਆਂ ਨੇ ਦੇਸ਼ ਵਿੱਚ ਸਿੱਖ ਵਿਰੋਧੀ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਦਾ ਦਾਅਵਾ ਕੀਤਾ ਹੈ। ਸਿੱਖ ਜਥੇਬੰਦੀਆਂ ਇਸ ਹਫ਼ਤੇ ਬ੍ਰਿਟਿਸ਼ ਪਾਰਲੀਮੈਂਟ (ਸੰਸਦ) ਵਿੱਚ ਪਹੁੰਚ ਕੇ ਸੰਸਦ ਮੈਂਬਰਾਂ ਕੋਲ ਆਪਣਾ ਪੱਖ ਰੱਖਣਗੀਆਂ (ਲਾਬਿੰਗ ਕਰਨਗੀਆਂ) ਅਤੇ ਯੂ.ਕੇ. ਸਰਕਾਰ ’ਤੇ ਸਿੱਖਾਂ ਵਿਰੁੱਧ ਵਧ ਰਹੀ ਨਫ਼ਰਤ ਨੂੰ ਰੋਕਣ ਵਿੱਚ ਅਸਫ਼ਲ ਰਹਿਣ ਦੇ ਦੋਸ਼ ਲਗਾਉਣਗੀਆਂ।

ਇਹ ਮੁਹਿੰਮ ਪੱਛਮੀ ਲੰਡਨ ਦੇ ਹੇਜ਼ ਇਲਾਕੇ ਵਿੱਚ ਹੋਏ ਦੋਹਰੇ ਚਾਕੂ ਹਮਲੇ ਵਿੱਚ ਪੰਜਾਬ ਦੇ ਤਰਨਤਾਰਨ ਨਾਲ ਸਬੰਧਿਤ 24 ਸਾਲਾ ਕਿਰਨਦੀਪ ਕੌਰ ਦੀ ਮੌਤ ਤੋਂ ਕੁਝ ਦਿਨਾਂ ਬਾਅਦ ਸ਼ੁਰੂ ਹੋਈ ਹੈ। ਇਸੇ ਹਮਲੇ ਵਿੱਚ ਇੱਕ ਹੋਰ 20 ਸਾਲਾ ਨੌਜਵਾਨ ਵੀ ਜ਼ਖ਼ਮੀ ਹੋਇਆ ਸੀ, ਜੋ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ।

ਇਸ ਮਾਮਲੇ ਵਿੱਚ 44 ਸਾਲਾ ਵਿਅਕਤੀ ਡੈਨੀਅਲ ਸੀਨ ਜੇਮਸ ’ਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਤੇਜ਼ਧਾਰ ਹਥਿਆਰ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਟਰੋਪੋਲੀਟਨ ਪੁਲਿਸ ਨੇ ਹਮਲੇ ਦੇ ਪਿੱਛੇ ਦੇ ਅਸਲ ਮਕਸਦ ਦਾ ਅਜੇ ਖ਼ੁਲਾਸਾ ਨਹੀਂ ਕੀਤਾ ਹੈ, ਪਰ ਕਿਰਨਦੀਪ ਕੌਰ ਦੇ ਪਰਿਵਾਰ ਨੇ ਜਾਸੂਸਾਂ ਨੂੰ ਇਸ ਗੱਲ ਦੀ ਜਾਂਚ ਕਰਨ ਦੀ ਅਪੀਲ ਕੀਤੀ ਹੈ ਕਿ ਕੀ ਇਸ ਹਮਲੇ ਪਿੱਛੇ ਨਸਲੀ ਨਫ਼ਰਤ ਦੀ ਕੋਈ ਭੂਮਿਕਾ ਸੀ। ਮੁਲਜ਼ਮ ਜੇਮਸ ਨੂੰ ਪਿਛਲੇ ਦਿਨੀਂ ਅਦਾਲਤ ਵਿੱਚ ਪੇਸ਼ ਕਰਕੇ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਇਸ ਸੰਸਦੀ ਮੁਹਿੰਮ ਦੀ ਅਗਵਾਈ ‘ਸਿੱਖ ਫ਼ੈਡਰੇਸ਼ਨ (ਯੂ.ਕੇ.)’ ਅਤੇ ਉਸ ਨਾਲ ਸਬੰਧਿਤ ‘ਸਿੱਖ ਨੈੱਟਵਰਕ’ ਵੱਲੋਂ ਕੀਤੀ ਜਾ ਰਹੀ ਹੈ। ਉਹ ਸੰਸਦ ਮੈਂਬਰਾਂ ਨੂੰ ਅਪੀਲ ਕਰਨਗੇ ਕਿ ਉਹ ਸਰਕਾਰ ’ਤੇ ਸਿੱਖਾਂ ਵਿਰੁੱਧ ਹੁੰਦੇ ਨਫ਼ਰਤੀ ਅਪਰਾਧਾਂ ਨੂੰ ਮਾਨਤਾ ਦੇਣ ਅਤੇ ਇਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਦਬਾਅ ਬਣਾਉਣ।

ਇਸ ਮੁਹਿੰਮ ਦਾ ਪਿਛੋਕੜ ਸਾਊਥੈਂਪਟਨ ਵਿੱਚ ਹੈਨਰੀ ਨੋਵਾਕ ਦੇ ਕਤਲ ਅਤੇ ਉਸ ਤੋਂ ਬਾਅਦ ਵਿਕਰਮ ਦਿਗਵਾ ਦੀ ਸਜ਼ਾ ਨਾਲ ਵੀ ਜੁੜਿਆ ਹੋਇਆ ਹੈ। ਉਸ ਮਾਮਲੇ ਨੇ ਬ੍ਰਿਟੇਨ ਵਿੱਚ ਕਾਨੂੰਨੀ ਸੁਰੱਖਿਆ ਪ੍ਰਾਪਤ ਸਿੱਖਾਂ ਦੇ ਧਾਰਮਿਕ ਚਿੰਨ੍ਹ ‘ਕਿਰਪਾਨ’ ਬਾਰੇ ਇੱਕ ਸਿਆਸੀ ਬਹਿਸ ਛੇੜ ਦਿੱਤੀ ਸੀ। ਸਿੱਖ ਸੰਗਠਨਾਂ ਦਾ ਤਰਕ ਹੈ ਕਿ ਇਸ ਮਾਮਲੇ ਤੋਂ ਬਾਅਦ ਕਿਰਪਾਨ ਬਾਰੇ ਜਨਤਕ ਤੌਰ ’ਤੇ ਹੋਈਆਂ ਬਹਿਸਾਂ ਨੇ ਭਾਈਚਾਰੇ ਦੇ ਮੈਂਬਰਾਂ ਪ੍ਰਤੀ ਨਫ਼ਰਤ ਵਧਾਉਣ ਦਾ ਕੰਮ ਕੀਤਾ ਹੈ। ਬ੍ਰਿਟੇਨ ਵਿੱਚ 5,25,000 ਤੋਂ ਵੱਧ ਸਿੱਖ ਰਹਿੰਦੇ ਹਨ, ਜੋ ਭਾਰਤ ਤੋਂ ਬਾਹਰ ਸਭ ਤੋਂ ਵੱਡੀ ਸਿੱਖ ਆਬਾਦੀ ਵਿੱਚੋਂ ਇੱਕ ਹੈ। ਹਾਲਾਂਕਿ ਪੁਲਿਸ ਧਾਰਮਿਕ ਨਫ਼ਰਤ ਵਾਲੇ ਅਪਰਾਧ ਦਰਜ ਕਰਦੀ ਹੈ, ਪਰ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਪਛਾਣ ਕਰਨ ਵਾਲੇ ਕੋਈ ਕੌਮੀ ਅੰਕੜੇ ਅਧਿਕਾਰਤ ਤੌਰ ’ਤੇ ਪ੍ਰਕਾਸ਼ਿਤ ਨਹੀਂ ਕੀਤੇ ਜਾਂਦੇ।

‘ਸਿੱਖ ਨੈੱਟਵਰਕ’ ਵੱਲੋਂ 1,000 ਤੋਂ ਵੱਧ ਬ੍ਰਿਟਿਸ਼ ਸਿੱਖਾਂ ’ਤੇ ਕੀਤੇ ਗਏ ਸਰਵੇਖਣ ਅਨੁਸਾਰ 40 ਫ਼ੀਸਦੀ ਲੋਕਾਂ ਨੇ ਮੰਨਿਆ ਕਿ ਉਹਨਾਂ ਨੇ ਸਿੱਖ ਵਿਰੋਧੀ ਘਟਨਾਵਾਂ ਦਾ ਸਾਹਮਣਾ ਕੀਤਾ ਜਾਂ ਗਵਾਹ ਰਹੇ ਹਨ। 90 ਫ਼ੀਸਦੀ ਲੋਕਾਂ ਦਾ ਮੰਨਣਾ ਹੈ ਕਿ ਮਈ ਦੇ ਅੱਧ ਤੋਂ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। 50 ਫ਼ੀਸਦੀ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਹ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੇ।

ਸਰਵੇਖਣ ਵਿੱਚ ਸਾਹਮਣੇ ਆਈਆਂ ਘਟਨਾਵਾਂ ਵਿੱਚੋਂ ਸਿਰਫ਼ 6 ਫ਼ੀਸਦੀ ਮਾਮਲਿਆਂ ਦੀ ਹੀ ਪੁਲਿਸ ਕੋਲ ਰਿਪੋਰਟ ਕੀਤੀ ਗਈ ਸੀ।

ਸਿੱਖ ਫ਼ੈਡਰੇਸ਼ਨ ਦੇ ਸਿਆਸੀ ਮਾਮਲਿਆਂ ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਨੇ ਦੋਸ਼ ਲਾਇਆ ਕਿ ਵਾਰ-ਵਾਰ ਮੰਗ ਪੱਤਰ ਸੌਂਪਣ ਦੇ ਬਾਵਜੂਦ ਸਰਕਾਰ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਨੂੰ ਹੱਲ ਕਰਨ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ, “ਅਸੀਂ ਮਈ ਦੇ ਅਖੀਰ ਤੋਂ ਸਿੱਖ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਪਵਿੱਤਰ ਕਿਰਪਾਨ ਦੀ ਗਲਤ ਪੇਸ਼ਕਾਰੀ ਬਾਰੇ ਗ੍ਰਹਿ ਸਕੱਤਰ ਅਤੇ ਪੁਲੀਸਿੰਗ ਮੰਤਰੀ ਕੋਲ ਚਿੰਤਾਵਾਂ ਚੁੱਕ ਰਹੇ ਹਾਂ, ਪਰ ਸਾਨੂੰ ਸਰਕਾਰ ਵੱਲੋਂ ਪੂਰੀ ਤਰ੍ਹਾਂ ਚੁੱਪੀ ਦਾ ਸਾਹਮਣਾ ਕਰਨਾ ਪਿਆ ਹੈ।”

# ਕਾਲੇ ਦੌਰ ਦੌਰਾਨ ਸਿੱਖ ਨੌਜਵਾਨੀ ਦਾ ਸਰਕਾਰੀ ਤੌਰ 'ਤੇ ਮਿੱਥ ਕੇ ਘਾਣ ਕੀਤਾ ਗਿਆ: ਧਾਮੀ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ 'ਚ ਕਈ ਮਤੇ ਪਾਸ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ।

ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਬੁਲਾਰੇ ਗੁਰਪ੍ਰੀਤ ਸਿੰਘ ਝੱਬਰ ਨੇ ਆਖਿਆ ਕਿ ਬੀਤੇ ਕੱਲ੍ਹ ਹਰੀਕੇ ਪੱਤਣ ਵਿਖੇ ਹੋਏ ਅਰਦਾਸ ਸਮਾਗਮ ਸਮੇਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਜੋ ਐਲਾਨ ਕੀਤੇ ਗਏ ਸਨ, ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ। ਜਥੇਦਾਰ ਗੜਗੱਜ ਵੱਲੋਂ ਜਸਵੰਤ ਸਿੰਘ ਖਾਲੜਾ ਅਤੇ ਹੋਰਨਾਂ ਦੀ ਯਾਦ ਵਿੱਚ ਹਰੀਕੇ ਪੱਤਣ ਵਿਖੇ ਸ਼ਹੀਦੀ ਸਮਾਰਕ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਉਸ ਦੌਰਾਨ ਹੋਈਆਂ ਮੌਤਾਂ ਦਾ ਪਤਾ ਲਗਾ ਕੇ ਇੱਕ ਦਸਤਾਵੇਜ਼ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਅਤੇ ਹਰੀਕੇ ਪੱਤਣ ਨੂੰ 'ਸ਼ਹੀਦੀ ਪੱਤਣ' ਵਜੋਂ ਸੰਬੋਧਨ ਕਰਨ ਲਈ ਕਿਹਾ ਗਿਆ ਸੀ।

ਇਕੱਤਰਤਾ ਵਿੱਚ ਲਏ ਗਏ ਫ਼ੈਸਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅੰਤਰਿੰਗ ਕਮੇਟੀ ਵਿੱਚ ਮਤਾ ਪਾਸ ਕਰਦਿਆਂ ਸੰਨ 1980-90 ਦੇ ਦਹਾਕਿਆਂ ਦੌਰਾਨ ਸਿੱਖਾਂ 'ਤੇ ਹੋਏ ਪੁਲਿਸ ਅੱਤਿਆਚਾਰ ਨੂੰ ਰੂਪਮਾਨ ਕਰਦੀ ਫ਼ਿਲਮ 'ਸਤਲੁਜ' ਦੀ ਸਮੁੱਚੀ ਟੀਮ ਦਾ ਇਸ ਕਾਰਜ ਲਈ ਧੰਨਵਾਦ ਕੀਤਾ ਗਿਆ ਹੈ।



ਉਨ੍ਹਾਂ ਕਿਹਾ ਕਿ ਇਹ ਕਾਲਾ ਸੱਚ ਹੈ ਕਿ ਇਸ ਦੌਰ ਦੌਰਾਨ ਸਿੱਖ ਨੌਜਵਾਨੀ ਦਾ ਸਰਕਾਰੀ ਤੌਰ 'ਤੇ ਮਿੱਥ ਕੇ ਘਾਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇੱਕ ਦਹਾਕਾ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਇਨ੍ਹਾਂ ਸ਼ਹੀਦ ਸਿੱਖਾਂ ਦੀਆਂ ਲਾਸ਼ਾਂ ਵੀ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਗਈਆਂ, ਜਿਸ ਕਰਕੇ ਅੱਜ ਤੱਕ ਉਨ੍ਹਾਂ ਦੇ ਪਰਿਵਾਰ ਉਡੀਕ ਕਰ ਰਹੇ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਨ੍ਹਾਂ ਮਾਰੇ ਗਏ, ਲਾਵਾਰਿਸ ਕਹਿ ਕੇ ਸਾੜੇ ਗਏ ਅਤੇ ਨਹਿਰਾਂ-ਦਰਿਆਵਾਂ ਵਿੱਚ ਵਹਾਅ ਦਿੱਤੇ ਗਏ ਨਿਰਦੋਸ਼ ਸਿੱਖਾਂ ਦਾ ਸੱਚ ਸਾਹਮਣੇ ਲਿਆਉਣ ਦੀ ਹਿੰਮਤ ਕਰਨ ਵਾਲੇ ਅਤੇ ਮਨੁੱਖੀ ਅਧਿਕਾਰਾਂ ਲਈ ਲੜਾਈ ਲੜਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਪੁਲਿਸ ਵੱਲੋਂ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦਾ ਪਾਵਨ ਸਰੀਰ ਹਰੀਕੇ ਪੱਤਣ 'ਤੇ ਨਹਿਰ ਵਿੱਚ ਰੋੜ੍ਹ ਦਿੱਤਾ ਗਿਆ।

(ਬਾਕੀ ਸ਼ਫ਼ਾ 27 'ਤੇ)

## ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਿਆ ਜਾਵੇ: ਧਾਮੀ

### ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਕੀਤੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹੇ ਜਾਣ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਵੱਲੋਂ ਲਿਖੇ ਗਏ ਪੱਤਰ ਵਿੱਚ ਕਿਹਾ ਗਿਆ ਕਿ ਸ੍ਰੀ ਕਰਤਾਰਪੁਰ ਸਾਹਿਬ ਉਹ ਪਾਵਨ ਧਰਤੀ ਹੈ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਉਪਦੇਸ਼ ਦੇ ਨਾਲ-ਨਾਲ ਭਾਈਚਾਰਕ ਸਾਂਝ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਅਤੇ ਸੰਗਤਾਂ ਇਸ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾ ਰੱਖਦੀਆਂ ਹਨ।

ਪੱਤਰ ਵਿੱਚ ਕਿਹਾ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਵੰਬਰ 2019 ਵਿੱਚ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੁੱਲ੍ਹਣ ਨਾਲ ਦੁਨੀਆਂ ਭਰ ਦੇ ਸਿੱਖਾਂ ਦੀਆਂ ਰੋਜ਼ਾਨਾ ਕੀਤੀਆਂ ਅਰਦਾਸਾਂ ਪੂਰੀਆਂ ਹੋਈਆਂ ਸਨ ਅਤੇ ਲੱਖਾਂ ਸ਼ਰਧਾਲੂਆਂ ਨੇ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਸੀ। ਕੁਝ ਸਮਾਂ ਪਹਿਲਾਂ ਦੋਵਾਂ ਦੇਸ਼ਾਂ ਅੰਦਰ ਬਣੇ ਸੁਰੱਖਿਆ ਹਾਲਾਤਾਂ ਕਾਰਨ ਲਾਂਘੇ ਦੀ ਆਵਾਜਾਈ ਰੋਕੇ ਜਾਣ ਨਾਲ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿੱਚ ਡੂੰਘੀ ਨਿਰਾਸ਼ਾ ਅਤੇ ਪੀੜਾ ਹੈ।

(ਬਾਕੀ ਸ਼ਫ਼ਾ 27 'ਤੇ)

## ਹਰੀਕੇ ਪੱਤਣ ਵਿਖੇ ਸ਼ਹੀਦੀ ਸਮਾਰਕ ਲਈ ਇੰਡਸ ਕੈਨੇਡਾ ਫਾਊਂਡੇਸ਼ਨ ਵੱਲੋਂ 1 ਕਰੋੜ ਰੁਪਏ ਦੇਣ ਦਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਰੀਕੇ ਪੱਤਣ ਵਿਖੇ ਭਾਈ ਜਸਵੰਤ ਸਿੰਘ ਖ਼ਾਲੜਾ ਅਤੇ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੌਰਾਨ ਹੋਈ ਹਿੰਸਾ, ਲਾਪਤਾ ਹੋਏ ਵਿਅਕਤੀਆਂ ਤੇ ਪੀੜਤਾਂ ਦੀ ਯਾਦ ਵਿੱਚ ਕੀਤੇ ਗਏ ਇਤਿਹਾਸਕ ਫ਼ੈਸਲਿਆਂ ਦਾ ਸਵਾਗਤ ਕਰਦਿਆਂ, ਇੰਡਸ ਕੈਨੇਡਾ ਫਾਊਂਡੇਸ਼ਨ (ਆਈ.ਸੀ.ਐੱਫ.) ਨੇ ਪ੍ਰਸਤਾਵਿਤ ਸ਼ਹੀਦੀ ਪੱਤਣ ਸਮਾਰਕ ਦੇ ਨਿਰਮਾਣ ਲਈ ਇੱਕ ਕਰੋੜ ਰੁਪਏ ਦੇ ਯੋਗਦਾਨ ਦਾ ਐਲਾਨ ਕੀਤਾ ਹੈ।



ਆਈ. ਸੀ. ਐੱਫ. ਦੇ ਪ੍ਰਧਾਨ ਵਿਕਰਮ ਬਾਜਵਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਐਲਾਨੇ ਗਏ ਸਾਰੇ ਫ਼ੈਸਲਿਆਂ ਦਾ ਪੂਰਾ ਸਮਰਥਨ ਕਰਦੀ ਹੈ। ਇਨ੍ਹਾਂ ਵਿੱਚ ਹਰੀਕੇ ਪੱਤਣ ਨੂੰ 'ਸ਼ਹੀਦੀ ਪੱਤਣ' ਦਾ ਦਰਜਾ ਦੇਣਾ, ਉੱਥੇ ਸਥਾਈ ਸਮਾਰਕ ਦੀ ਉਸਾਰੀ ਕਰਨਾ ਅਤੇ ਸਾਲ 1982 ਤੋਂ 1995 ਦੌਰਾਨ ਸ਼ਹੀਦ ਮੰਨੇ ਜਾਂਦੇ, ਲਾਪਤਾ ਹੋਏ ਅਤੇ ਕਥਿਤ ਤੌਰ 'ਤੇ 'ਲਾਵਾਰਿਸ' ਦੱਸ ਕੇ ਸਸਕਾਰ ਕੀਤੇ ਗਏ ਲੋਕਾਂ ਦਾ ਰਿਕਾਰਡ ਤਿਆਰ ਕਰਨਾ ਸ਼ਾਮਲ ਹੈ।

ਬਾਜਵਾ ਨੇ ਐਲਾਨ ਕੀਤਾ ਕਿ ਇੰਡਸ ਕੈਨੇਡਾ ਫਾਊਂਡੇਸ਼ਨ ਇਸ ਸਮਾਰਕ ਲਈ ਵਿਸ਼ਵ ਪੱਧਰ 'ਤੇ ਫੰਡ ਇਕੱਠਾ ਕਰਨ ਦੀ ਮੁਹਿੰਮ ਸ਼ੁਰੂ ਕਰੇਗੀ।

(ਬਾਕੀ ਸ਼ਫ਼ਾ 27 'ਤੇ)

## ਸਿੱਖਾਂ 'ਤੇ ਵਾਪਰੇ ਘੱਲੂਘਾਰੇ ਤੇ ਨਸਲਕੁਸ਼ੀ ਦੀ ਗਵਾਹੀ ਭਰਦੇ ਹਨ ਦਰਿਆ ਅਤੇ ਸ਼ਮਸ਼ਾਨਘਾਟ: ਸਿੱਖ ਯੂਥ ਫੈਡਰੇਸ਼ਨ

### ਹਰੀਕੇ ਪੱਤਣ ਵਿੱਚ ਭਾਈ ਖਾਲੜਾ ਦੀ ਤਸਵੀਰ ਨਾਲ ਸ਼ਹੀਦੀ ਪੱਤਣ ਲਿਖ ਕੇ ਲਾਏ ਬੋਰਡ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਹੀਦਾਂ ਦੀ ਯਾਦ ਵਿੱਚ ਹਰੀਕੇ ਪੱਤਣ ਦਾ ਨਾਂਅ ਸ਼ਹੀਦੀ ਪੱਤਣ ਐਲਾਨੇ ਜਾਣ ਤੋਂ ਬਾਅਦ ਅੱਜ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਉਸ ਸਥਾਨ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਤਸਵੀਰ ਅਤੇ ਸ਼ਹੀਦੀ ਪੱਤਣ ਲਿਖ ਕੇ ਬੋਰਡ ਲਗਾ ਦਿੱਤੇ ਹਨ।ਇਹ ਕਾਰਵਾਈ ਜਥੇਬੰਦੀ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਅਤੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਵੱਲੋਂ ਕੀਤੀ ਗਈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਸਰਵਉੱਚ ਹੈ ਜੋ ਲਾਗੂ ਹੋਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਅੱਜ ਸੰਕੇਤਕ ਤੌਰ 'ਤੇ ਸ਼ੁਰੂਆਤ ਕੀਤੀ ਹੈ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਹੈ ਕਿ ਇਸ ਦੇ ਆਸ-ਪਾਸ ਸ਼ਹੀਦੀ ਪੱਤਣ ਲਿਖ ਕੇ ਵੱਧ ਤੋਂ ਵੱਧ ਬੋਰਡ ਲਗਾਏ ਜਾਣ ਤਾਂ ਜੋ ਹਰੀਕੇ ਪੱਤਣ ਹੁਣ ਸ਼ਹੀਦੀ ਪੱਤਣ ਦੇ ਨਾਂਅ ਨਾਲ ਪ੍ਰਚਲਿਤ ਹੋ ਜਾਵੇ ਪਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੰਨ ਕੇ ਇਸ ਨੂੰ ਸ਼ਹੀਦੀ ਪੱਤਣ ਵਜੋਂ ਹੀ ਲਿਖੇ ਅਤੇ ਸਥਾਪਿਤ ਕਰੇ।




ਫੈਡਰੇਸ਼ਨ ਨੇ ਜਥੇਦਾਰ ਗੜਗੱਜ ਨੂੰ ਅਪੀਲ ਕੀਤੀ ਕਿ ਉਹ ਪੰਜ ਸਿੰਘਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਸਮੇਤ ਖੁਦ ਵੀ ਇੱਥੇ ਆ ਕੇ ਬੋਰਡ ਸਥਾਪਿਤ ਕਰਕੇ ਜਾਣ ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ 25 ਹਜ਼ਾਰ ਲਾਵਾਰਿਸ ਲਾਸ਼ਾਂ ਦੇ ਵਾਰਿਸ ਭਾਈ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਵੱਲੋਂ ਸ਼ਹੀਦ ਕਰਕੇ ਇਸੇ ਹਰੀਕੇ ਦਰਿਆ ਵਿੱਚ ਸੁੱਟ ਦਿੱਤਾ ਗਿਆ ਸੀ। ਉਹਨਾਂ ਨੇ ਦੋਸ਼ ਲਾਇਆ ਕਿ ਹਕੂਮਤਾਂ ਨੇ ਕੇਵਲ ਪੰਜਾਬ ਦੇ ਦਰਿਆਵਾਂ ਵਿੱਚ ਵਗਦੇ ਪਾਣੀਆਂ ਨੂੰ ਹੀ ਨਹੀਂ ਲੁੱਟਿਆ ਬਲਕਿ ਇਹਨਾਂ ਦਰਿਆਵਾਂ ਨੂੰ ਖ਼ੂਨ ਨਾਲ਼ ਲਾਲ ਵੀ ਕੀਤਾ ਹੈ।

(ਬਾਕੀ ਸ਼ਫ਼ਾ 27 'ਤੇ)

## ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੰਜਾਬ ਅੰਦਰ ਪੰਥਕ ਸਰਕਾਰ ਦਾ ਗਠਨ ਪੂਰੀ ਤਰ੍ਹਾਂ ਤੈਅ: ਇਯਾਲੀ

ਧਰਮਕੋਟ/ਏ.ਟੀ.ਨਿਊਜ਼: 'ਵਾਰਿਸ ਪੰਜਾਬ ਦੇ' (ਅਕਾਲੀ ਦਲ) ਵੱਲੋਂ ਪਿਛਲੇ ਦਿਨੀਂ ਕੋਟ ਈਸੇ ਖ਼ਾਂ ਵਿਖੇ ਪਹਿਲੀ ਵਾਰ ਇੱਕ ਭਰਵਾਂ ਪੰਥਕ ਇਕੱਠ ਕੀਤਾ ਗਿਆ। ਆਮ ਆਦਮੀ ਪਾਰਟੀ (ਆਪ) ਛੱਡ ਕੇ 'ਵਾਰਿਸ ਪੰਜਾਬ ਦੇ' ਵਿੱਚ ਸ਼ਾਮਲ ਹੋਏ ਜਸਵਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਇਸ ਵਿਸ਼ਾਲ ਇਕੱਠ ਦਾ ਆਯੋਜਨ ਕੀਤਾ ਗਿਆ ਸੀ।

ਇਸ ਪੰਥਕ ਇਕੱਠ ਵਿੱਚ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਪਾਰਟੀ ਪ੍ਰਧਾਨ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਫ਼ਰੀਦਕੋਟ ਤੋਂ ਸੰਸਦ ਮੈਂਬਰ, ਸਰਬਜੀਤ ਸਿੰਘ ਖ਼ਾਲਸਾ, ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਅਤੇ ਯੂਥ ਵਿੰਗ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਕਾਦੀਆਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਨ੍ਹਾਂ ਤੋਂ ਇਲਾਵਾ ਰਸ਼ਪਾਲ ਸਿੰਘ ਸ਼ੋਸ਼ਣ ਸਮੇਤ ਹਲਕੇ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਸੰਦੀਪ ਸਿੰਘ ਮੌਜਗੜ੍ਹ, ਹਰਜਿੰਦਰ ਸਿੰਘ ਬਾਜੇਕੇ, ਕਰਮਜੀਤ ਸਿੰਘ ਰਸੂਲਪੁਰ, ਦਵਿੰਦਰ ਸਿੰਘ ਭੌਇਪੁਰ, ਗੁਰਸੇਵਕ ਸਿੰਘ ਡਰੋਲੀ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਦੇ ਸੀਨੀਅਰ ਆਗੂਆਂ ਨੇ ਸ਼ਿਰਕਤ ਕੀਤੀ।



ਇਸ ਮੌਕੇ ਸੰਬੋਧਨ ਕਰਦਿਆਂ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਸਿੱਖ ਕੌਮ ਨਾਲ ਕੀਤੇ ਜਾਂਦੇ ਰਹੇ ਵਖਰੇਵਿਆਂ (ਵਿਤਕਰਿਆਂ) ਸਦਕਾ ਕੌਮ ਅੰਦਰ ਦੇਸ਼ ਪ੍ਰਤੀ ਬੇਗਾਨਗੀ ਦੀ ਭਾਵਨਾ ਪੈਦਾ ਹੋਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਦੇਸ਼ ਇਸ ਹਕੀਕਤ ਨੂੰ ਕਬੂਲ ਨਹੀਂ ਕਰ ਲੈਂਦਾ ਕਿ ਸਿੱਖ ਇੱਕ ਵੱਖਰੀ ਕੌਮ ਹੈ, ਉਦੋਂ ਤੱਕ ਪੈਦਾ ਹੋਏ ਵਖਰੇਵੇਂ ਘੱਟ ਕਰਨ ਵਿੱਚ ਸਫ਼ਲਤਾ ਪ੍ਰਾਪਤ ਨਹੀਂ ਹੋ ਸਕੇਗੀ।

ਹਾਕਮਾਂ ਨੇ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਦੇ ਵੱਡੇ ਯੋਗਦਾਨ ਨੂੰ ਭੁਲਾ ਕੇ ਕੌਮ ਨੂੰ ਪੈਰ-ਪੈਰ 'ਤੇ ਜ਼ਲਾਲਤ ਦਿੱਤੀ ਅਤੇ ਪੰਜਾਬ ਦੇ ਅਨੇਕਾਂ ਟੁਕੜੇ ਕਰਕੇ ਇਸ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਹਮੇਸ਼ਾ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੇ ਮੁਦਈ ਰਹੇ ਹਨ, ਲੇਕਿਨ ਆਪਣੇ ਹੱਕਾਂ ਲਈ ਸੰਘਰਸ਼ ਅਤੇ ਕੁਰਬਾਨੀਆਂ ਕਰਨਾ ਉਨ੍ਹਾਂ ਦੇ ਖ਼ੂਨ ਵਿੱਚ ਸ਼ਾਮਲ ਹੈ।

(ਬਾਕੀ ਸ਼ਫ਼ਾ 27 'ਤੇ)

## ਭਾਜਪਾ ਦੇ ਸਿੱਖ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇ: ਭਾਈ ਰਾਜੋਆਣਾ

### ਜੇਲ੍ਹ 'ਚੋਂ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖੀ ਚਿੱਠੀ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨੇ ਜੇਲ੍ਹ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਭੇਜਿਆ ਹੈ। ਇਸ ਚਿੱਠੀ ਰਾਹੀਂ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਮੁੱਖ ਸਿੱਖ ਲੀਡਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰਨ ਦੀ ਮੰਗ ਕੀਤੀ ਹੈ।



ਰਾਜੋਆਣਾ ਨੇ ਲਿਖਿਆ ਕਿ ਉਹ ਪਿਛਲੇ 31 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ 31 ਜੁਲਾਈ ਨੂੰ ਉਨ੍ਹਾਂ ਨੂੰ ਫਾਂਸੀ ਦੀ ਚੱਕੀ ਵਿੱਚ ਰਹਿੰਦਿਆਂ 19 ਸਾਲ ਪੂਰੇ ਹੋ ਜਾਣਗੇ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਰਹਿਮ ਵਿੱਚ ਬਦਲਣ ਲਈ ਪਾਈ ਗਈ ਅਪੀਲ 'ਤੇ 15 ਸਾਲ ਬੀਤ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ, ਜਦਕਿ ਇਹ ਫੈਸਲਾ 6 ਮਹੀਨਿਆਂ ਦੇ ਅੰਦਰ ਹੋ ਜਾਣਾ ਚਾਹੀਦਾ ਸੀ।

(ਬਾਕੀ ਸ਼ਫ਼ਾ 27 'ਤੇ)

## ਸੰਪਾਦਕੀ

# ਪੰਜਾਬ ਕਿਵੇਂ ਹੋਵੇ ਭ੍ਰਿਸ਼ਟਾਚਾਰ ਮੁਕਤ ?

ਪੰਜਾਬ ਵਿੱਚ ਰਾਜ ਕਰ ਰਹੀ 'ਆਪ' ਸਰਕਾਰ ਵੱਲੋਂ ਪੰਜਾਬ 'ਚ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣ ਅਤੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਅਕਸਰ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਇਹਨਾਂ ਸਰਕਾਰੀ ਦਾਅਵਿਆਂ ਦੀ ਫੂਕ ਉਸ ਸਮੇਂ ਨਿਕਲ ਗਈ, ਜਦੋਂ ਮੀਡੀਆ ਵਿੱਚ ਪੰਜਾਬ ਸਰਕਾਰ ਦੀ 'ਮਾਵਾਂ-ਧੀਆਂ ਸਤਿਕਾਰ ਸਕੀਮ' ਦੇ ਲਾਭਪਾਤਰੀਆਂ ਲਈ ਰਾਖਵੀਂ ਵਿੱਤੀ ਸਹਾਇਤਾ ਨੂੰ ਆਪਣੇ ਪੁੱਤਰ ਦੇ ਬੈਂਕ ਖਾਤੇ ਵਿੱਚ ਤਬਦੀਲ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਪੁਲਿਸ ਵੱਲੋਂ ਇੱਕ ਆਂਗਣਵਾੜੀ ਵਰਕਰ ਅਤੇ ਉਸ ਦੇ ਪੁੱਤਰ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਖ਼ਬਰ ਆ ਗਈ। ਮੀਡੀਆ ਰਿਪੋਰਟਾਂ ਅਨੁਸਾਰ ਤਰਨ ਤਾਰਨ ਜ਼ਿਲ੍ਹੇ ਦੇ 'ਭੈਲ ਢਾਏਵਾਲਾ' ਪਿੰਡ ਦੀ ਇੱਕ ਆਂਗਣਵਾੜੀ ਵਰਕਰ ਨੇ ਆਨਲਾਈਨ ਡਾਟਾ-ਐਂਟਰੀ ਦਾ ਕੰਮ ਆਪਣੇ ਪੁੱਤਰ ਨੂੰ ਸੌਂਪਿਆ ਸੀ। ਇਸ ਪ੍ਰਕਿਰਿਆ ਦੌਰਾਨ ਉਸ ਦੇ ਪੁੱਤਰ ਨੇ ਕਥਿਤ ਤੌਰ 'ਤੇ ਸਕੀਮ ਦੀ ਰਾਸ਼ੀ ਪ੍ਰਾਪਤ ਕਰਨ ਦੇ ਇਰਾਦੇ ਨਾਲ 62 ਲਾਭਪਾਤਰੀਆਂ ਦੀਆਂ ਅਰਜ਼ੀਆਂ ਵਿੱਚ ਆਪਣਾ ਬੈਂਕ ਖਾਤਾ ਨੰਬਰ ਦਰਜ ਕਰ ਦਿੱਤਾ।

ਇਸ ਘਪਲੇ ਵਾਲੀ ਖ਼ਬਰ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਬਾਬਾ ਫਰੀਦ ਯੂਨੀਵਰਸਿਟੀ ਵੱਲੋਂ ਲਏ ਗਏ ਫਾਰਮੇਸੀ ਦੇ ਪੇਪਰ ਵਿੱਚ ਵਿਦਿਆਰਥੀਆਂ ਕੋਲੋਂ ਫੜੇ ਗਏ ਬਿਜਲਈ ਉਪਕਰਨਾਂ ਦੇ ਮਾਮਲੇ ਵਿੱਚ ਸਿਟੀ_ਪੁਲਸ ਫਰੀਦਕੋਟ ਨੇ ਪਰਚਾ ਦਰਜ ਕਰ ਲਿਆ ਹੈ।ਪੁਲਿਸ ਦੇ ਅਧਿਕਾਰੀਆਂ ਅਨਸਾਰ ਪ੍ਰੀਖਿਆਰਥੀਆਂ ਤੋਂ ਪੇਪਰ ਪਾਸ ਕਰਾਉਣ ਦੇ ਬਦਲੇ ਤਿੰਨ ਲੱਖ ਤੋਂ ਲੈ ਕੇ 13 ਲੱਖ ਰੁਪਏ ਤੱਕ ਲਏ ਗਏ ਹਨ। ਇਸ ਮਾਮਲੇ ਵਿੱਚ ਗਿਰੋਹ ਦੇ ਸੱਤ ਮੈਂਬਰਾਂ ਸਣੇ 35 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪੰਜਾਬ 'ਚ ਭ੍ਰਿਸ਼ਟਾਚਾਰ ਦੇ ਇਹ ਪਹਿਲੇ ਮਾਮਲੇ ਨਹੀਂ ਹਨ, ਸਗੋਂ ਹਰ ਦਿਨ ਵਿਜੀਲੈਂਸ ਵੱਲੋਂ ਰਿਸ਼ਵਤ ਲੈਂਦੇ ਫੜੇ ਜਾਂਦੇ ਸਰਕਾਰੀ ਅਧਿਕਾਰੀ ਅਤੇ ਮੁਲਾਜ਼ਮ ਆਪਣੀ ਕਹਾਣੀ ਖੁਦ ਬਿਆਨ ਕਰ ਰਹੇ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਦੀ 'ਆਪ' ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਠੁੱਸ ਹੋ ਕੇ ਰਹਿ ਗਈ ਹੈ ਅਤੇ ਪੰਜਾਬ ਵਿੱਚ ਭ੍ਰਿਸ਼ਟਾਚਾਰ ਪਿਛਲੀਆਂ ਸਰਕਾਰਾਂ ਦੇ ਰਾਜ ਵਾਂਗ ਜਾਰੀ ਹੈ, ਜਿਸ ਕਾਰਨ ਭ੍ਰਿਸ਼ਟਾਚਾਰ ਵਿਰੁੱਧ ਵੱਡੇ ਵੱਡੇ ਦਾਅਵੇ ਕਰਕੇ ਸੱਤਾ ਵਿੱਚ ਆਈ 'ਆਪ' ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ।

ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਭ੍ਰਿਸ਼ਟਾਚਾਰ ਆਪਣੇ ਪੈਰ ਪਸਾਰ ਚੁੱਕਿਆ ਹੈ। ਪਿਛਲੇ ਦਿਨੀਂ ਹੋਈ 'ਨੀਟ' ਦੀ ਪ੍ਰੀਖਿਆ ਦੌਰਾਨ ਹੋਏ ਕਥਿਤ ਭ੍ਰਿਸ਼ਟਾਚਾਰ ਅਤੇ ਪੇਪਰ ਲੀਕ ਮਾਮਲੇ ਅਤੇ ਵਿਦਿਆਰਥੀਆਂ ਨੂੰ ਪੇਪਰ ਵੇਚਣ ਅਤੇ ਪਾਸ ਕਰਵਾਉਣ ਦੇ ਨਾਂਅ 'ਤੇ ਲਏ ਗਏ ਲੱਖਾਂ ਰੁਪਏ ਦਾ ਮਾਮਲਾ ਮੀਡੀਆ ਵਿੱਚ ਕਾਫੀ ਸਮਾਂ ਗਰਮਾਇਆ ਰਿਹਾ। ਇਸ ਭ੍ਰਿਸ਼ਟਾਚਾਰ ਕਾਰਨ ਹੀ 'ਨੀਟ' ਦਾ ਪੇਪਰ ਰੱਦ ਕਰਕੇ ਮੁੜ ਲਿਆ ਗਿਆ। ਇਸ ਤੋਂ ਇਲਾਵਾ ਰਾਸ਼ਟਰੀ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਅਨੇਕਾਂ ਮਾਮਲੇ ਅਕਸਰ ਮੀਡੀਆ ਦੀਆਂ ਸੁਰਖੀਆਂ ਬਣਦੇ ਰਹਿੰਦੇ ਹਨ। ਉਦੋਂ ਤੋਂ ਲੈ ਕੇ ਹੁਣ ਤੱਕ ਵੱਖ- ਵੱਖ ਰਾਜਾਂ ਵਿੱਚ ਵੀ ਭ੍ਰਿਸ਼ਟਾਚਾਰ ਦੇ ਅਨੇਕਾਂ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਸ ਕਰਕੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਾਂਗ ਪੂਰਾ ਦੇਸ਼ ਹੀ ਭ੍ਰਿਸ਼ਟਾਚਾਰ ਦੀ ਸਮਾਜਿਕ ਅਲਾਮਤ ਦਾ ਸ਼ਿਕਾਰ ਹੈ।

ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਦੋਂ ਨੌਜਵਾਨ ਨੌਕਰੀ ਲਈ ਅਪਲਾਈ ਕਰਦੇ ਹਨ ਤਾਂ ਕਈ ਵਾਰ ਚੰਗੀ ਨੌਕਰੀ ਲੈਣ ਲਈ ਵੀ ਕਿਸੇ ਨਾ ਕਿਸੇ ਤਰਾਂ ਦੀ ਸਿਫ਼ਾਰਸ਼ ਜਾਂ ਪੈਸੇ ਦੇ ਲੈਣ ਦੇਣ ਦੀਆਂ ਖ਼ਬਰਾਂ ਪਿਛਲੇ ਸਮੇਂ ਦੌਰਾਨ ਸੁਰਖ਼ੀਆਂ 'ਚ ਆਉਂਦੀਆਂ ਰਹੀਆਂ ਹਨ। ਇਹ ਵੀ ਤਾਂ ਭ੍ਰਿਸ਼ਟਾਚਾਰ ਦਾ ਇੱਕ ਰੂਪ ਹੈ। ਕਿਸੇ ਵੀ ਆਮ ਵਿਅਕਤੀ ਨੇ ਕਿਸੇ ਵੀ ਸਰਕਾਰੀ ਦਫ਼ਤਰ ਵਿੱਚ ਕੋਈ ਜਾਇਜ਼ ਕੰਮ ਕਰਵਾਉਣਾ ਹੋਵੇ ਤਾਂ ਵੀ ਅਕਸਰ ਉਸ ਵਿਅਕਤੀ ਨੂੰ ਕਈ ਵਾਰ ਸਬੰਧਿਤ ਸਰਕਾਰੀ ਮੁਲਾਜ਼ਮ ਨਾਲ ਗੁਪਤ ਲੈਣ ਦੇਣ ਕਰਨ ਲਈ ਮਜਬੂਰ ਹੋਣ ਦੀ ਚਰਚਾ ਅਕਸਰ ਆਮ ਲੋਕ ਹੀ ਕਰਦੇ ਹਨ।

ਇਥੇ ਜ਼ਿਕਰ ਯੋਗ ਹੈ ਕਿ ਸਾਰੇ ਸਰਕਾਰੀ ਮੁਲਾਜ਼ਮ ਭ੍ਰਿਸ਼ਟ ਨਹੀਂ ਹੁੰਦੇ ਸਗੋਂ ਵੱਡੀ ਗਿਣਤੀ ਸਰਕਾਰੀ ਮੁਲਾਜ਼ਮ ਅਤੇ ਅਧਿਕਾਰੀ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਹਨ ਅਤੇ ਰਿਸ਼ਵਤ ਲੈਣ ਨੂੰ ਪਾਪ ਸਮਝਦੇ ਹਨ ਪਰ ਕੁਝ ਰਿਸ਼ਵਤਖੋਰ ਮੁਲਾਜ਼ਮਾਂ ਕਾਰਨ ਬਦਨਾਮੀ ਸਾਰੇ ਮਹਿਕਮੇ ਦੀ ਹੋ ਜਾਂਦੀ ਹੈ। ਪੰਜਾਬ ਸਰਕਾਰ ਵੱਲੋਂ ਅਜਿਹੇ ਸਰਕਾਰੀ ਫੋਨ ਨੰਬਰ ਜਨਤਕ ਕੀਤੇ ਗਏ ਹਨ, ਜਿਹਨਾਂ ਉੱਪਰ ਕਿਸੇ ਸਰਕਾਰੀ ਮੁਲਾਜਮ ਜਾਂ ਅਧਿਕਾਰੀ ਵੱਲੋਂ ਮੰਗੀ ਗਈ ਰਿਸ਼ਵਤ ਦੀ ਸੂਚਨਾ ਦਿੱਤੀ ਜਾ ਸਕਦੀ ਹੈ। ਇਸ ਸੂਚਨਾ 'ਤੇ ਪੰਜਾਬ ਸਰਕਾਰ ਵੱਲੋਂ ਤੁਰੰਤ ਕਾਰਵਾਈ ਵੀ ਕੀਤੀ ਜਾਂਦੀ ਹੈ। ਅਸਲ ਵਿੱਚ ਆਮ ਲੋਕਾਂ ਨੂੰ ਭ੍ਰਿਸ਼ਟਾਚਾਰੀ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਵਾਉਣ ਦਾ ਤਰੀਕਾ ਪਤਾ ਨਹੀਂ ਹੈ,ਜਿਸ ਕਾਰਨ ਆਮ ਲੋਕ ਅਕਸਰ ਸਰਕਾਰੀ ਅਧਿਕਾਰੀਆਂ ਅਤੇ ਮੁਲਾਜਮਾਂ ਨੂੰ ਰਿਸ਼ਵਤ ਦੇਣ ਲਈ ਮਜਬੂਰ ਹੋ ਜਾਂਦੇ ਹਨ।

ਭ੍ਰਿਸ਼ਟਾਚਾਰ ਦੋ ਸ਼ਬਦਾਂ ਭ੍ਰਿਸ਼ਟ ਅਤੇ ਆਚਾਰ ਤੋਂ ਜੁੜ ਕੇ ਬਣਿਆ ਸ਼ਬਦ ਹੈ। ਭ੍ਰਿਸ਼ਟਾਚਾਰ ਬੇਈਮਾਨੀ ਦਾ ਇੱਕ ਰੂਪ ਹੈ ਅਤੇ ਇੱਕ ਅਪਰਾਧਿਕ ਜੁਰਮ ਹੈ ਜੋ ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ ਕੀਤਾ ਜਾਂਦਾ ਹੈ। ਭ੍ਰਿਸ਼ਟਾਚਾਰ ਵਿੱਚ ਬਹੁਤ ਸਾਰੀਆਂ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ ਜਿਸ ਵਿੱਚ ਰਿਸ਼ਵਤਖੋਰੀ, ਪ੍ਰਭਾਵ ਪੈਡਲਿੰਗ ਅਤੇ ਗਬਨ ਸ਼ਾਮਲ ਹੋ ਸਕਦੇ ਹਨ। ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਭ੍ਰਿਸ਼ਟਾਚਾਰ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਸਮਾਪਤ ਕਰਨ ਲਈ ਜੋ ਮੁਹਿੰਮ ਸ਼ੁਰੂ ਕੀਤੀ ਗਈ ਹੈ, ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਚਲਾਇਆ ਜਾਵੇ। ਇਸ ਤੋਂ ਇਲਾਵਾ ਰਿਸ਼ਵਤ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਸਰਕਾਰੀ ਦਫ਼ਤਰਾਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਿਆਂਦਾ ਜਾਵੇ ਅਤੇ ਪਾਰਦਰਸ਼ੀ ਤਰੀਕੇ ਨਾਲ ਸ਼ਾਸਨ ਚਲਾਇਆ ਜਾਵੇ।

# ਪੰਜਾਬ ਦੇ ਚੋਣ ਬਿਰਤਾਂਤ 'ਚੋਂ ਗਾਇਬ ਨੇ ਧਰਾਤਲੀ ਮਸਲੇ

**ਪ੍ਰੋ.ਫ਼ੈਸਰ ਰਣਜੀਤ ਸਿੰਘ**



ਪੰਜਾਬ ਵਿਧਾਨ ਸਭਾ ਦੀ ਚੋਣ ਸਿਰ 'ਤੇ ਹੈ ਤੇ ਵੱਖ-ਵੱਖ ਸਿਆਸੀ ਧਿਰਾਂ ਅਤੇ ਜਥੇਬੰਦੀਆਂ ਰਾਜਨੀਤੀ ਦੀ ਬਿਸਾਤ 'ਤੇ ਪਾਸਾ ਸੁੱਟਣ ਦੀ ਪੂਰੀ ਤਿਆਰੀ ਕਰੀ ਬੈਠੀਆਂ ਨਜ਼ਰ ਆ ਰਹੀਆਂ ਹਨ। ਵੋਟਰ ਨੂੰ ਭਰਮਾਉਣ ਵਾਲੀਆਂ ਨੀਤੀਆਂ ਅੱਗੇ ਕਰਕੇ ਸੂਬੇ ਨੂੰ ਦਰਪੇਸ਼ ਸਮੱਸਿਆਵਾਂ ਅਤੇ ਬੁਨਿਆਦੀ ਮਸਲੇ ਸੱਤਾ ਪ੍ਰਾਪਤੀ ਦੇ ਯਤਨਾਂ ਅਤੇ ਅਹੁਦਿਆਂ ਦੀ ਦੌੜ ਵਿੱਚ ਪਿਛਾਂਹ ਕੀਤੇ ਜਾ ਰਹੇ ਹਨ। ਪਾਰਟੀਆਂ ਵਿੱਚ ਅੰਦਰੂਨੀ ਖਾਨਾਜੰਗੀ ਅਤੇ ਖਿੱਚੋਤਾਣ ਦਾ ਦੌਰ ਵੀ ਸ਼ੁਰੂ ਹੋ ਚੁੱਕਾ ਹੈ। ਹਥਲੇ ਲੇਖ ਵਿੱਚ ਅਸੀਂ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਪੰਜਾਬ ਦੇ ਹਿਤਾਂ ਦੀ ਰਾਖੀ ਦਾ ਦਾਅਵਾ ਤਾਂ ਸਾਰੀਆਂ ਧਿਰਾਂ ਕਰਦੀਆਂ ਹਨ ਪਰ ਧਰਾਤਲ ਪੱਧਰ 'ਤੇ ਵਿਚਰਦਿਆਂ ਪਾਰਟੀਆਂ ਦੇ ਸਿਆਸੀ ਮੁਫ਼ਾਦ ਸੂਬੇ ਦੇ ਹਿਤਾਂ 'ਤੇ ਭਾਰੂ ਕਿਉਂ ਪੈ ਜਾਂਦੇ ਹਨ ?

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਖੇਤੀ ਆਰਥਿਕਤਾ ਦੀ, ਇੱਕ ਅਜਿਹਾ ਢਾਂਚਾ ਜਿਸ ਵਿਚੋਂ ਕਿਸਾਨ ਚਾਹੁੰਦਾ ਹੋਇਆ ਵੀ ਬਾਹਰ ਨਹੀਂ ਆ ਸਕਦਾ। ਕਣਕ ਝੋਨੇ ਤੋਂ ਇਲਾਵਾ ਹੋਰ ਕਿਸੇ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਿਤ ਨਹੀਂ ਹੈ ਅਤੇ ਮੌਜੂਦਾ ਵਿਵਸਥਾ ਲਈ ਲੋੜੀਂਦੀ ਅਤਿ ਮਹਿੰਗੀ ਤੇ ਭਾਰੀ ਭਰਕਮ ਮਸ਼ੀਨਰੀ ਬਹੁਤੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਪਰਿਵਾਰਾਂ ਦੀ ਵੰਡ ਅਤੇ ਕੇਂਦਰ ਸਰਕਾਰ ਵੱਲੋਂ ਵਿਕਾਸ ਦੇ ਨਾਂਅ 'ਤੇ ਵਿਛਾਏ ਜਾ ਰਹੇ ਸੜਕਾਂ ਦੇ ਜਾਲ ਕਾਰਨ ਖੇਤੀ ਜੋਤਾਂ ਦਾ ਅਕਾਰ ਵੀ ਘਟ ਰਿਹਾ ਹੈ। ਵੱਡੇ ਪੱਧਰ 'ਤੇ ਬੁਣਿਆ ਜਾ ਰਿਹਾ ਸੜਕਾਂ ਦਾ ਜਾਲ ਸੂਬੇ ਦੀ ਉਪਜਾਊ ਜ਼ਮੀਨ ਨੂੰ ਨਿਗਲ ਵੀ ਰਿਹਾ ਹੈ ਅਤੇ ਕਿਸਾਨ ਨੂੰ ਜ਼ਮੀਨ ਅਤੇ ਖੇਤੀਬਾੜੀ ਦੇ ਧੰਦੇ 'ਚੋਂ ਬਾਹਰ ਹੋਣ ਲਈ ਵੀ ਮਜਬੂਰ ਕਰ ਰਿਹਾ ਹੈ। ਪਰ ਖੇਤੀ ਤੋਂ ਇਲਾਵਾ ਕਿਸਾਨ ਹੋਰ ਕਿਹੜਾ ਧੰਦਾ ਅਪਣਾਏਗਾ, ਇਸ ਸਵਾਲ ਦਾ ਜਵਾਬ ਸ਼ਾਇਦ ਹੀ ਕਿਸੇ ਕੋਲ ਹੋਵੇ।

ਨਸ਼ਿਆਂ ਦੇ ਪ੍ਰਕੋਪ ਦਾ ਵਹਿੰਦਾ ਦਰਿਆ ਆਪਣੇ ਨਾਲ ਨਾ ਜਾਣੇ ਕਿੰਨੀਆਂ ਹੀ ਕੀਮਤੀ ਜ਼ਿੰਦਗੀਆਂ ਨੂੰ ਵਹਾ ਕੇ ਲਿਜਾ ਚੁੱਕਾ ਹੈ ਅਤੇ ਲਿਜਾ ਰਿਹਾ ਹੈ। ਗੱਭਰੂ ਨੌਜਵਾਨ ਪੁੱਤਾਂ ਦੀਆਂ ਲਾਸ਼ਾਂ ਦਾ ਭਾਰ ਬਜ਼ੁਰਗ ਮੋਢੇ ਢੋਹਦਿਆਂ ਦੀਆਂ ਖਬਰਾਂ ਲਗਾਤਾਰ ਛਪ ਰਹੀਆਂ ਹਨ, ਦੋਸ਼ ਕਿਸ ਨੂੰ ਦੇਈਏ ਸਮਝ ਨਹੀਂ ਆ ਰਹੀ ਤੇ ਨਸ਼ਾ ਬੇਲਗਾਮ ਅੱਥਰੇ ਘੋੜੇ ਵਾਂਗ ਹੁਣ ਸ਼ਾਇਦ ਸਭ ਦੇ ਕੰਟਰੋਲ ਤੋਂ ਬਾਹਰ ਹੋ ਗਿਆ ਹੈ। ਨਸ਼ਾ ਬੰਦ ਕਰਵਾਉਣ ਦਾ ਵਾਅਦਾ ਕਰਕੇ ਬਣੀਆਂ ਸਰਕਾਰਾਂ ਵੀ ਸੂਬੇ ਵਿੱਚ ਇਸ ਛੇਵੇਂ ਦਰਿਆ ਨੂੰ ਨੱਕਾ ਲਾਉਣ ਵਿੱਚ ਨਾਕਾਮਯਾਬ ਰਹੀਆਂ। ਛੋਟੇ ਤਸਕਰ ਜਾਂ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫ਼ਸ ਚੁੱਕੇ ਨੌਜਵਾਨਾਂ ਦੀ ਗ੍ਰਿਫ਼ਤਾਰੀ ਤੋਂ ਗੱਲ ਅਗਾਂਹ ਤੁਰ ਹੀ ਨਾ ਸਕੀ।

ਸੂਬੇ ਨਾਲ ਵਿਤਕਰਿਆਂ ਦੀ ਦਾਸਤਾਨ ਵੀ ਲੰਮੇਰੀ ਹੈ। ਕੇਂਦਰ ਸਰਕਾਰ ਵੱਲੋਂ ਇਕਤਰ ਕੀਤੇ ਟੈਕਸਾਂ ਦੀ ਵਾਪਸੀ ਪ੍ਰਕਿਰਿਆ ਦਾ ਅਧਿਐਨ ਕਰੋਗੇ ਇਉਂ ਜਾਪੇਗਾ ਜਿਵੇਂ ਪੰਜਾਬ ਨਾਲ ਕਾਣੀ ਵੰਡ ਕਰਨ ਵਾਸਤੇ ਹੀ ਸਾਰੇ ਨਿਯਮ ਘੜੇ ਗਏ ਹੋਣ। ਖੇਤਰਫ਼ਲ ਤੋਂ ਇਲਾਵਾ ਅਬਾਦੀ ਵਾਧਾ ਦਰ, ਵਸੋਂ ਦਾ ਸੰਤੁਲਨ, ਜੰਗਲ ਹੇਠ ਰਕਬੇ ਨੂੰ ਅਧਾਰ ਬਣਾ ਕੇ ਸੂਬਿਆਂ ਨੂੰ ਟੈਕਸ ਵਾਪਸ ਕੀਤੇ ਜਾਂਦੇ ਹਨ, ਪਰ ਪਤਾ ਨਹੀਂ ਕਿਹੜੀ ਮਜਬੂਰੀਵੱਸ ਸੂਬੇ ਵਿੱਚ ਬਣੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਕੇਂਦਰ ਸਰਕਾਰ ਦੀ ਇਸ ਜ਼ਿਆਦਤੀ ਖਿਲਾਫ਼ ਆਪਣਾ ਵਿਰੋਧ ਵੀ ਦਰਜ ਨਹੀਂ ਕਰਵਾ ਸਕੀਆਂ। ਦੇਸ਼ ਨੂੰ ਤਿੰਨ ਵਰਗਾਂ ਵਿੱਚ ਵੰਡ ਕੇ ਘੋਸ਼ਿਤ ਕਰ ਦਿੱਤਾ ਕਿ ਇਨ੍ਹਾਂ 21 ਰਾਜਾਂ ਵਿੱਚ ਰੈੱਡ ਕੈਟਾਗਿਰੀ ਦਾ ਉਦਯੋਗ ਲਗਾਉਣ ਦੀ ਮਨਾਹੀ ਹੈ, ਪਰ ਪੰਜਾਬ ਵਿੱਚ ਸਭ ਪ੍ਰਕਾਰ ਦਾ ਉਦਯੋਗ ਲਾਇਆ ਜਾ ਸਕਦਾ ਹੈ। ਇੱਥੋਂ ਤੱਕ ਕਿ ਖੇਤੀਬਾੜੀ ਭਾਵ 'ਗਰੀਨ ਬੈਲਟ' ਅਖਵਾਉਂਦੇ ਇਸ ਖਿੱਤੇ ਵਿੱਚ ਤਾਂ ਇਕ ਦੋ ਥਾਈਂ ਟਾਇਰ ਸਾੜਨ ਵਾਲੇ ਉਦਯੋਗ ਵੀ ਚੱਲ ਰਹੇ ਹਨ, ਜਿਨ੍ਹਾਂ ਦੇ 200 ਮੀਟਰ ਦੇ ਘੇਰੇ ਵਿੱਚ ਰਹਿਣਾ ਜ਼ਿੰਦਗੀ ਨੂੰ ਚੁਣੌਤੀ ਦੇਣ ਵਾਂਗ ਹੈ। ਇਹੀ ਕਾਰਨ ਹੈ ਕਿ ਉਸ ਥਾਂ ਦੇ ਆਲੇ-ਦੁਆਲੇ ਬੋਰਾਂ ਵਿਚੋਂ ਨਿਕਲਦੇ ਪਾਣੀ ਦਾ ਰੰਗ ਵੀ ਕਾਲਾ ਹੋਣ ਦੀਆਂ ਖਬਰਾਂ ਵੀ ਪੜ੍ਹਨ ਨੂੰ ਮਿਲਦੀਆਂ ਹਨ।

ਦੇਸ਼ ਦੇ 13 ਸੂਬੇ ਇਹ ਕਾਨੂੰਨ ਬਣਾ ਕੇ ਬੈਠੇ ਹੋਏ ਹਨ ਕਿ ਉਥੇ ਕੋਈ ਬਾਹਰੋਂ ਆ ਕੇ ਜ਼ਮੀਨ ਜਾਇਦਾਦ ਨਹੀਂ ਖਰੀਦ ਸਕਦਾ। ਅਸਾਮ, ਸਿੱਕਮ, ਉੱਤਰਾਖੰਡ, ਝਾਰਖੰਡ, ਮਨੀਪੁਰ, ਮਿਜ਼ੋਰਮ, ਮੇਘਾਲਿਆ, ਨਾਗਾਲੈਂਡ, ਹਿਮਾਚਲ ਪ੍ਰਦੇਸ਼ ਵਰਗੇ ਸੂਬੇ ਇਸ ਮਤ 'ਤੇ ਇਤਫ਼ਾਕ ਰੱਖਦੇ ਹਨ, ਕਿ ਸੂਬੇ ਦੇ ਸਰੋਤਾਂ ਅਤੇ ਸਹੂਲਤਾਂ 'ਤੇ ਪਹਿਲਾ ਹੱਕ ਉਥੋਂ ਦੇ ਮੁਢਲੇ ਵਸਨੀਕਾਂ ਦਾ ਹੈ। ਜੇ ਕਿਧਰੇ ਕੋਈ ਢਿੱਲ ਵਰਤੀ ਵੀ ਗਈ ਹੈ ਤਾਂ ਵੀ ਸ਼ਰਤਾਂ ਲਾਗੂ ਹਨ, ਭਾਵ ਤੁਸੀਂ ਜੰਮੂ ਕਸ਼ਮੀਰ ਵਿੱਚ ਜ਼ਮੀਨ ਖਰੀਦ ਤਾਂ ਸਕਦੇ ਹੋ ਪਰ ਜੇਕਰ ਤੁਹਾਡੇ ਕੋਲ ਦੋ ਢਾਈ ਸਾਲ ਦਾ ਖੇਤੀਬਾੜੀ ਦਾ ਤਜਰਬਾ ਹੋਵੇ। ਪੰਜਾਬ ਵਿੱਚ ਬਿਲਕੁਲ ਉਲਟ ਹੋ ਰਿਹਾ ਹੈ। ਇੱਥੋਂ ਦੇ ਮੂਲ ਨਿਵਾਸੀ ਖਾਸ ਕਰਕੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਬਣੀਆਂ ਸਮਾਜ ਭਲਾਈ ਸਕੀਮਾਂ ਜਿਵੇਂ ਆਟਾ ਦਾਲ ਸਕੀਮ, ਮੁਫ਼ਤ ਬਿਜਲੀ, ਮੁਫ਼ਤ ਬੱਸ ਸਫ਼ਰ, ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਰਾਖਵਾਂਕਰਨ ਆਦਿ ਵਿਚੋਂ ਬਾਹਰਲੇ ਸੂਬਿਆਂ ਦੇ ਲੋਕ ਅੱਧ ਵੰਡਾ ਰਹੇ ਹਨ।

ਧਰਤੀ ਹੇਠਲੇ ਖਣਿਜ ਪਦਾਰਥਾਂ 'ਤੇ ਮਾਲਕੀ ਵੀ ਉਸੇ ਸੂਬੇ ਦੀ ਹੁੰਦੀ ਹੈ ਜਿਸ ਦੀ ਹੱਦ ਅੰਦਰ ਇਹ ਕੁਦਰਤੀ ਸਰੋਤ ਪਾਏ ਜਾਣ ਅਤੇ ਇਨ੍ਹਾਂ ਸਰੋਤਾਂ ਨੂੰ ਵੇਚ ਕੇ ਅਤੇ ਵਿਕਰੀ ਟੈਕਸ ਰਾਹੀਂ ਹਿੰਦੋਸਤਾਨ ਦੇ ਸਾਰੇ ਸੂਬੇ ਆਪਣੀ ਆਮਦਨ ਦੇ ਰੂਪ ਵਿਚ ਚੰਗਾ ਚੋਖਾ ਮਾਲੀਆ ਇਕੱਠਾ ਕਰ ਰਹੇ ਹਨ। ਕੁਦਰਤ ਨੇ ਹਰੇਕ ਸੂਬੇ ਦੀ ਝੋਲੀ ਕੁਝ ਨਾ ਕੁਝ ਜ਼ਰੂਰ ਪਾਇਆ ਹੈ। ਮਹਾਰਾਸ਼ਟਰ ਵਿੱਚ ਲੋਹਾ, ਮੱਧ ਪ੍ਰਦੇਸ਼ ਵਿੱਚ ਤੇਲ, ਝਾਰਖੰਡ ਤੇ ਛੱਤੀਸਗੜ੍ਹ ਵਿੱਚ ਕੋਲਾ, ਨਾਗਾਲੈਂਡ ਵਿੱਚ ਤਾਂਬਾ, ਰਾਜਸਥਾਨ ਵਿੱਚ ਮਾਰਬਲ ਦੇ ਭੰਡਾਰ ਹਨ, ਤੁਸੀਂ ਕੋਈ ਸੂਬਾ ਦੂਸਰੇ ਸੂਬੇ ਦੇ ਖਣਿਜ ਪਦਾਰਥਾਂ ਵਿਚੋਂ ਹਿੱਸਾ ਮੰਗਦਾ ਨਹੀਂ ਸੁਣਿਆ ਹੋਣਾ, ਪਰ ਪੰਜਾਬ ਦੇ ਪਾਣੀਆਂ 'ਤੇ ਪੌਣੀ ਦਰਜਨ ਦੇ ਕਰੀਬ ਸੂਬੇ ਆਪਣਾ ਹੱਕ ਜਤਾਉਂਦੇ ਹਨ। ਰਾਜਸਥਾਨ ਗੰਗ ਕੈਨਾਲ ਰਾਹੀਂ ਪੰਜਾਬ ਤੋਂ ਪਾਣੀ ਮੁਫ਼ਤ ਪ੍ਰਾਪਤ ਕਰਕੇ ਦਿੱਲੀ ਨੂੰ ਮੁੱਲ ਵੇਚਦਾ ਹੈ ਜਦੋਂ ਕਿ ਰਾਇਪੇਰੀਅਨ ਕਾਨੂੰਨਾਂ ਅਨੁਸਾਰ ਪਾਣੀ 'ਤੇ ਹੱਕ ਉਸੇ ਸੂਬੇ ਦਾ ਮੰਨਿਆ ਜਾਂਦਾ ਹੈ ਜਿਸ ਵਿੱਚ ਉਹ ਦਰਿਆ ਵਹਿੰਦਾ ਹੋਵੇ।

ਇਸੇ ਤਰ੍ਹਾਂ ਅੰਤਰਰਾਸ਼ਟਰੀ ਵਪਾਰ ਲਈ ਗੁਜਰਾਤ ਅਤੇ ਮਹਾਂਰਾਸ਼ਟਰ ਵਰਗੇ ਸੂਬੇ ਦੁਬਈ ਰਾਹੀਂ ਆਪਣੀ ਉਪਜ ਜਾਂ ਵਸਤਾਂ ਪਾਕਿਸਤਾਨ ਨੂੰ ਵੇਚ ਕੇ ਚੋਖਾ ਮੁਨਾਫ਼ਾ ਕਮਾ ਰਹੇ ਹਨ, ਪ੍ਰੰਤੂ ਪੰਜਾਬ ਲਈ ਇਹ ਸਹੂਲਤ ਉਪਲਬਧ ਨਹੀਂ ਹੈ। ਪੰਜਾਬ ਦਾ ਬਾਸਮਤੀ ਚਾਵਲ ਲੰਮੇ ਅਤੇ ਪਾਰਦਰਸ਼ੀ ਰੇਸ਼ੇ ਕਾਰਨ ਪੂਰੀ ਦੁਨੀਆ ਵਿੱਚ ਪਸੰਦ ਕੀਤਾ ਜਾਂਦਾ ਹੈ। ਜੇਕਰ ਪੰਜਾਬ ਨੂੰ ਵੀ ਅੰਤਰਰਾਸ਼ਟਰੀ ਵਪਾਰ ਕਰਨ ਦੀ ਖੁੱਲ੍ਹ ਮਿਲ ਜਾਵੇ ਤਾਂ ਸਾਡਾ ਤਾਂ ਸਾਰਾ ਚਾਵਲ ਸਾਊਦੀ ਅਰਬ, ਸੰਯੁਕਤ ਰਾਜ ਅਮੀਰਾਤ ਵਿੱਚ ਹੀ ਖਪਤ ਹੋ ਜਾਵੇ ਤੇ ਇਹ ਦੇਸ਼ ਪੰਜਾਬ ਤੋਂ ਬਹੁਤੀ ਦੂਰ ਵੀ ਨਹੀਂ ਹਨ। ਵਰਨਣਯੋਗ ਹੈ ਕਿ ਵਿੱਤੀ ਵਰ੍ਹੇ 2024-25 ਵਿੱਚ ਬਾਸਮਤੀ ਦੀ ਬਰਾਮਦ ਤੋਂ ਦੇਸ਼ ਨੇ ਕੁੱਲ 70,000 ਕਰੋੜ ਰੁਪਏ ਦੇ ਮੁੱਲ ਦੀ ਵਿਦੇਸ਼ੀ ਮੁਦਰਾ ਕਮਾਈ ਸੀ ਤੇ ਉਸ ਵਿੱਚ 70 ਫ਼ੀਸਦੀ ਦੇ ਕਰੀਬ ਯੋਗਦਾਨ 'ਕੱਲੇ ਪੰਜਾਬ ਦੇ ਬਾਸਮਤੀ ਚਾਵਲ ਦਾ ਸੀ। ਪ੍ਰੰਤੂ ਅਜਿਹੀਆਂ ਪ੍ਰਾਪਤੀਆਂ ਦੇ ਬਾਵਜੂਦ ਕੇਂਦਰੀ ਸਰਕਾਰਾਂ ਵੱਲੋਂ ਲਗਾਤਾਰ ਪੰਜਾਬ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ।

ਕਣਕ ਤੇ ਝੋਨੇ ਦਾ ਵਧੇਰੇ ਉਤਪਾਦਨ ਕਰਕੇ ਪੰਜਾਬ ਕੇਂਦਰੀ ਅਨਾਜ ਭੰਡਾਰ ਵਿੱਚ ਵੱਡਾ ਹਿੱਸਾ ਪਾਉਂਦਾ ਆ ਰਿਹਾ ਹੈ। ਹੁਣ ਇਸ ਪੱਖ ਤੋਂ ਵੀ ਪਛੜਨ ਲੱਗ ਪਿਆ ਹੈ। ਕਣਕ ਉਤਪਾਦਨ ਮਾਮਲੇ ਵਿਚ ਪੰਜਾਬ ਨੂੰ ਤੀਸਰੇ ਨੰਬਰ 'ਤੇ ਐਲਾਨਿਆ ਗਿਆ ਹੈ। ਉੱਤਰ ਪ੍ਰਦੇਸ਼ ਅਤੇ ਬਿਹਾਰ ਕ੍ਰਮਵਾਰ ਪਹਿਲੇ ਅਤੇ ਦੂਜੇ ਨੰਬਰ 'ਤੇ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਡੈਮਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਸਥਾਪਿਤ ਕਾਨੂੰਨਾਂ ਅਨੁਸਾਰ ਡੈਮ ਦੇ ਪ੍ਰਬੰਧਨ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਉਸੇ ਸੂਬੇ ਦੀ ਹੁੰਦੀ ਹੈ ਜਿਹੜੇ ਸੂਬੇ ਵਿਚ ਡੈਮ ਸਥਿਤ ਹੋਵੇ। ਪਰ ਭਾਖੜਾ ਬਿਆਸ ਡੈਮ ਦੀ ਸੁਰੱਖਿਆ ਅਤੇ ਪ੍ਰਬੰਧਕੀ ਕੰਟਰੋਲ ਦੋਵੇਂ ਅਹਿਮ ਜ਼ਿੰਮੇਵਾਰੀਆਂ ਪੰਜਾਬ ਕੋਲ ਨਹੀਂ ਹਨ।

ਜਦੋਂ ਮਹਾਰਾਸ਼ਟਰ ਵਿਚੋਂ ਨਵਾਂ ਸੂਬਾ ਗੁਜਰਾਤ ਬਣਿਆ, ਮੱਧ ਪ੍ਰਦੇਸ਼ ਵਿਚੋਂ ਛੱਤੀਸਗੜ੍ਹ, ਝਾਰਖੰਡ ਬਿਹਾਰ ਵਿਚੋਂ ਅਤੇ ਉੱਤਰ ਪ੍ਰਦੇਸ਼ ਵਿਚੋਂ ਉੱਤਰਾਖੰਡ ਬਣਿਆ ਤਾਂ ਸਾਰੇ ਨਵੇਂ ਬਣੇ ਸੂਬਿਆਂ ਨੂੰ ਬਾਕਾਇਦਾ ਵੱਖਰੀ ਰਾਜਧਾਨੀ ਅਤੇ ਵੱਖਰੀ ਹਾਈ ਕੋਰਟ ਮਿਲੀ, ਹੱਦਾਂ ਸਪੱਸ਼ਟ ਕੀਤੀਆਂ ਗਈਆਂ ਲਿਹਾਜ਼ਾ ਕਿਸੇ ਨਵੇਂ ਬਣੇ ਸੂਬੇ ਦਾ ਕਿਸੇ ਹੋਰ ਪ੍ਰਾਂਤ ਨਾਲ ਕੋਈ ਝਗੜਾ ਆਦਿ ਨਹੀਂ ਹੈ। ਤੁਸੀਂ ਸਮਝ ਗਏ ਹੋਵੋਗੇ ਮੈਂ ਕੀ ਲਿਖਣਾ ਚਾਹੁੰਦਾ ਹਾਂ ? ਚਲੋ ਅਸੀਂ ਕੇਂਦਰ ਸਰਕਾਰ ਦੇ ਸੁਝਾਏ ਫ਼ਾਰਮੂਲੇ ਅਨੁਸਾਰ ਚੰਡੀਗੜ੍ਹ ਵਿਚ ਨਿਯੁਕਤੀਆਂ ਦੀ 60:40 ਦਾ ਅਨੁਪਾਤ ਵੀ ਸਵੀਕਾਰ ਕਰ ਲਈ ਪ੍ਰੰਤੂ ਕੁਝ ਹੀ ਸਮੇਂ ਬਾਅਦ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁਲਾਜ਼ਮਾਂ ਦਾ ਵੱਖਰਾ ਕੇਡਰ ਬਣਾ ਕੇ ਇਸ ਤੋਂ ਵੀ ਪਿੱਛੇ ਹਟ ਗਿਆ। ਗੱਲ ਮੁਕਾਓ, ਇਸ ਵਕਤ ਪੰਜਾਬ ਦਾ ਆਪਣੀ ਰਾਜਧਾਨੀ ਭਾਵ ਚੰਡੀਗੜ੍ਹ ਤੋਂ ਦਾਅਵਾ ਤਕਰੀਬਨ-ਤਕਰੀਬਨ ਖ਼ਤਮ ਹੀ ਸਮਝੋ।

ਅਫ਼ਸੋਸ ਇਸ ਗੱਲ ਦਾ ਹੈ ਕਿ ਸਾਡੀਆਂ ਸਿਆਸੀ ਪਾਰਟੀਆਂ ਦੀਆਂ ਰੈਲੀਆਂ ਵਿੱਚ ਪੰਜਾਬ ਨਾਲ ਸੰਬੰਧਿਤ ਉਕਤ ਮੁੱਦਿਆਂ ਦੀ ਚਰਚਾ ਕਦੇ ਸੁਣਾਈ ਨਹੀਂ ਦੇਵੇਗੀ। ਇਹੀ ਕਾਰਨ ਹੈ ਪੰਜਾਬ ਖੇਤੀ ਨਿਰਭਰ ਸੂਬਾ ਹੋਣ ਅਤੇ ਸਾਢੇ ਛੇ ਸਾਲ ਦੇ ਕਰੀਬ ਫ਼ੂਡ ਪ੍ਰੋਸੈਸਿੰਗ ਦਾ ਮੰਤਰਾਲਾ ਵੀ ਪੰਜਾਬ ਕੋਲ ਰਹਿਣ ਦੇ ਬਾਵਜੂਦ ਕੋਈ ਵੱਡਾ ਉਦਯੋਗ ਇੱਥੇ ਸਥਾਪਿਤ ਨਹੀਂ ਹੋ ਸਕਿਆ।

ਅਸੀਂ ਉਨ੍ਹਾਂ ਲੋਕਾਂ ਦੇ ਵਿਚਾਰ ਨਾਲ ਕਤਈ ਸਹਿਮਤ ਨਹੀਂ ਜੋ ਆਖਦੇ ਹਨ ਕਿ ਪੰਜਾਬ ਦੇ ਲੋਕ ਮੁਫ਼ਤ ਸਹੂਲਤਾਂ ਪਿੱਛੇ ਆਪਣੀ ਵੋਟ ਦਾ ਸੌਦਾ ਕਰ ਆਉਂਦੇ ਹਨ। ਜੇਕਰ ਅਜਿਹਾ ਹੁੰਦਾ ਤਾਂ 2022 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਦੀ। ਪਰ ਲੋਕਾਂ ਨੇ ਉਨ੍ਹਾਂ ਦਾ ਮੁਫ਼ਤ ਸਹੂਲਤਾਂ ਦੇ ਅੰਬਾਰ ਵਾਲਾ ਕਾਂਗਰਸ ਪਾਰਟੀ ਦਾ ਚੋਣ ਮੈਨੀਫ਼ੈਸਟੋ ਰੱਦ ਕਰਕੇ ਪੰਜਾਬ ਦੇ ਮਸਲਿਆਂ ਦੇ ਹੱਲ ਹੋਣ ਦੀ ਉਮੀਦ ਨਾਲ ਮੌਜੂਦਾ ਸਰਕਾਰ ਬਣਾਈ ਸੀ। ਹੁਣ 2027 ਵਿੱਚ ਵੀ ਫ਼ੈਸਲਾ ਲੋਕਾਂ ਨੇ ਹੀ ਕਰਨਾ ਹੈ ਕਿ ਪੰਜਾਬ ਦੇ ਮਸਲੇ ਹੱਲ ਹੋਏ ਹਨ ਜਾਂ ਨਹੀਂ ?

# ਖਾਕੀ ਦੀ ਸਾਖ 'ਤੇ ਸਵਾਲ: ਗੈਂਗਸਟਰਾਂ ਅਤੇ ਅਫ਼ਸਰਾਂ ਦੀ ਕਥਿਤ ਮਿਲੀਭੁਗਤ

**ਕਮਲਜੀਤ ਸਿੰਘ**

ਨਵ ਨਿਯੁਕਤ ਆਈ.ਏ.ਐੱਸ. ਅਫ਼ਸਰਾਂ ਲਈ ਮੰਸੂਰੀ ਵਿੱਚ ਚੱਲ ਰਹੀ ਸਰਕਾਰੀ ਇੰਸਟੀਚਿਊਟ ਦੇ ਇੱਕ ਸਾਬਕਾ ਡਾਇਰੈਕਟਰ ਨੇ ਕਿਹਾ ਸੀ ਕਿ ਪੰਜਾਬ ਦੇ ਅਧਿਕਾਰੀ ਮੁਲਕ ਭਰ ਵਿੱਚੋਂ ਸਭ ਤੋਂ ਵੱਧ ਭ੍ਰਿਸ਼ਟ ਹਨ। ਜਦੋਂ ਆਪਣੇ ਆਲੇ ਦੁਆਲੇ ਝਾਤੀ ਮਾਰਦੇ ਹਾਂ ਤਾਂ ਉਸ ਡਾਇਰੈਕਟਰ ਦੇ ਬੋਲ ਸੱਚੇ ਲੱਗਣ ਲਗਦੇ ਹਨ। ਪੰਜਾਬ ਦੇ ਗੈਂਗਸਟਰ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਦਾ ਨਾਂ ਅਮਰੀਕਾ, ਕੈਨੇਡਾ ਅਤੇ ਯੂਰੋਪ ਵਿੱਚ ਅਪਰਾਧੀਆਂ ਦੀਆਂ ਸੂਚੀਆਂ ਵਿੱਚ ਦਰਜ ਹੈ। ਐੱਫ਼.ਬੀ.ਆਈ. ਦੀ ਤਾਜ਼ਾ ਰਿਪੋਰਟ ਅਨੁਸਾਰ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਲਈ 50 ਹਜ਼ਾਰ ਡਾਲਰ ਦਾ ਇਨਾਮ ਰੱਖਿਆ ਗਿਆ ਹੈ। ਥਾਣਾ ਟਾਂਡਾ ਦੇ ਮੁਖੀ ਗੁਰਿੰਦਰਜੀਤ ਸਿੰਘ ਨਾਗਰਾ ਦੀ 4 ਲੱਖ ਅਮਰੀਕਨ ਡਾਲਰ ਦੀ ਵਸੂਲੀ ਦੀ ਦਹਿਸ਼ਤ ਅਮਰੀਕਾ-ਕੈਨੇਡਾ ਤੱਕ ਹੈ। ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਸ਼ਹੀਦ ਜਸਵੰਤ ਸਿੰਘ ਖਾਲੜਾ ਦਾ ਕਾਤਲ ਬਰਨਾਲਾ ਜੇਲ੍ਹ ਵਿੱਚ ਬੰਦ ਹੋਣ ਦੇ ਬਾਵਜੂਦ ਰਾਤਾਂ ਹੋਟਲਾਂ ਜਾਂ ਆਪਣੇ ਘਰ ਵਿੱਚ ਕੱਟਦਾ ਹੈ। ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਜੱਜ ਦੇ ਧਿਆਨ ਵਿੱਚ ਆਉਣ ਤੋਂ ਬਾਅਦ ਖਬਰਾਂ ਵਿੱਚ ਆਉਂਦਾ ਹੈ।

ਅਮਰੀਕਾ ਨੇ ਭਾਰਤ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸਦੇ ਸਹਿਯੋਗੀ ਗੋਲਡੀ ਬਰਾੜ ਉੱਤੇ ਕੈਨੇਡਾ ਵਿੱਚ ਖਾੜਕੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸਾਜ਼ਿਸ਼ ਕਰਨ ਦੇ ਦੋਸ਼ ਆਇਦ ਕੀਤੇ ਹਨ। ਕੈਨੇਡਾ ਦੇ ਨਾਗਰਿਕ ਨਿੱਜਰ ਦੀ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਗੁਰਦੁਆਰੇ ਦੇ ਬਾਹਰ ਹੱਤਿਆ ਕਰ ਦਿੱਤੀ ਗਈ ਸੀ। ਐੱਫ਼.ਬੀ.ਆਈ. ਨੇ ਸਪਸ਼ਟ ਕੀਤਾ ਹੈ ਕਿ ਉਹ ਇੰਟਰਪੋਲ ਰਾਹੀਂ ਭਾਰਤ ਰਹਿੰਦੇ ਜਾਂ ਉੱਥੋਂ ਦੀਆਂ ਜੇਲ੍ਹਾਂ ਵਿੱਚ ਬੰਦ ਮੁਲਜ਼ਮਾਂ ਨੂੰ ਅਮਰੀਕਾ ਲੈ ਕੇ ਆਉਣਗੇ। ਐੱਫ਼. ਵੀ. ਆਈ. ਨੇ ਇੱਕ ਰਿਪੋਰਟ ਤਿਆਰ ਕੀਤੀ ਹੈ ਜਿਸ ਵਿੱਚ ਕੈਨੇਡਾ ਅਤੇ ਯੂਰਪ ਦੀਆਂ ਸੀ.ਬੀ.ਆਈ. ਜਿਹੀਆਂ ਸਰਕਾਰੀ ਏਜੰਸੀਆਂ ਤੋਂ ਅੰਕੜੇ ਲਏ ਗਏ ਹਨ। ਐੱਫ਼.ਬੀ.ਆਈ. ਨੇ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਲਈ 50 ਹਜ਼ਾਰ ਅਮਰੀਕੀ ਡਾਲਰ ਦਾ ਇਨਾਮ ਐਲਾਨਿਆ ਹੈ। ਕੈਲੇਫ਼ੋਰਨੀਆ ਦੀ ਅਦਾਲਤ ਨੇ ਪਹਿਲੀ ਜੁਲਾਈ ਨੂੰ ਬਰਾੜ ਖਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ।




ਅਮਰੀਕਾ ਦੀ ਫ਼ੈਡਰਲ ਜਾਂਚ ਏਜੰਸੀ ਵੱਲੋਂ ਹੀ ਭਾਰਤ ਨਾਲ ਜੁੜੇ ਸੰਗਠਤ, ਆਪਰਾਧਿਕ ਸਮੂਹਾਂ ਖ਼ਿਲਾਫ਼ ਅਪਰੇਸ਼ਨ 'ਹਾਰਡ ਬਾਲ' ਤਹਿਤ ਆਰੰਭੀ ਗਈ ਕਾਰਵਾਈ ਵਿੱਚ ਟਾਂਡਾ ਦੇ ਥਾਣਾ ਮੁਖੀ ਗੁਰਿੰਦਰਜੀਤ ਸਿੰਘ ਨਾਗਰਾ ਉੱਥੇ 4 ਲੱਖ ਡਾਲਰ ਦੀ ਜਬਰੀ ਵਸੂਲੀ ਦੇ ਦੋਸ਼ ਲਾਏ ਹਨ। ਐੱਫ਼.ਬੀ.ਆਈ. ਦੀ ਜਾਂਚ ਵਿੱਚ ਖੁਲਾਸਾ ਹੋਇਆ ਕਿ ਨਾਗਰਾ ਨੇ ਅਮਰੀਕਾ ਦੇ ਲਾਸ ਏਂਜਲਸ ਦੇ ਇੱਕ ਪਰਿਵਾਰ ਨੂੰ ਝੂਠੇ ਕਤਲ ਕੇਸ ਵਿੱਚ ਫ਼ਸਾਉਣ ਦੀ ਧਮਕੀ ਦੇ ਕੇ ਫ਼ਿਰੌਤੀ ਮੰਗੀ ਸੀ। ਇਲਜ਼ਾਮਾਂ ਅਨੁਸਾਰ ਉਹ ਜੱਗੂ ਭਗਵਾਨਪੁਰੀਏ ਨਾਲ ਜੁੜੇ ਗਿਰੋਹ ਦੇ ਸੰਪਰਕ ਵਿੱਚ ਸੀ। ਚਾਰਜ ਸ਼ੀਟ ਵਿੱਚ ਦੱਸਿਆ ਗਿਆ ਹੈ ਕਿ ਭਗਵਾਨਪੁਰੀਆ ਨੇ ਪੁਲਿਸ ਅਧਿਕਾਰੀਆਂ ਨਾਲ ਭਾਈਵਾਲੀ ਕੀਤੀ ਅਤੇ ਉਨ੍ਹਾਂ ਨੂੰ ਜਬਰੀ ਵਸੂਲੀ ਵਿੱਚ ਸ਼ਾਮਲ ਕੀਤਾ। ਨਾਗਰਾ ਅਮਰੀਕਾ ਵਿੱਚ ਪ੍ਰੌਪਰਟੀ ਖਰੀਦਣੀ ਚਾਹੁੰਦਾ ਸੀ। ਸੋਸ਼ਲ ਮੀਡੀਆ ਉੱਤੇ ਰਿਪੋਰਟ ਨਸ਼ਰ ਹੋਣ ਤੋਂ ਬਾਅਦ ਪੰਜਾਬ ਪੁਲਿਸ ਨੇ ਹਰਕਤ ਵਿੱਚ ਆਉਂਦਿਆਂ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਪੁਲਿਸ ਲਾਈਨ ਹੁਸ਼ਿਆਰਪੁਰ ਤਬਦੀਲ ਕਰ ਦਿੱਤਾ ਸੀ ਅਤੇ ਉਸ ਖ਼ਿਲਾਫ਼ ਜਾਂਚ ਬਿਠਾ ਦਿੱਤੀ ਸੀ। ਫ਼ੈਡਰਲ ਅਧਿਕਾਰੀਆਂ ਅਨੁਸਾਰ ਭਗਵਾਨਪੁਰੀਆ ਗਿਰੋਹ ਦੇ ਮੈਂਬਰ ਗੁਰਲਾਲ ਸਿੰਘ ਨੇ, ਜੋ ਗ਼ੈਰ ਕਾਨੂੰਨੀ ਤਰੀਕੇ ਨਾਲ ਕੈਲੇਫ਼ੋਰਨੀਆ ਵਿੱਚ ਰਹਿ ਰਿਹਾ ਹੈ, ਨਾਗਰਾ ਨੂੰ ਸ਼ਿਕਾਰ ਕੀਤੇ ਜਾਣ ਬੜੇ ਵਿਅਕਤੀ ਦੇ ਵੇਰਵੇ ਸਾਂਝੇ ਕੀਤੇ ਸਨ। ਚਾਲੂ ਸਾਲ ਦੌਰਾਨ 15 ਫ਼ਰਵਰੀ ਨੂੰ ਟਾਂਡਾ ਦੇ ਪਿੰਡ ਮਿਆਣੀ ਵਿਖੇ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਸਤਿਕਾਰ ਹਾਰਡਵੇਅਰ ਨਾਂ ਦੀ ਦੁਕਾਨ ਦੇ ਮਾਲਕ ਬਲਵਿੰਦਰ ਸਿੰਘ ਦਾ ਕਤਲ ਕਰ ਦਿੱਤਾ ਸੀ। ਇਸ ਵਾਰਦਾਤ ਦੌਰਾਨ ਬਲਵਿੰਦਰ ਸਿੰਘ ਜ਼ਖਮੀ ਹੋ ਗਿਆ ਸੀ। ਉਸਦੇ ਬਿਆਨਾਂ ਦੇ ਅਧਾਰ 'ਤੇ ਟਾਂਡਾ ਥਾਣੇ ਵਿੱਚ ਐੱਫ਼.ਆਈ.ਆਰ. ਦਰਜ ਗਈ। ਨਾਗਰਾ ਉੱਤੇ ਦੋਸ਼ ਹੈ ਕਿ ਉਸਨੇ ਨਿਸ਼ਾਨਾ ਬਣਾਏ ਜਾਣ ਵਾਲੇ ਪਰਿਵਾਰ ਨਾਲ ਸੰਪਰਕ ਕੀਤਾ ਸੀ ਅਤੇ ਉਨ੍ਹਾਂ ਨੂੰ ਇਸ ਕਤਲ ਦੇ ਮਾਮਲੇ ਵਿੱਚ ਫ਼ਸਾਉਣ ਦੀ ਧਮਕੀ ਦੇ ਕੇ ਪੈਸੇ ਦੀ ਮੰਗ ਕੀਤੀ ਸੀ।

ਸਿਤਮ ਦੀ ਗੱਲ ਇਹ ਕਿ ਜਸਵੰਤ ਸਿੰਘ ਖਾਲੜਾ ਨੂੰ ਕਤਲ ਕਰਨ ਵਾਲਾ ਡੀ.ਐੱਸ.ਪੀ. ਜਸਪਾਲ ਸਿੰਘ ਅਦਾਲਤ ਦੇ ਫ਼ੈਸਲੇ ਮੁਤਾਬਿਕ ਜੇਲ੍ਹ ਵਿੱਚ ਬੰਦ ਹੈ ਪਰ ਉਹ ਰਾਤਾਂ ਹੋਟਲਾਂ ਜਾਂ ਆਪਣੇ ਘਰ ਵਿੱਚ ਗੁਜ਼ਾਰਦਾ ਹੈ। ਨਾਭਾ ਓਪਨ ਖੇਤੀਬਾੜੀ ਜੇਲ੍ਹ ਵੱਲੋਂ ਹੁਸ਼ਿਆਰਪੁਰ ਪੁਲਿਸ ਨੂੰ ਕਾਤਲ ਡੀ.ਐੱਸ.ਪੀ. ਜਸਪਾਲ ਸਿੰਘ ਦਾ ਥਾਂ ਪਤਾ ਲਾਉਣ ਲਈ ਕਿਹਾ ਗਿਆ ਹੈ। ਹੁਸ਼ਿਆਰਪੁਰ ਦੇ ਸਦਰ ਥਾਣਾ ਦੇ ਏ. ਐੱਸ. ਆਈ. ਸੁਰਿੰਦਰ ਪਾਲ ਸਿੰਘ ਨੂੰ ਜਸਪਾਲ ਸਿੰਘ ਦਾ ਪਤਾ ਲਾਉਣ ਲਈ ਕਿਹਾ ਗਿਆ ਹੈ। ਉਮਰ ਕੈਦ ਦੀ ਸਜ਼ਾ ਕੱਟ ਰਹੇ ਜਸਪਾਲ ਸਿੰਘ ਨੂੰ ਮਈ 2023 ਵਿੱਚ ਨਾਭਾ ਓਪਨ ਖੇਤੀਬਾੜੀ ਜੇਲ੍ਹ ਵਿੱਚੋਂ ਇੱਕ ਲੱਖ ਰੁਪਏ ਅਤੇ ਨਿੱਜੀ ਬਾਂਡ ਭਰਵਾਕੇ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਸੀ। ਸਾਲ 2022 ਵਿੱਚ ਪੰਜਾਬ ਸਰਕਾਰ ਵੱਲੋਂ ਜਸਪਾਲ ਸਿੰਘ ਦੀ ਸਜ਼ਾ ਮੁਆਫ਼ੀ ਲਈ ਪ੍ਰਸਤਾਵ ਭੇਜਿਆ ਗਿਆ ਸੀ। ਸੀਨੀਅਰ ਜੇਲ੍ਹ ਅਧਿਕਾਰੀ ਕਹਿੰਦੇ ਹਨ ਕਿ ਉਸ ਪ੍ਰਸਤਾਵ 'ਤੇ ਹਾਲੇ ਤੱਕ ਰਾਜਪਾਲ ਵੱਲੋਂ ਕੋਈ ਫ਼ੈਸਲਾ ਨਹੀਂ ਲਿਆ ਗਿਆ। ਇਸਦੇ ਚਲਦਿਆਂ ਪਟਿਆਲਾ ਚੀਫ਼ ਜੁਡੀਸ਼ੀਅਲ ਮਜਿਸਟਰੇਟ ਨਵਦੀਪ ਕੌਰ ਗਿੱਲ ਨੇ ਜਸਪਾਲ ਸਿੰਘ ਦੀ ਰਿਹਾਈ ਦੇ ਹੁਕਮ ਕੀਤੇ ਸਨ ਗ਼ੌਰ ਕਰਨ ਵਾਲੀ ਗੱਲ ਇਹ ਕਿ ਜਸਪਾਲ ਸਿੰਘ ਨੂੰ ਖਾਲੜਾ ਕਤਲ ਕੇਸ ਵਿੱਚ ਪੈਰੋਲ ਦੇ ਦਿੱਤੀ ਸੀ ਪਰ ਉਸ ਨੂੰ ਟਾਂਡਾ ਦੇ ਇੱਕ ਹੋਰ ਐੱਫ਼.ਆਈ.ਆਰ. ਦੇ ਕੇਸ ਵਿੱਚ ਪੰਜ ਸਾਲ ਦੀ ਕੈਦ ਦੇ ਤਹਿਤ ਅੰਦਰ ਹੀ ਰੱਖਿਆ ਸੀ।

ਪਤਾ ਲੱਗਾ ਹੈ ਕਿ ਜਸਪਾਲ ਸਿੰਘ ਨੇ ਜ਼ਿਆਦਾਤਰ ਕੈਦ ਓਪਨ ਜੇਲ੍ਹ ਵਿੱਚ ਹੀ ਕੱਟੀ ਹੈ। ਤਰੀਕ ਭੁਗਤਣ ਦੇ ਬਹਾਨੇ ਉਸਨੂੰ ਜੇਲ੍ਹ ਵਿੱਚੋਂ ਇੱਕ ਦਿਨ ਪਹਿਲਾਂ ਬਾਹਰ ਕੱਢ ਦਿੱਤਾ ਜਾਂਦਾ ਤੇ ਇੱਕ ਦਿਨ ਬਾਅਦ ਉਹ ਜੇਲ੍ਹ ਵਿੱਚ ਵਾਪਸ ਆਉਂਦਾ। ਇਹ ਦੋ ਰਾਤਾਂ ਉਹ ਕਿੱਥੇ ਕੱਟਦਾ ਕਿਸੇ ਨੂੰ ਪਤਾ ਨਹੀਂ ਹੈ, ਜਦੋਂ ਕਿ ਕਾਨੂੰਨ ਇਹ ਕਹਿੰਦਾ ਹੈ ਕਿ ਜੇ ਮੁਲਜ਼ਮ ਜਾਂ ਦੋਸ਼ੀ ਤਰੀਕ ਭੁਗਤਣ 'ਤੇ ਉਸੇ ਦਿਨ ਵਾਪਸ ਨਾ ਆ ਸਕੇ ਤਾਂ ਉਸਨੂੰ ਸੰਬੰਧਿਤ ਥਾਣੇ ਵਿੱਚ ਰੱਖਣਾ ਪੈਂਦਾ ਹੈ, ਜਿਸਦਾ ਸਾਰਾ ਰਿਕਾਰਡ ਇੰਦਰਾਜ਼ ਕੀਤਾ ਜਾਂਦਾ ਹੈ। ਮਨੁੱਖੀ ਅਧਿਕਾਰ ਕਾਰਕ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ ਮਾਰਨ ਦੇ ਕੇਸ ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਪੀਲ ਕੀਤੀ ਜਿਹੜੀ ਕਿ ਖਾਰਿਜ ਕਰ ਦਿੱਤੀ ਗਈ ਸੀ।

ਇਹ ਉਹ ਤਿੰਨ ਮਾਮਲੇ ਹਨ ਜਿਹੜੇ ਇੰਨ੍ਹੀਂ ਦਿਨੀਂ ਚਰਚਾ ਵਿੱਚ ਹਨ। ਇਸ ਤੋਂ ਪਹਿਲਾਂ ਪੰਜਾਬ ਪੁਲਿਸ ਜਿਹੜੇ ਗੁਲ ਖਿਲਾਉਂਦੀ ਰਹੀ ਹੈ, ਉਹ ਕਿਸੇ ਤੋਂ ਲੁਕੇ ਹੋਏ ਨਹੀਂ ਹਨ। ਪੰਜਾਬ ਪੁਲਿਸ ਉੱਤੇ ਭ੍ਰਿਸ਼ਟਾਚਾਰ ਦੇ ਲਗਦੇ ਦੋਸ਼ਾਂ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਕ ਪੁੱਜ ਗਿਆ ਸੀ। ਹੋਰ ਤਾਂ ਹੋਰ, ਪੰਜਾਬ ਦੀ ਵਿਧਾਨ ਸਭਾ ਵਿੱਚ ਵੀ ਪੰਜਾਬ ਪੁਲਿਸ ਦੀਆਂ ਜ਼ਿਆਦਤੀਆਂ ਅਤੇ ਭ੍ਰਿਸ਼ਟਾਚਾਰ ਦਾ ਮੁੱਦਾ ਗੂੰਜਿਆ ਸੀ, ਜਿਸ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੁਲਿਸ ਮੁਖੀ ਗੌਰਵ ਯਾਦਵ ਨੂੰ ਵਿਭਾਗ ਅੰਦਰਲੀਆਂ ਕਾਲੀਆਂ ਭੇਡਾਂ ਦੀ ਸੂਚੀ ਬਣਾ ਕੇ ਦੇਣ ਲਈ ਕਿਹਾ ਗਿਆ ਸੀ। ਡੀ.ਜੀ.ਪੀ. ਗੌਰਵ ਯਾਦਵ ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਵੀ ਇਹ ਸੂਚੀ ਬਣਾ ਕੇ ਨਹੀਂ ਦੇ ਸਕੇ। ਸ਼ਾਇਦ ਉਹਨਾਂ ਵਾਸਤੇ ਚਿੱਟੀਆਂ ਭੇਡਾਂ ਲੱਭਣੀਆਂ ਮੁਸ਼ਕਿਲ ਹੋ ਗਈਆਂ ਹੋਣ।

ਐੱਫ਼.ਬੀ.ਆਈ. ਦੀ ਰਿਪੋਰਟ ਤਾਂ ਇਹ ਵੀ ਕਹਿੰਦੀ ਹੈ ਕਿ ਪੰਜਾਬ ਪੁਲਿਸ ਇੱਕ ਤਰ੍ਹਾਂ ਨਾਲ ਗੈਂਗਸਟਰਾਂ ਦੀ ਅਗਵਾਈ ਹੇਠ ਕੰਮ ਕਰ ਰਹੀ ਹੈ। ਪੰਜਾਬ ਪੁਲਿਸ ਉੱਤੇ ਨਸ਼ਾ ਤਸਕਰੀ ਸਮੇਤ ਹੋਰ ਵੀ ਕਈ ਗੰਭੀਰ ਦੋਸ਼ ਲਗਦੇ ਹਨ। ਨਸ਼ਾ ਤਸਕਰੀ ਦੇ ਇੱਕ ਵੱਡੇ ਖਿਡਾਰੀ ਅਤੇ ਪੰਜਾਬ ਪੁਲਿਸ ਦੇ ਸਾਬਕਾ ਏ.ਆਈ.ਜੀ. ਰਾਜਜੀਤ ਸਿੰਘ ਦੀਆਂ ਕਰਤੂਤਾਂ ਸਾਹਮਣੇ ਆਉਣ ਤੋਂ ਬਾਅਦ ਵੀ ਉਹ ਸਾਲਾਂ ਤੋਂ ਪੁਲਿਸ ਦੀਆਂ ਅੱਖਾਂ ਤੋਂ ਬਚਿਆ ਆ ਰਿਹਾ ਹੈ। ਇੱਕ ਨਹੀਂ ਕਈ ਸਾਰੇ ਪੁਲਿਸ ਅਧਿਕਾਰੀ ਨਸ਼ਾ ਤਸਕਰੀ, ਭ੍ਰਿਸ਼ਟਾਚਾਰ ਅਤੇ ਗੈਂਗਵਾਰ ਜਿਹੇ ਗੰਭੀਰ ਦੋਸ਼ਾਂ ਵਿੱਚ ਫ਼ਸੇ ਹੋਏ ਹਨ। ਕਈਆਂ ਨੂੰ ਆਪਣੀ ਨੌਕਰੀ ਤੋਂ ਵੀ ਹੱਥ ਧੋਣੇ ਪੈ ਚੁੱਕੇ ਹਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਦਾ ਜੁੱਟ ਤੋੜਨ ਲਈ ਇੱਕੋ ਵਾਰ ਹਜ਼ਾਰ ਮੁਲਾਜ਼ਮਾਂ ਦੀਆਂ ਬਦਲੀਆਂ ਕਰ ਦਿੱਤੀਆਂ ਸਨ।

(ਬਾਕੀ ਸਫ਼ਾ 27 'ਤੇ)

# ਡਿਜੀਟਲ ਦੌਰ 'ਚ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ

**ਡਾ. ਹਰਗੁਣਪ੍ਰੀਤ ਸਿੰਘ**

ਪੱਤਰਕਾਰੀ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ। ਇਹ ਸਿਰਫ਼ ਖ਼ਬਰਾਂ ਪਹੁੰਚਾਉਣ ਦਾ ਮਾਧਿਅਮ ਹੀ ਨਹੀਂ, ਸਗੋਂ ਸਮਾਜ ਨੂੰ ਜਾਗਰੂਕ ਕਰਨ, ਲੋਕਾਂ ਦੀ ਆਵਾਜ਼ ਚੁੱਕਣ ਅਤੇ ਸੱਤਾ ਨੂੰ ਜਵਾਬਦੇਹ ਬਣਾਉਣ ਦਾ ਪ੍ਰਭਾਵਸ਼ਾਲੀ ਸਾਧਨ ਵੀ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਸੂਚਨਾ ਅਤੇ ਸੰਚਾਰ ਤਕਨਾਲੋਜੀ ਵਿੱਚ ਆਏ ਇਨਕਲਾਬੀ ਤਬਦੀਲੀ ਨੇ ਪੱਤਰਕਾਰੀ ਦੇ ਸਰੂਪ ਨੂੰ ਬੁਨਿਆਦੀ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਡਿਜੀਟਲ ਪਲੈਟਫਾਰਮਾਂ ਦੇ ਤੇਜ਼ੀ ਨਾਲ ਵਧਦੇ ਪ੍ਰਭਾਵ ਕਾਰਨ ਖ਼ਬਰਾਂ ਇਕੱਤਰ ਕਰਨ, ਸੰਪਾਦਨ, ਪ੍ਰਕਾਸ਼ਿਤ ਕਰਨ ਅਤੇ ਲੋਕਾਂ ਤੱਕ ਪਹੁੰਚਾਉਣ ਦੇ ਢੰਗ-ਤਰੀਕੇ ਵੱਡੇ ਪੱਧਰ 'ਤੇ ਬਦਲੇ ਹਨ। ਅੱਜ ਪੱਤਰਕਾਰੀ ਸਿਰਫ਼ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਤੱਕ ਸੀਮਿਤ ਨਹੀਂ ਰਹੀ, ਸਗੋਂ ਮੋਬਾਈਲ ਫੋਨ ਅਤੇ ਡਿਜੀਟਲ ਮਾਧਿਅਮਾਂ ਰਾਹੀਂ ਹਰ ਵਿਅਕਤੀ ਤੱਕ ਤੁਰੰਤ ਪਹੁੰਚ ਰਹੀ ਹੈ। ਕਿਸੇ ਸਮੇਂ ਲੋਕ ਸਵੇਰੇ ਅਖ਼ਬਾਰ ਦੀ ਉਡੀਕ ਕਰਦੇ ਸਨ ਜਾਂ ਰੇਡੀਓ ਅਤੇ ਟੈਲੀਵਿਜ਼ਨ ਦੇ ਨਿਯਤ ਸਮੇਂ 'ਤੇ ਖ਼ਬਰਾਂ ਸੁਣਦੇ ਸਨ। ਅੱਜ ਇੱਕ ਘਟਨਾ ਵਾਪਰਨ ਦੇ ਕੁਝ ਸਕਿੰਟਾਂ ਵਿੱਚ ਹੀ ਉਸ ਦੀ ਜਾਣਕਾਰੀ ਦੁਨੀਆ ਦੇ ਕਰੋੜਾਂ ਲੋਕਾਂ ਤੱਕ ਪਹੁੰਚ ਜਾਂਦੀ ਹੈ। ਜਦੋਂ ਕੁਝ ਸਾਲ ਪਹਿਲਾਂ ਭਾਰਤ ਨੇ ਚੰਦਰਯਾਨ-3 ਦੀ ਸਫ਼ਲ ਲੈਂਡਿੰਗ ਕੀਤੀ ਤਾਂ ਇਸ ਦੀ ਜਾਣਕਾਰੀ ਅਤੇ ਸਿੱਧਾ ਪ੍ਰਸਾਰਨ ਕੁਝ ਹੀ ਸਕਿੰਟਾਂ ਵਿੱਚ ਦੁਨੀਆ ਭਰ ਦੇ ਲੋਕਾਂ ਤੱਕ ਪਹੁੰਚ ਗਿਆ। ਇਸੇ ਤਰ੍ਹਾਂ ਕ੍ਰਿਕਟ ਵਿਸ਼ਵ ਕੱਪ, ਆਈ ਪੀ ਐੱਲ, ਫੀਫਾ ਵਿਸ਼ਵ ਕੱਪ ਜਾਂ ਉਲੰਪਿਕ ਖੇਡਾਂ ਵਰਗੇ ਵੱਡੇ ਖੇਡ ਸਮਾਗਮਾਂ ਦੌਰਾਨ ਲੋਕ ਆਪਣੇ ਮੋਬਾਈਲ ਫੋਨਾਂ ਰਾਹੀਂ ਹਰ ਪਲ ਦੀ ਤਾਜ਼ਾ ਜਾਣਕਾਰੀ, ਲਾਈਵ ਸਕੋਰ, ਵਿਸ਼ਲੇਸ਼ਣ ਅਤੇ ਅਪਡੇਟ ਤੁਰੰਤ ਪ੍ਰਾਪਤ ਕਰ ਸਕਦੇ ਹਨ, ਜਿਸ ਨਾਲ ਖੇਡ ਪੱਤਰਕਾਰੀ ਦੀ ਪਹੁੰਚ ਅਤੇ ਪ੍ਰਭਾਵ ਵਿੱਚ ਕਾਫ਼ੀ ਵਾਧਾ ਹੋਇਆ ਹੈ। ਮੋਬਾਈਲ ਫੋਨ ਅਤੇ ਇੰਟਰਨੈੱਟ ਨੇ ਹਰ ਵਿਅਕਤੀ ਨੂੰ ਜਾਣਕਾਰੀ ਪ੍ਰਾਪਤ ਕਰਨ ਅਤੇ ਸਾਂਝੀ ਕਰਨ ਦੀ ਸਮਰੱਥਾ ਦਿੱਤੀ ਹੈ। ਇਹੀ ਕਾਰਨ ਹੈ ਕਿ ਡਿਜੀਟਲ ਪੱਤਰਕਾਰੀ ਨੇ ਜਾਣਕਾਰੀ ਦੇ ਪ੍ਰਸਾਰ ਵਿੱਚ ਇੱਕ ਕ੍ਰਾਂਤੀ ਲਿਆ ਦਿੱਤੀ ਹੈ।




ਡਿਜੀਟਲ ਯੁੱਗ ਨੇ ਪੱਤਰਕਾਰਾਂ ਲਈ ਅਣਗਿਣਤ ਨਵੇਂ ਮੌਕੇ ਪੈਦਾ ਕੀਤੇ ਹਨ। ਅੱਜ ਪੱਤਰਕਾਰ ਸਿਰਫ਼ ਲਿਖਤੀ ਰਿਪੋਰਟਾਂ ਤੱਕ ਸੀਮਿਤ ਨਹੀਂ ਰਹੇ, ਉਹ ਵੀਡੀਓ ਰਿਪੋਰਟਿੰਗ, ਪੌਡਕਾਸਟ, ਲਾਈਵ ਸਟ੍ਰੀਮਿੰਗ, ਡੇਟਾ ਵਿਸ਼ਲੇਸ਼ਣ ਅਤੇ ਮਲਟੀਮੀਡੀਆ ਸਟੋਰੀਟੈਲਿੰਗ ਰਾਹੀਂ ਆਪਣੀ ਗੱਲ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਸਕਦੇ ਹਨ। ਇਸ ਨਾਲ ਖ਼ਬਰਾਂ ਸਿਰਫ਼ ਪੜ੍ਹਨ ਤੱਕ ਸੀਮਿਤ ਨਹੀਂ ਰਹਿੰਦੀਆਂ, ਸਗੋਂ ਇੱਕ ਜੀਵੰਤ ਅਨੁਭਵ ਬਣ ਜਾਂਦੀਆਂ ਹਨ। ਜਦੋਂ ਕਰੋਨਾ ਮਹਾਮਾਰੀ ਦੌਰਾਨ ਪੂਰੀ ਦੁਨੀਆ ਤਾਲਾਬੰਦੀ ਅਤੇ ਸਮਾਜਿਕ ਦੂਰੀ ਦੇ ਨਿਯਮਾਂ ਕਾਰਨ ਘਰਾਂ ਵਿੱਚ ਰਹਿਣ ਲਈ ਮਜਬੂਰ ਸੀ, ਉਦੋਂ ਡਿਜੀਟਲ ਮਾਧਿਅਮਾਂ ਰਾਹੀਂ ਬਿਮਾਰੀ ਦੇ ਫੈਲਾਅ, ਸੁਰੱਖਿਆ ਉਪਾਵਾਂ ਅਤੇ ਟੀਕਾਕਰਨ ਸਬੰਧੀ ਮਹੱਤਵਪੂਰਨ ਜਾਣਕਾਰੀ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਾਈ ਗਈ। ਇਸ ਨਾਲ ਲੋਕਾਂ ਨੂੰ ਸਥਿਤੀ ਨੂੰ ਸਮਝਣ, ਸਹੀ ਫ਼ੈਸਲੇ ਲੈਣ ਅਤੇ ਅਫ਼ਵਾਹਾਂ ਤੋਂ ਬਚਣ ਵਿੱਚ ਮਹੱਤਵਪੂਰਨ ਮਦਦ ਮਿਲੀ ਅਤੇ ਡਿਜੀਟਲ ਪੱਤਰਕਾਰੀ ਨੇ ਸੰਕਟ ਦੇ ਸਮੇਂ ਇੱਕ ਭਰੋਸੇਯੋਗ ਅਤੇ ਪ੍ਰਭਾਵਸ਼ਾਲੀ ਸਰੋਤ ਵਜੋਂ ਆਪਣੀ ਅਹਿਮ ਭੂਮਿਕਾ ਨਿਭਾਈ।

ਸੋਸ਼ਲ ਮੀਡੀਆ ਨੇ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਨਵਾਂ ਅਧਿਆਇ ਜੋੜਿਆ ਹੈ। ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ ਅਤੇ ਐਕਸ (ਪਹਿਲਾਂ ਟਵਿੱਟਰ) ਵਰਗੇ ਪਲੈਟਫਾਰਮ ਅੱਜ ਖ਼ਬਰਾਂ ਦੇ ਮਹੱਤਵਪੂਰਨ ਸਰੋਤ ਬਣ ਚੁੱਕੇ ਹਨ। ਪੱਤਰਕਾਰ ਹੁਣ ਆਪਣੇ ਦਰਸ਼ਕਾਂ ਨਾਲ ਸਿੱਧਾ ਸੰਵਾਦ ਕਰ ਸਕਦੇ ਹਨ, ਉਨ੍ਹਾਂ ਦੀ ਪ੍ਰਤੀਕਿਰਿਆ ਜਾਣ ਸਕਦੇ ਹਨ ਅਤੇ ਸਮਾਜਿਕ ਮੁੱਦਿਆਂ 'ਤੇ ਵਿਆਪਕ ਚਰਚਾ ਨੂੰ ਉਤਸ਼ਾਹਿਤ ਕਰ ਸਕਦੇ ਹਨ ਜਿਸ ਨਾਲ ਪੱਤਰਕਾਰੀ ਹੋਰ ਲੋਕ ਕੇਂਦਰਿਤ ਅਤੇ ਭਾਗੀਦਾਰੀ ਵਾਲੀ ਬਣੀ ਹੈ।

ਡਿਜੀਟਲ ਕ੍ਰਾਂਤੀ ਦਾ ਇੱਕ ਹੋਰ ਮਹੱਤਵਪੂਰਨ ਪੱਖ ਨਾਗਰਿਕ ਪੱਤਰਕਾਰੀ ਹੈ। ਅੱਜ ਕੋਈ ਵੀ ਆਮ ਨਾਗਰਿਕ ਆਪਣੇ ਸਮਾਰਟਫੋਨ ਰਾਹੀਂ ਕਿਸੇ ਮਹੱਤਵਪੂਰਨ ਘਟਨਾ ਦੀ ਤਸਵੀਰ ਜਾਂ ਵੀਡੀਓ ਰਿਕਾਰਡ ਕਰਕੇ ਉਸ ਨੂੰ ਦੁਨੀਆ ਸਾਹਮਣੇ ਲਿਆ ਸਕਦਾ ਹੈ। ਕਈ ਵਾਰ ਇਹ ਜਾਣਕਾਰੀਆਂ ਅਜਿਹੇ ਮੁੱਦਿਆਂ ਨੂੰ ਉਜਾਗਰ ਕਰ ਦਿੰਦੀਆਂ ਹਨ ਜੋ ਰਵਾਇਤੀ ਮੀਡੀਆ ਦੀ ਨਜ਼ਰ ਤੋਂ ਦੂਰ ਰਹਿ ਜਾਂਦੇ ਹਨ। ਇਸ ਨਾਲ ਲੋਕਾਂ ਦੀ ਭਾਗੀਦਾਰੀ ਵਧੀ ਹੈ, ਜਾਣਕਾਰੀ ਦੇ ਸਰੋਤ ਹੋਰ ਵਿਸ਼ਾਲ ਹੋਏ ਹਨ ਅਤੇ ਰੁਜ਼ਗਾਰ ਦੇ ਨਵੇਂ ਦਰਵਾਜ਼ੇ ਵੀ ਖੁੱਲ੍ਹੇ ਹਨ। ਨੌਜਵਾਨਾਂ ਲਈ ਇਹ ਖੇਤਰ ਰਚਨਾਤਮਕਤਾ, ਤਕਨੀਕੀ ਕੁਸ਼ਲਤਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਵਿਲੱਖਣ ਮੇਲ ਪੇਸ਼ ਕਰਦਾ ਹੈ। ਹਾਲਾਂਕਿ ਹਰ ਤਰੱਕੀ ਆਪਣੇ ਨਾਲ ਕੁਝ ਚੁਣੌਤੀਆਂ ਵੀ ਲਿਆਉਂਦੀ ਹੈ। ਡਿਜੀਟਲ ਪੱਤਰਕਾਰੀ ਸਾਹਮਣੇ ਫ਼ੇਕ ਨਿਊਜ਼, ਹੈਕਿੰਗ, ਟ੍ਰੌਲਿੰਗ, ਡੇਟਾ ਚੋਰੀ ਅਤੇ ਸਾਈਬਰ ਹਮਲੇ ਵਰਗੀਆਂ ਗੰਭੀਰ ਸਮੱਸਿਆਵਾਂ ਮੌਜੂਦ ਹਨ। ਜਾਣਕਾਰੀ ਦੀ ਤੇਜ਼ੀ ਕਈ ਵਾਰ ਉਸ ਦੀ ਸਚਾਈ ਦੀ ਜਾਂਚ ਨੂੰ ਪਿੱਛੇ ਛੱਡ ਦਿੰਦੀ ਹੈ। ਕਈ ਵਾਰ ਸੋਸ਼ਲ ਮੀਡੀਆ 'ਤੇ ਪੁਰਾਣੀਆਂ ਤਸਵੀਰਾਂ ਜਾਂ ਵੀਡੀਓਜ਼ ਨੂੰ ਨਵੀਆਂ ਘਟਨਾਵਾਂ ਨਾਲ ਜੋੜ ਕੇ ਵਾਇਰਲ ਕਰ ਦਿੱਤਾ ਜਾਂਦਾ ਹੈ ਜਿਸ ਨਾਲ ਲੋਕਾਂ ਵਿੱਚ ਭਰਮ ਅਤੇ ਤਣਾਅ ਪੈਦਾ ਹੁੰਦਾ ਹੈ। ਇਸ ਲਈ ਤੱਥਾਂ ਦੀ ਜਾਂਚ ਅਤੇ ਭਰੋਸੇਯੋਗ ਸਰੋਤਾਂ ਦੀ ਪੁਸ਼ਟੀ ਬਹੁਤ ਜ਼ਰੂਰੀ ਹੈ। ਅਜਿਹੇ ਹਾਲਾਤ ਵਿੱਚ ਪੱਤਰਕਾਰਾਂ ਲਈ ਨੈਤਿਕਤਾ, ਨਿਰਪੱਖਤਾ ਅਤੇ ਤੱਥਾਂ ਦੀ ਪੁਸ਼ਟੀ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਹੋ ਜਾਂਦੀ ਹੈ। ਇੱਕ ਜ਼ਿੰਮੇਵਾਰ ਪੱਤਰਕਾਰ ਦਾ ਫ਼ਰਜ਼ ਹੈ ਕਿ ਉਹ ਸੱਚ ਅਤੇ ਝੂਠ ਵਿਚਕਾਰ ਸਪੱਸ਼ਟ ਫ਼ਰਕ ਕਰੇ ਅਤੇ ਸਮਾਜ ਤੱਕ ਸਹੀ ਜਾਣਕਾਰੀ ਪਹੁੰਚਾਏ। ਭਾਵੇਂ ਅੱਜ ਆਰਟੀਫੀਸ਼ੀਅਲ ਇੰਟੈਲੀਜੈਂਸ ਖ਼ਬਰਾਂ ਦੀ ਖੋਜ, ਡੇਟਾ ਵਿਸ਼ਲੇਸ਼ਣ ਅਤੇ ਸਮੱਗਰੀ ਤਿਆਰ ਕਰਨ ਵਿੱਚ ਮਦਦ ਕਰ ਰਹੀ ਹੈ, ਪਰ ਮਨੁੱਖੀ ਸੰਵੇਦਨਸ਼ੀਲਤਾ, ਨੈਤਿਕ ਸੋਚ ਅਤੇ ਸਮਾਜਿਕ ਸਮਝ ਦੀ ਥਾਂ ਕੋਈ ਮਸ਼ੀਨ ਨਹੀਂ ਲੈ ਸਕਦੀ। ਇਸ ਲਈ ਭਵਿੱਖ ਦੀ ਸਫ਼ਲ ਪੱਤਰਕਾਰੀ ਤਕਨਾਲੋਜੀ ਅਤੇ ਮਨੁੱਖੀ ਕਦਰਾਂ ਕੀਮਤਾਂ ਦੇ ਸੰਤੁਲਿਤ ਸੁਮੇਲ 'ਤੇ ਨਿਰਭਰ ਕਰੇਗੀ। ਜੇਕਰ ਪੱਤਰਕਾਰ ਤਕਨਾਲੋਜੀ ਦੀ ਤਾਕਤ ਨੂੰ ਨੈਤਿਕਤਾ, ਜ਼ਿੰਮੇਵਾਰੀ ਅਤੇ ਸੱਚਾਈ ਨਾਲ ਜੋੜ ਕੇ ਵਰਤਣ ਤਾਂ ਡਿਜੀਟਲ ਪੱਤਰਕਾਰੀ ਆਉਣ ਵਾਲੇ ਸਮੇਂ ਵਿੱਚ ਸਮਾਜ ਦੀ ਤਰੱਕੀ ਅਤੇ ਲੋਕਤੰਤਰ ਦੀ ਮਜ਼ਬੂਤੀ ਵਿੱਚ ਹੋਰ ਵੀ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ।

**ਮੁਖੀ, ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ,**
**ਮਾਤਾ ਗੁਜਰੀ ਕਾਲਜ, ਸ੍ਰੀ ਫ਼ਤਹਿਗੜ੍ਹ ਸਾਹਿਬ।**

# ਆਸਟ੍ਰੇਲੀਆ ਦੀ ਸਿੱਖਿਆ ਪ੍ਰਣਾਲੀ ਤੋਂ ਸੇਧ ਲੈਣ ਦੀ ਲੋੜ

ਪ੍ਰਿੰ: ਵਿਜੈ ਕੁਮਾਰ

ਆਸਟ੍ਰੇਲੀਆ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਦੇ ਸੰਦਰਭ 'ਚ ਸਾਡੇ ਦੇਸ਼ ਦੇ ਮਰਹੂਮ ਰਾਸ਼ਟਰਪਤੀ ਏ.ਪੀ.ਜੇ ਅਬਦੁਲ ਕਲਾਮ ਵੱਲੋਂ ਆਪਣੇ ਦੇਸ਼ ਦੀ ਸਿੱਖਿਆ ਬਾਰੇ ਦਿੱਤੇ ਗਏ ਵਿਚਾਰ ਕਾਫ਼ੀ ਢੁੱਕਵੇਂ ਜਾਪਦੇ ਹਨ। ਉਨ੍ਹਾਂ ਨੇ ਕਿਹਾ ਸੀ ਕਿ ਜੇਕਰ ਦੁਨੀਆ ਦੇ ਵਿਕਸਤ ਦੇਸ਼ਾਂ ਦੀ ਤਰਜ਼ 'ਤੇ ਸਾਡੇ ਦੇਸ਼ 'ਚ ਵੀ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਪਾੜਾ ਖ਼ਤਮ ਕਰਕੇ ਅਮੀਰਾਂ ਤੇ ਗ਼ਰੀਬਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਬਿਨਾਂ ਕਿਸੇ ਫ਼ਰਕ ਤੋਂ ਇੱਕੋ ਤਰ੍ਹਾਂ ਦੇ ਸਕੂਲਾਂ ਵਿੱਚ ਇਕੱਠੇ ਬੈਠ ਕੇ ਸਿੱਖਿਆ ਹਾਸਲ ਕਰਨ ਤਾਂ ਸਾਡੇ ਦੇਸ਼ ਦੀ ਤਸਵੀਰ ਬਦਲ ਸਕਦੀ ਹੈ। ਸਾਡੇ ਦੇਸ਼ ਦੀਆਂ ਸਰਕਾਰਾਂ ਨੂੰ ਇਸ ਦਿਸ਼ਾ ਵੱਲ ਛੇਤੀ ਤੋਂ ਛੇਤੀ ਕਦਮ ਚੁੱਕਣੇ ਚਾਹੀਦੇ ਹਨ।

ਇਸ ਤਰ੍ਹਾਂ ਦੀ ਸਿੱਖਿਆ ਵਿਵਸਥਾ ਕਾਇਮ ਹੋਣ ਨਾਲ ਮੱਧ ਵਰਗੀ ਅਤੇ ਗ਼ਰੀਬ ਵਰਗ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਹਾਸਲ ਕਰਨ ਦੇ ਮੌਕੇ ਮਿਲਣਗੇ ਅਤੇ ਗ਼ਰੀਬਾਂ ਤੇ ਅਮੀਰਾਂ ਦੀ ਸਿੱਖਿਆ ਵਿਚਕਾਰ ਵਧ ਰਿਹਾ ਪਾੜਾ ਵੀ ਖ਼ਤਮ ਹੋ ਜਾਵੇਗਾ। ਆਸਟ੍ਰੇਲੀਆ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਢਾਂਚਾ ਕਿਸ ਤਰ੍ਹਾਂ ਦਾ ਹੈ, ਇਸ ਬਾਰੇ ਗੱਲ ਕਰ ਲੈਂਦੇ ਹਾਂ। ਆਸਟ੍ਰੇਲੀਆ ਦੇ ਸਰਕਾਰੀ ਸਕੂਲਾਂ ਦੀਆਂ ਕੇਵਲ ਇਮਾਰਤਾਂ ਹੀ ਸ਼ਾਨਦਾਰ ਨਹੀਂ ਸਗੋਂ ਸਿੱਖਿਆ ਦੇ ਮਿਆਰੀ ਪੱਧਰ ਨੂੰ ਵੇਖ ਕੇ ਤਿੰਨ ਗੱਲਾਂ ਸਮਝ ਆਉਂਦੀਆਂ ਹਨ। ਪਹਿਲੀ ਗੱਲ ਇਹ ਹੈ ਕਿ ਉੱਥੋਂ ਦੀ ਸਰਕਾਰ ਇਹ ਗੱਲ ਚੰਗੀ ਤਰ੍ਹਾਂ ਸਮਝਦੀ ਹੈ ਕਿ ਦੇਸ਼ ਦੇ ਹਰ ਬੱਚੇ ਨੂੰ ਮਿਆਰੀ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਦੂਜੀ ਗੱਲ ਇਹ ਹੈ ਕਿ ਬਿਨਾਂ ਮਿਆਰੀ ਸਿੱਖਿਆ ਤੋਂ ਮੁਲਕ ਦੀ ਤਰੱਕੀ ਹੋਣੀ ਸੰਭਵ ਨਹੀਂ ਹੈ। ਤੀਜੀ ਗੱਲ ਇਹ ਹੈ ਕਿ ਸਰਕਾਰ ਨੂੰ ਸਿੱਖਿਆ ਪ੍ਰਤੀ ਬਣਦੀ ਜ਼ਿੰਮੇਵਾਰੀ ਸਚਮੁੱਚ ਵਿੱਚ ਨਿਭਾਉਣੀ ਚਾਹੀਦੀ ਹੈ।

ਆਸਟ੍ਰੇਲੀਆ ਦੇ ਸਰਕਾਰੀ ਸਕੂਲ ਸਾਡੇ ਦੇਸ਼ ਦੇ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਕਿਤੇ ਵਧੀਆ ਹਨ। ਕੇਵਲ ਸ਼ਹਿਰੀ ਹੀ ਨਹੀਂ ਸਗੋਂ ਪੇਂਡੂ ਸਰਕਾਰੀ ਸਕੂਲਾਂ 'ਚ ਵੀ ਦਾਖਲ ਹੁੰਦਿਆਂ ਹੀ ਮਹਿਲਾਂ, ਪਾਰਕਾਂ, ਪਿਕਨਿਕ ਸਥਾਨਾਂ, ਸ਼ਾਨਦਾਰ ਸੁਸਾਇਟੀ ਵਰਗੀਆਂ ਇਮਾਰਤਾਂ ਅਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਮੌਜੂਦ ਵੇਖ ਕੇ ਹਰ ਕੋਈ ਹੈਰਾਨ ਰਹਿ ਜਾਂਦਾ ਹੈ। ਬੱਚਿਆਂ ਦੇ ਖੇਡਣ ਲਈ ਬਹੁਤ ਵਧੀਆ ਖੇਡ ਦੇ ਮੈਦਾਨ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਹਿੱਸਾ ਹਨ। ਸਕੂਲਾਂ ਦੀ ਸਾਫ਼ ਸਫ਼ਾਈ ਨੂੰ ਵੇਖ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਸ ਮੁਲਕ ਦੀਆਂ ਸਰਕਾਰਾਂ ਸਾਫ਼ ਸਫ਼ਾਈ ਨੂੰ ਕਿੰਨਾ ਜ਼ਿਆਦਾ ਮਹੱਤਵ ਦਿੰਦੀਆਂ



ਹਨ।

ਸਕੂਲ ਦੇ ਕਿਸੇ ਪਾਸੇ ਵੀ ਕੂੜੇ ਕਰਕਟ ਦਾ ਇੱਕ ਤਿਣਕਾ ਵੀ ਨਜ਼ਰ ਨਹੀਂ ਆਉਂਦਾ। ਹਰ ਸਰਕਾਰੀ ਸਕੂਲ ਦੀ ਇਮਾਰਤ ਦੀ ਕੰਧ ਉੱਤੇ ਆਸਟ੍ਰੇਲੀਆ ਦੇ ਸਿੱਖਿਆ ਵਿਭਾਗ ਵੱਲੋਂ ਸਕੂਲ ਦਾ ਹਰ ਪੱਖੋਂ ਮੁਲਾਂਕਣ ਕਰਕੇ ਫਾਈਵ ਸਟਾਰਜ 'ਚੋਂ ਦਿੱਤੇ ਗਏ ਸਟਾਰਜ ਅਤੇ ਸਰਟੀਫਿਕੇਟ ਲੱਗੇ ਹੋਏ ਨਜ਼ਰ ਆਉਂਦੇ ਹਨ। ਬੱਚਿਆਂ ਨੂੰ ਕੁਦਰਤ ਨਾਲ ਜੋੜ ਕੇ ਰੱਖਣ ਦਾ ਹਰ ਯਤਨ ਕੀਤਾ ਜਾਂਦਾ ਹੈ। ਸਕੂਲ ਨੂੰ ਚਲਾਉਣ ਵਾਲੇ ਪ੍ਰਬੰਧਕੀ ਬਲਾਕ ਦੀ ਸਾਫ਼ ਸਫ਼ਾਈ, ਤਰਤੀਬ 'ਚ ਰੱਖਿਆ ਹੋਇਆ ਸਾਜ਼ੋ ਸਾਮਾਨ, ਤਕਨੀਕੀ ਸਾਮਾਨ ਸਕੂਲ ਦੇ ਅੰਦਰ ਆਉਣ ਵਾਲੇ ਹਰ ਵਿਅਕਤੀ ਦਾ ਆਪਣੇ ਵੱਲ ਧਿਆਨ ਖਿੱਚਦਾ ਹੈ। ਬੱਚਿਆਂ ਦੀਆਂ ਜਮਾਤਾਂ ਦੇ ਸਜੇ ਫੱਬੇ ਵੱਡੇ-ਵੱਡੇ ਹਾਇਟੈਕ ਕਮਰੇ, ਸ਼ਾਨਦਾਰ ਫਰਨੀਚਰ, ਪੜ੍ਹਾਈ ਲਈ ਐੱਲ.ਈ.ਡੀਜ਼ ਅਤੇ ਜਮਾਤਾਂ ਦੇ ਕਮਰਿਆਂ 'ਚ ਸ਼ਾਨਦਾਰ ਪਖਾਨੇ ਅਤੇ ਹੋਰ ਸਹੂਲਤਾਂ ਵੇਖ ਕੇ ਹਰ ਵਿਅਕਤੀ ਆਸਟ੍ਰੇਲੀਆ ਦੇ ਸਿੱਖਿਆ ਪ੍ਰਬੰਧ ਦੀ ਸਿਫ਼ਤ ਕੀਤੇ ਬਗੈਰ ਨਹੀਂ ਰਹਿ ਸਕਦਾ। ਸਰਕਾਰੀ ਸਕੂਲਾਂ ਦੇ ਸਾਂਝੇ ਪਖਾਨੇ ਵੀ ਕਿਸੇ ਵਧੀਆ ਹੋਟਲ ਦੇ ਪਖਾਨਿਆਂ ਵਰਗੇ ਹੁੰਦੇ ਹਨ। ਪੀਣ ਵਾਲੇ ਪਾਣੀ ਦੀ ਸ਼ੁੱਧਤਾ, ਉਸ ਸਥਾਨ 'ਤੇ ਲੱਗੀਆਂ ਟੂਟੀਆਂ ਦੀ ਸਫ਼ਾਈ ਨੂੰ ਵੇਖ ਕੇ ਹਰ ਇੱਕ ਦਾ ਮਨ ਟੁੰਬਿਆ ਜਾਂਦਾ ਹੈ। ਕਿਸੇ ਵੀ ਜਮਾਤ ਵਿੱਚ 20 ਤੋਂ 22 ਤੱਕ ਹੀ ਬੱਚੇ ਹੁੰਦੇ ਹਨ। ਕਮਰਿਆਂ ਦੇ ਬਾਹਰ ਬੱਚਿਆਂ ਦੇ ਨਾਵਾਂ ਦੀ ਸੂਚੀ ਲੱਗੀ ਹੋਈ ਹੁੰਦੀ ਹੈ। ਬਾਹਰਲੇ ਕਿਸੇ ਵੀ ਵਿਅਕਤੀ ਨੂੰ ਜਮਾਤਾਂ ਦੇ ਕਮਰਿਆਂ 'ਚ ਜਾਣ ਦੀ ਇਜਾਜ਼ਤ ਨਹੀਂ ਹੁੰਦੀ।

ਬੱਚਿਆਂ ਦੇ ਸਕੂਲ ਬੈਗ ਰੱਖਣ ਲਈ ਬਹੁਤ ਸ਼ਾਨਦਾਰ ਰੈਕ ਬਣੇ ਹੋਏ ਹੁੰਦੇ ਹਨ। ਰੈਕ ਦੇ ਹਰ ਖਾਨੇ ਉੱਤੇ ਬੱਚੇ ਦਾ ਨਾਂ ਅਤੇ ਜਮਾਤ ਦਾ ਸਟਿੱਕਰ ਲੱਗਿਆ ਹੋਇਆ ਹੁੰਦਾ ਹੈ। ਸਾਡੇ ਦੇਸ਼ ਵਾਂਗ ਬੱਚਿਆਂ ਦੇ ਬਸਤਿਆਂ ਦਾ ਬੋਝ ਉਨ੍ਹਾਂ ਦੇ ਬੋਝ ਨਾਲੋਂ ਵੱਧ ਨਹੀਂ ਹੁੰਦਾ। ਉਨ੍ਹਾਂ ਦੇ ਬਸਤਿਆਂ ਵਿੱਚ ਤਿੰਨ-ਚਾਰ ਤੋਂ ਵੱਧ ਕਿਤਾਬਾਂ ਨਹੀਂ ਹੁੰਦੀਆਂ। ਬੱਚਿਆਂ ਨੂੰ ਵੀਹ ਮਿੰਟ ਤੋਂ ਵੱਧ ਘਰ ਦਾ ਕੰਮ ਨਹੀਂ ਦਿੱਤਾ ਜਾਂਦਾ ਤਾਂ ਕਿ ਬੱਚਿਆਂ ਨੂੰ ਖੇਡਣ, ਘੁੰਮਣ-ਫਿਰਨ, ਹੋਰ ਗਤੀਵਿਧੀਆਂ ਕਰਨ ਅਤੇ ਆਪਣੇ ਮਾਪਿਆਂ ਨਾਲ ਕੰਮ ਕਾਰ ਕਰਵਾਉਣ ਦਾ ਸਮਾਂ ਮਿਲ ਸਕੇ। ਆਸਟ੍ਰੇਲੀਆ ਦੀ ਸਿੱਖਿਆ ਵਿਵਸਥਾ ਦਾ ਇੱਕ ਪੱਖ ਇਹ ਵੀ ਹੈ ਕਿ ਕਾਮਨਵੈਲਥ ਦੇ ਦੂਜੇ ਦੇਸ਼ਾਂ ਦੀ ਤਰ੍ਹਾਂ ਅੱਠਵੀਂ ਜਮਾਤ ਤੱਕ ਬੱਚਿਆਂ ਦੇ ਦਿਮਾਗ਼ 'ਤੇ ਜ਼ਿਆਦਾ ਬੋਝ ਨਹੀਂ ਪਾਇਆ ਜਾਂਦਾ। ਅੱਠਵੀਂ ਜਮਾਤ ਤੱਕ ਉਨ੍ਹਾਂ ਦੀਆਂ ਪ੍ਰੀਖਿਆਵਾਂ ਨਹੀਂ ਹੁੰਦੀਆਂ। ਜਮਾਤਾਂ ਦੇ ਟੈਸਟਾਂ ਦੇ ਆਧਾਰ ਉੱਤੇ ਹੀ ਉਨ੍ਹਾਂ ਨੂੰ ਪਾਸ ਕੀਤਾ ਜਾਂਦਾ ਹੈ। ਨੌਵੀਂ ਜਮਾਤ ਦੀ ਪ੍ਰੀਖਿਆ ਦੇ ਨਤੀਜੇ ਦੇ ਆਧਾਰ ਉੱਤੇ ਉਚੇਰੀ ਸਿੱਖਿਆ ਲਈ ਭੇਜੇ ਜਾਣ ਵਾਲੇ ਸਕੂਲ ਦਾ ਫ਼ੈਸਲਾ ਕਰ ਦਿੱਤਾ ਜਾਂਦਾ ਹੈ। ਹਰ ਬੱਚੇ ਨੂੰ ਸਵੇਰ ਅਤੇ ਦੁਪਹਿਰ ਦਾ ਗਰਮ-ਗਰਮ ਖਾਣਾ ਦਿੱਤਾ ਜਾਂਦਾ ਹੈ। ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਵਾਸਤੇ ਹੋਰ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਬੱਚਿਆਂ 'ਚ ਆਤਮ ਵਿਸ਼ਵਾਸ ਤੇ ਆਤਮ ਨਿਰਭਰਤਾ ਦੇ ਗੁਣ ਵੀ ਪੈਦਾ ਕੀਤੇ ਜਾਂਦੇ ਹਨ। ਬੱਚਿਆਂ ਦੇ ਸਕੂਲ ਜ਼ਿਆਦਾਤਰ ਉਨ੍ਹਾਂ ਦੇ ਘਰਾਂ ਦੇ ਨੇੜੇ ਪੈਂਦੇ ਹਨ। ਬੱਸਾਂ 'ਚ ਜਾਣ ਵਾਲੇ ਬੱਚਿਆਂ ਤੋਂ ਕੋਈ ਬੱਸ ਕਿਰਾਇਆ ਨਹੀਂ ਲਿਆ ਜਾਂਦਾ।

ਬਾਰ੍ਹਵੀਂ ਜਮਾਤ ਤੱਕ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਅਮੀਰਾਂ ਤੇ ਗ਼ਰੀਬਾਂ ਦੇ ਬੱਚਿਆਂ ਦੀ ਸਿੱਖਿਆ ਇੱਕੋ ਜਿਹੀ ਹੈ। ਸਹੂਲਤਾਂ ਅਤੇ ਸਾਂਭ ਸੰਭਾਲ ਨੂੰ ਲੈ ਕੇ ਆਸਟ੍ਰੇਲੀਆ ਦੇ ਸਰਕਾਰੀ ਸਕੂਲ ਸਾਡੇ ਦੇਸ਼ ਦੇ ਪ੍ਰਾਈਵੇਟ ਸਕੂਲਾਂ ਤੋਂ ਵੀ ਚੰਗੇ ਹਨ। ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਉੱਚ ਯੋਗਤਾ ਪ੍ਰਾਪਤ ਹੁੰਦੇ ਹਨ। ਉਨ੍ਹਾਂ ਦੀਆਂ ਨਿਯੁਕਤੀਆਂ ਉਨ੍ਹਾਂ ਦੀ ਪ੍ਰੀਖਿਆ ਅਤੇ ਇੰਟਰਵਿਊ ਲੈਣ ਤੋਂ ਬਾਅਦ ਹੀ ਹੁੰਦੀ ਹੈ। ਦੂਜੇ ਦੇਸ਼ਾਂ ਤੋਂ ਆ ਕੇ ਆਸਟ੍ਰੇਲੀਆ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਦੀ ਨੌਕਰੀ ਲੈਣ ਵਾਲੇ ਨੂੰ ਇਸ ਦੇਸ਼ ਦੀ ਪੜ੍ਹਾਈ ਕਰਨੀ ਪੈਂਦੀ ਹੈ ਅਤੇ ਪ੍ਰੀਖਿਆ ਪਾਸ ਕਰਨੀ ਪੈਂਦੀ ਹੈ। ਇੱਥੇ ਸਕੂਲ ਅਧਿਆਪਕਾਵਾਂ ਨੂੰ 50 ਤੋਂ 60 ਹਜ਼ਾਰ ਡਾਲਰ ਤਨਖਾਹ ਮਿਲਦੀ ਹੈ। ਉੱਚ ਯੋਗਤਾ ਅਤੇ ਤਜਰਬੇ ਵਾਲੇ ਅਧਿਆਪਕਾਂ ਨੂੰ ਹੋਰ ਵੀ ਵੱਧ ਤਨਖਾਹ ਮਿਲਦੀ ਹੈ।

## ਵਿਕਸਿਤ ਭਾਰਤ ਸਿੱਖਿਆ ਬਿੱਲ 2025

# ਕੀ ਸਿੱਖਿਆ ਦਾ ਮਿਆਰ ਸੁਧਰੇਗਾ ਜਾਂ ਕੇਂਦਰ ਦਾ ਕਬਜ਼ਾ ਵਧੇਗਾ ?



ਅਮਨਪ੍ਰੀਤ ਸਿੰਘ ਬਰਾੜ

ਭਾਰਤ ਨੂੰ 2047 ਤੱਕ ਵਿਕਸਤ ਦੇਸ਼ ਬਣਾਉਣ ਲਈ ਕੇਂਦਰ ਸਰਕਾਰ ਨੇ 2020 ਵਿੱਚ ਅਗਲੀ ਪੀੜ੍ਹੀ ਦੀ ਤਰੱਕੀ ਲਈ ਇਕ ਸੁਪਨਾ ਦਿਖਾਇਆ ਸੀ ਅਤੇ ਇਸ ਦੇ ਤਹਿਤ ਨਵੀਂ ਸਿੱਖਿਆ ਨੀਤੀ ਲਿਆਂਦੀ ਗਈ ਸੀ। ਇਸ ਨੂੰ 34 ਸਾਲ ਬਾਅਦ ਲਿਆਂਦੇ ਵੱਡੇ ਬਦਲਾਅ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਹੈ। ਵਿਕਸਿਤ ਭਾਰਤ ਸਿੱਖਿਆ ਅਧੀਸ਼ਨ ਬਿੱਲ (ਵੀ ਬੀ ਐਸ ਏ) ਕੇਂਦਰ ਸਰਕਾਰ ਨੇ 2025 ਵਿੱਚ ਲੋਕ ਸਭਾ ਵਿੱਚ ਪੇਸ਼ ਕੀਤਾ ਸੀ ਜਿਸ 'ਤੇ ਵਿਰੋਧੀ ਧਿਰ ਦੇ ਤਿੱਖੇ ਹਮਲੇ ਤੋਂ ਬਾਅਦ ਇਸ ਨੂੰ ਸੰਯੁਕਤ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਗਿਆ ਸੀ। ਅੱਜ ਇਸ 'ਤੇ ਵਿਸਥਾਰ ਪੂਰਵਕ ਚਰਚਾ ਕਰਦੇ ਹਾਂ ਕਿ ਇਸ ਬਿੱਲ ਦਾ ਵਿਰੋਧ ਕਿਉਂ ਹੋ ਰਿਹਾ ਹੈ ? ਇਸ ਬਿੱਲ 'ਤੇ ਇਲਜਾਮ ਹਨ ਕਿ ਇਸ ਨਾਲ ਸੂਬਿਆਂ ਦੇ ਅਧਿਕਾਰਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ, ਨਾਲ ਹੀ ਯੂਨੀਵਰਸਿਟੀਆਂ ਦੀ ਖੁਦਮੁਖਤਿਆਰੀ ਨੂੰ ਖਤਮ ਕੀਤਾ ਜਾ ਰਿਹਾ ਹੈ।

ਸੰਘੀ ਢਾਂਚੇ 'ਤੇ ਸਵਾਲ: ਸੰਵਿਧਾਨ ਮੁਤਾਬਕ ਸਿੱਖਿਆ ਪਹਿਲਾਂ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਸੀ, ਜਿਸ ਨੂੰ 1976 ਦੀ 42ਵੀਂ ਸੋਧ ਨਾਲ ਸਮਵਰਤੀ ਸੂਚੀ ਵਿੱਚ ਪਾ ਦਿੱਤਾ ਗਿਆ ਹੈ। ਭਾਵ ਹੁਣ ਇਹ ਦੋਵਾਂ ਕੇਂਦਰ ਅਤੇ ਸੂਬੇ ਦੇ ਅਧਿਕਾਰ ਖੇਤਰ ਵਿੱਚ ਆ ਗਈ। ਇਥੇ ਇਹ ਹੁੰਦਾ ਹੈ ਕਿ ਜੇ ਸੂਬੇ ਅਤੇ ਕੇਂਦਰ ਦੇ ਵਿਚਕਾਰ ਕਿਸੇ ਨੀਤੀ ਨੂੰ ਲਾਗੂ ਕਰਨ ਲਈ ਸਹਿਮਤੀ ਨਾ ਬਣੇ ਤਾਂ ਕੇਂਦਰ ਦਾ ਫੈਸਲਾ ਲਾਗੂ ਹੋਵੇਗਾ। ਪਰ ਉਚੇਰੀ ਸਿੱਖਿਆ ਸੰਬੰਧੀ ਵਿਕਸਿਤ ਭਾਰਤ ਸਿੱਖਿਆ ਬਿੱਲ 2025 ਲਾਗੂ ਕਰਨ ਲਈ ਕੇਂਦਰ ਨੇ ਸੂਬਾ ਸਰਕਾਰਾਂ ਨੂੰ ਨਾਲ ਲੈਣਾ ਜ਼ਰੂਰੀ ਤਾਂ ਕੀ ਸਮਝਣਾ ਸੀ, ਉਨ੍ਹਾਂ ਨੂੰ ਦੱਸਿਆ ਵੀ ਨਹੀਂ ਗਿਆ। ਇਹ ਬਿੱਲ ਕੇਂਦਰ ਅਤੇ ਸੂਬੇ ਦੀਆਂ ਯੂਨੀਵਰਸਿਟੀਆਂ ਚਾਹੇ ਸਰਕਾਰੀ ਜਾਂ ਪ੍ਰਾਈਵੇਟ ਜਾਂ ਫਿਰ ਕੋਈ ਹੋਰ ਸਿੱਖਿਅਕ ਅਦਾਰੇ ਜਿਹੜੇ ਰਾਸ਼ਟਰੀ ਪੱਧਰ ਦੇ ਹਨ, ਉਨ੍ਹਾਂ 'ਤੇ ਲਾਗੂ ਹੋਵੇਗਾ। ਇਥੇ ਇਕ ਗੱਲ ਤਾਂ ਸਿੱਧੀ ਹੈ ਕਿ ਕੇਂਦਰ ਹਰ ਚੀਜ਼ ਆਪਣੇ ਹੱਥ ਵਿਚ ਲੈਣਾ ਚਾਹੁੰਦਾ ਹੈ ਅਤੇ ਸੂਬੇ ਸਿਰਫ ਇਕ ਤਰ੍ਹਾਂ ਦੀ ਰਬੜ ਦੀ ਮੋਹਰ ਹੀ ਬਣ ਕੇ ਰਹਿ ਜਾਣਗੇ।


ਯੂ.ਜੀ.ਸੀ. ਅਤੇ ਹੋਰ ਸੰਸਥਾਵਾਂ ਭੰਗ: ਇਸ ਬਿੱਲ ਤਹਿਤ ਯੂ.ਜੀ.ਸੀ., (ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ 1956), ਏ.ਆਈ.ਸੀ.ਟੀ.ਈ. (ਆਲ ਇੰਡੀਆ ਕੌਂਸਲ ਆਫ ਟੀਚਰ ਐਜੂਕੇਸ਼ਨ 1987), ਐੱਨ.ਸੀ.ਟੀ.ਈ. (ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ 1983) ਨੂੰ ਭੰਗ ਕਰਕੇ ਤਿੰਨ ਨਵੀਆਂ ਕੌਂਸਲਾਂ ਬਣਾਈਆਂ ਗਈਆਂ ਹਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

ਵਿਕਸਿਤ ਭਾਰਤ ਸਿੱਖਿਆ ਵਿਨਿਯਮਨ ਪ੍ਰੀਸ਼ਦ: ਇਹ ਇਕ ਰੈਗੂਲੇਟਰੀ ਕੌਂਸਲ ਹੋਵੇਗੀ ਜੋ ਨਿਰਧਾਰਤ ਨਿਯਮਾਂ ਨੂੰ ਉੱਚ ਸਿੱਖਿਆ ਅਦਾਰਿਆਂ ਤੋਂ ਪੂਰਾ ਕਰਵਾਏਗੀ ਅਤੇ ਕਮਿਸ਼ਨ ਦੇ ਨਾਲ ਤਾਲ ਮੇਲ ਦਾ ਕੰਮ ਕਰੇਗੀ।

ਵਿਕਸਿਤ ਭਾਰਤ ਸਿੱਖਿਆ ਗੁਣਵੱਤਾ ਪ੍ਰੀਸ਼ਦ: ਇਹ ਕੌਂਸਲ ਉੱਚ ਸਿੱਖਿਆ ਅਦਾਰਿਆਂ ਨੂੰ ਮਾਨਤਾ ਦੇਣ ਦਾ ਕੰਮ ਸੰਭਾਲੇਗੀ।

ਵਿਕਸਿਤ ਭਾਰਤ ਸਿੱਖਿਆ ਮਾਨਕ ਪ੍ਰੀਸ਼ਦ: ਇਹ ਕੌਂਸਲ ਘੱਟੋ-ਘੱਟ ਨਿਯਮ ਕੀ ਹੋਣਗੇ, ਉਨ੍ਹਾਂ ਨੂੰ ਨਿਰਧਾਰਤ ਕਰੇਗੀ।

ਕੰਮ ਉਹ ਹੀ ਹੈ ਪਰ ਅਸਲ ਵਿਚ



ਵਿਕੇਂਦਰੀਕਰਨ ਤੋਂ ਕੇਂਦਰੀਕਰਨ ਕਰ ਦਿੱਤਾ ਗਿਆ ਹੈ। ਇਥੇ ਇਹ ਗੱਲ ਧਿਆਨ ਯੋਗ ਹੈ ਕਿ ਹਾਲ ਦੀ ਘੜੀ ਮੈਡੀਕਲ, ਕਾਨੂੰਨ ਅਤੇ ਆਰਕੀਟੈਕਚਰ ਵਰਗੀਆਂ ਸੰਸਥਾਵਾਂ ਪਹਿਲਾਂ ਦੀ ਤਰ੍ਹਾਂ ਚੱਲਣਗੀਆਂ। ਪਰ ਇਨ੍ਹਾਂ ਨੂੰ ਹੁਣ ਸਿਰਫ ਅਕੈਡਮਿਕ ਕੰਮ ਹੀ ਕਰਨਾ ਹੋਵੇਗਾ, ਬਾਕੀ ਕੰਮ ਉਪਰੋਕਤ ਸੰਸਥਾਵਾਂ ਹੀ ਕਰਨਗੀਆਂ । ਇਨ੍ਹਾਂ ਤਿੰਨਾ ਸੰਸਥਾਵਾਂ ਨੂੰ ਚਲਾਉਣ ਲਈ ਹਰ ਸੰਸਥਾ ਵਿਚ 14 ਮੈਂਬਰ ਹੋਣਗੇ ਅਤੇ ਉਨ੍ਹਾਂ ਵਿਚੋਂ ਇਕ ਪ੍ਰਧਾਨ ਹੋਵੇਗਾ। ਇਸ ਦੇ ਉਹ ਵਿਅਕਤੀ, (ਪਰਸਨ ਆਫ ਐਮੀਨੈਂਸ) ਜਿਨ੍ਹਾਂ ਦਾ ਤਜਰਬਾ ਪ੍ਰੋਫੈਸਰਾਂ ਵਜੋਂ ਦਸ ਸਾਲ ਦੇ ਬਰਾਬਰ ਹੋਵੇਗਾ ਜਾਂ ਫਿਰ ਸਿੱਖਿਆ ਜਾਂ ਰਿਸਰਚ ਦੀਆਂ ਮਹਾਨ ਹਸਤੀਆਂ ਹੋਣਗੀਆਂ ਆਦਿ ਮੈਂਬਰ ਹੋਣਗੇ। ਇਨ੍ਹਾਂ ਵਿਚ ਇਕ ਨਾਮਜ਼ਦ ਮੈਂਬਰ ਕੇਂਦਰ ਦੇ ਉੱਚ ਸਿੱਖਿਆ ਵਿਭਾਗ ਦਾ ਹੋਵੇਗਾ ਅਤੇ ਦੋ ਦੂਜੀਆਂ ਕੌਂਸਲਾਂ ਦੇ ਮੈਂਬਰ ਹੋਣਗੇ।

ਇਸ ਦੇ ਨਾਲ ਹੀ ਵਿਕਸਿਤ ਭਾਰਤ ਸ਼ਿਕਸ਼ਾ ਵਿਨਿਯਮਨ ਅਤੇ ਮਾਨਕ ਪ੍ਰੀਸ਼ਦ ਵਿਚੋਂ ਇਕ ਮੈਂਬਰ ਸੂਬੇ ਦੀ ਸਰਕਾਰ ਵੱਲੋਂ ਨਾਮਜ਼ਦ ਹੋਵੇਗਾ ਜੋ ਪੱਕਾ ਨਹੀਂ ਰੋਟੇਸ਼ਨ 'ਤੇ ਹੋਵੇਗਾ। ਇਨ੍ਹਾਂ ਕੌਂਸਲਾਂ ਦੇ ਪ੍ਰਧਾਨ ਅਤੇ ਪੱਕੇ ਮੈਂਬਰਾਂ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਲਗਾਇਆ ਜਾਵੇਗਾ, ਚੋਣ ਕਮੇਟੀ ਦੀ ਸਿਫ਼ਾਰਸ਼ 'ਤੇ ਚੋਣ ਕਮੇਟੀ ਵਿਚ ਦੋ ਉੱਘੇ ਮਾਹਰ ਅਤੇ ਸੈਕਟਰੀ ਹਾਇਰ ਐਜੂਕੇਸ਼ਨ ਭਾਰਤ ਸਰਕਾਰ ਮੈਂਬਰ ਹੋਵੇਗਾ, ਮਾਹਿਰਾਂ ਵਿਚੋਂ ਇੱਕ ਪ੍ਰਧਾਨ ਹੋਵੇਗਾ।

ਇਸ ਦੇ ਨਾਲ ਹਾਇਰ ਐਜੂਕੇਸ਼ਨ ਕਮਿਸ਼ਨ ਵਿਚ ਇਕ ਚੇਅਰਪਰਸਨ ਅਤੇ 12 ਮੈਂਬਰ ਹੋਣਗੇ। ਚੇਅਰਪਰਸਨ ਉੱਘੇ ਵਿਅਕਤੀ ਨੂੰ ਆਰਜ਼ੀ ਤੌਰ 'ਤੇ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਤਿੰਨਾਂ ਕੌਂਸਲਾਂ ਦੇ ਪ੍ਰਧਾਨ ਵੀ ਮੈਂਬਰ ਹੋਣਗੇ। ਇਸ ਦੇ ਨਾਲ ਸੈਕਟਰੀ ਹਾਇਰ ਐਜੂਕੇਸ਼ਨ, ਪੰਜ ਉੱਘੇ ਮਾਹਰ ਅਤੇ ਦੋ ਉੱਘੇ ਸਿੱਖਿਆ ਸ਼ਾਸਤਰੀ ਸੂਬੇ ਦੀ ਹਾਇਰ ਐਜੂਕੇਸ਼ਨ ਇੰਸਟੀਚਿਊਟ ਵਿਚੋਂ ਹੋਣਗੇ। ਇਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਕੇਂਦਰ ਸਰਕਾਰ ਦੀ ਸਿਫਾਰਸ਼ 'ਤੇ ਲਾਇਆ ਜਾਵੇਗਾ।

ਇਥੇ ਕਮਿਸ਼ਨ ਦੇ ਚੇਅਰਪਰਸਨ ਅਤੇ ਕੌਂਸਲ ਦੇ ਪ੍ਰਧਾਨ ਦੀ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ, ਜਿਸ ਨੂੰ ਅੱਗੋਂ ਦੋ ਸਾਲਾਂ ਲਈ ਹੋਰ ਵਧਾਇਆ ਜਾ ਸਕਦਾ, ਕੁੱਲ 5 ਸਾਲਾਂ ਤੱਕ ਉਹ ਰਹਿ ਸਕਦੇ ਹਨ, ਬਾਕੀ ਮੈਂਬਰਾਂ ਦੀ ਨਿਯੁਕਤੀ ਤਿੰਨ ਸਾਲ ਲਈ ਹੋਵੇਗੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਲਾਇਆ ਜਾ ਸਕਦਾ ਹੈ। ਇਥੇ ਸਾਰਿਆਂ ਦੀ ਉਮਰ ਵੱਧ ਤੋਂ ਵੱਧ 70 ਸਾਲ ਹੋ ਸਕਦੀ ਹੈ। ਸਿਰਫ ਕਮਿਸ਼ਨ ਦੇ ਚੇਅਰਮੈਨ ਲਈ ਇਹ ਸ਼ਰਤ ਲਾਗੂ ਨਹੀਂ ਹੋਵੇਗੀ। ਸੂਬੇ ਦੇ ਜੋ ਦੋ ਨੁਮਾਇੰਦੇ ਲਾਉਣੇ ਹਨ, ਉਹ ਸਿਰਫ ਇੱਕ ਸਾਲ ਲਈ ਹੋਣਗੇ। ਇਨ੍ਹਾਂ ਮੈਂਬਰਾਂ ਲਈ ਤਨਖਾਹ ਅਤੇ ਭੱਤੇ ਕੇਂਦਰ ਸਰਕਾਰ ਤੈਅ ਕਰੇਗੀ।

ਉੱਚ ਸਿੱਖਿਆ ਅਦਾਰਿਆਂ 'ਤੇ ਜੁਰਮਾਨਾ : ਰੈਗੂਲੇਟਰੀ ਕੌਂਸਲ ਉਨ੍ਹਾਂ ਉੱਚ ਸਿੱਖਿਆ ਅਦਾਰਿਆਂ 'ਤੇ ਜੁਰਮਾਨਾ ਲਾ ਸਕਦੀ ਹੈ ਜੋ ਇਸ ਐਕਟ ਦੇ ਆਧਾਰ 'ਤੇ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਨਗੇ। ਇਹ ਜੁਰਮਾਨਾ 10 ਲੱਖ ਤੋਂ 70 ਲੱਖ ਤੱਕ ਹੋ ਸਕਦਾ ਹੈ। ਇਸ ਤੋਂ ਇਲਾਵਾ ਕੇਂਦਰ ਜਾਂ ਸੂਬਾ ਸਰਕਾਰ ਨੂੰ ਕਹਿ ਕੇ ਜੇ ਕੋਈ ਮੈਂਬਰ ਗ਼ਲਤੀ ਕਰਦਾ ਹੈ, ਤਾਂ ਉਸਨੂੰ ਕਢਾਇਆ ਵੀ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਹੜੇ ਉੱਚ ਸਿੱਖਿਆ ਅਦਾਰੇ ਦੀ ਖ਼ੁਦਮੁਖਤਿਆਰੀ ਘਟਾਉਣੀ ਜਾਂ ਵਧਾਉਣੀ ਹੈ, ਉਹ ਵੀ ਕੌਂਸਲ ਤੈਅ ਕਰੇਗੀ। ਗ੍ਰਾਂਟ ਰੋਕਣ ਦੀ ਸਿਫ਼ਾਰਸ਼ ਕੀਤੀ ਜਾ ਸਕਦੀ ਹੈ, ਡਿਗਰੀ ਦੇਣ ਦੇ ਤਰੀਕੇ ਨੂੰ ਬਦਲਿਆ ਜਾ ਸਕਦਾ ਹੈ। ਜੇ ਕੋਈ ਯੂਨੀਵਰਸਿਟੀ ਮਾਨਤਾ ਤੋਂ ਬਿਨ੍ਹਾਂ ਚਲਦੀ ਹੈ ਤਾਂ ਉਸ ਨੂੰ ਘੱਟੋ-ਘੱਟ 2 ਕਰੋੜ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਜੇ ਕਿਸੇ ਨੂੰ ਕਮਿਸ਼ਨ ਜਾਂ ਕੌਂਸਲ ਦਾ ਫੈਸਲਾ ਨਾ-ਮਨਜ਼ੂਰ ਹੈ ਤਾਂ ਕੇਂਦਰ ਸਰਕਾਰ ਕੋਲ ਗੁਹਾਰ ਲਾ ਸਕਦਾ ਹੈ। ਭਾਵ ਮਾਨਯੋਗ ਅਦਾਲਤ ਕੋਲ ਜਾਣ ਦਾ ਅਧਿਕਾਰ ਖਤਮ ਕਰ ਦਿੱਤਾ ਗਿਆ ਹੈ।

ਇਸ ਬਿੱਲ 'ਤੇ ਇਤਰਾਜ਼ ਕਿਉਂ : ਪਹਿਲਾਂ ਯੂ.ਜੀ.ਸੀ. ਅਤੇ ਦੂਜੀਆਂ ਸੰਸਥਾਵਾਂ ਕੋਲ ਗ੍ਰਾਂਟ ਦੇਣ ਦਾ ਅਧਿਕਾਰ ਸੀ ਅਤੇ ਮਾਲੀਆ ਵੀ ਸੀ। ਪਰ ਨਵੀਂ ਵਿਵਸਥਾ ਵਿੱਚ ਕਮਿਸ਼ਨ ਜਾਂ ਕੌਂਸਲ ਕਿਸੇ ਕੋਲ ਵੀ ਕੋਈ ਅਧਿਕਾਰ ਨਹੀਂ, ਯੂਨੀਵਰਸਿਟੀਆਂ ਨੂੰ ਦੇਣ ਵਾਲਾ ਪੈਸਾ ਹੁਣ ਸਿੱਧਾ ਕੇਂਦਰ ਸਰਕਾਰ ਦੇ ਹੱਥ ਵਿੱਚ ਹੋਵੇਗਾ। ਇਸ ਦਾ ਫਰਕ ਨਜ਼ਰ ਆਏਗਾ, ਸੂਬੇ ਦੀਆਂ ਯੂਨੀਵਰਸਿਟੀਆਂ 'ਤੇ ਜੋ ਪਹਿਲਾਂ ਹੀ ਪੈਸੇ ਦੀ ਘਾਟ ਨਾਲ ਜੂਝ ਰਹੀਆਂ ਹਨ। ਇੱਕ ਤਰ੍ਹਾਂ ਨਾਲ ਯੂਨੀਵਰਸਿਟੀਆਂ ਵਿਚ ਨਿਯੁਕਤੀਆਂ ਵੀ ਆਉਣ ਵਾਲੇ ਸਮੇਂ ਵਿੱਚ ਕੇਂਦਰ ਦੇ ਹੱਥ ਵਿਚ ਆ ਜਾਣਗੀਆਂ, ਕਿਉਂਕਿ ਨਿਯੁਕਤੀਆਂ ਸੰਬੰਧੀ ਕੌਂਸਲਾਂ ਨੇ ਨਿਯਮ ਬਣਾਉਣੇ ਹਨ, ਸਾਲ 2025 ਦੀ ਸ਼ੁਰੂਆਤ ਵਿੱਚ ਯੂ.ਜੀ.ਸੀ. ਨੇ ਵੀ ਨਿਯੁਕਤੀਆਂ ਸੰਬੰਧੀ ਖਰੜਾ ਲਿਆਂਦਾ ਸੀ, ਜਿਸ ਅਨੁਸਾਰ ਸਾਰੀਆਂ ਨਿਯੁਕਤੀਆਂ ਸਿੱਧੇ ਅਤੇ

(ਬਾਕੀ ਸਫ਼ਾ 27 'ਤੇ)

# ਕਿਵੇਂ ਕਾਬੂ ਆਵੇ ਮਹਿੰਗਾਈ ਦਾ ਦੈਂਤ ?

**ਡਾ. ਪ੍ਰਿਯੰਕਾ ਸੌਰਵ**

ਭਾਰਤ ਵਰਗੇ ਵਿਸ਼ਾਲ ਅਤੇ ਵਿਕਾਸਸ਼ੀਲ ਦੇਸ਼ ਵਿੱਚ ਮਹਿੰਗਾਈ ਸਿਰਫ਼ ਇੱਕ ਆਰਥਿਕ ਸ਼ਬਦ ਨਹੀਂ ਹੈ, ਸਗੋਂ ਲੱਖਾਂ ਪਰਿਵਾਰਾਂ ਦੇ ਰੋਜ਼ਾਨਾ ਜੀਵਨ ਵਿੱਚ ਡੂੰਘੀ ਤਰ੍ਹਾਂ ਜੁੜੀ ਹੋਈ ਇੱਕ ਹਕੀਕਤ ਹੈ। ਇਹ ਉਨ੍ਹਾਂ ਦੀ ਆਮਦਨ, ਬੱਚਤ, ਭੋਜਨ, ਸਿੱਖਿਆ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀ ਹੈ।

ਹਾਲੀਆ ਰਿਪੋਰਟਾਂ ਅਤੇ ਬਾਜ਼ਾਰ ਦੇ ਰੁਝਾਨ ਦਰਸਾਉਂਦੇ ਹਨ ਕਿ ਮਾਰਚ ਤੋਂ ਰੋਜ਼ਾਨਾ ਲੋੜਾਂ ਦੀਆਂ ਕੀਮਤਾਂ ਵਿੱਚ 15 ਤੋਂ 20 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਖਾਣ ਵਾਲੇ ਤੇਲ, ਸਾਬਣ, ਡਿਟਰਜੈਂਟ, ਕੌਫ਼ੀ, ਹੈਂਡਵਾਸ਼, ਸਨੈਕਸ, ਸ਼ੈਂਪੂ ਅਤੇ ਦਾਲਾਂ ਵਰਗੇ ਜ਼ਰੂਰੀ ਉਤਪਾਦ ਲਗਾਤਾਰ ਵਧ ਰਹੇ ਹਨ। ਇਸ ਤੋਂ ਇਲਾਵਾ ਪੈਟਰੋਲ, ਡੀਜ਼ਲ ਅਤੇ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧੇ ਨੇ ਆਮ ਖਪਤਕਾਰਾਂ ਦੀਆਂ ਮੁਸ਼ਕਿਲਾਂ ਨੂੰ ਹੋਰ ਵਧਾ ਦਿੱਤਾ ਹੈ।

ਮਹਿੰਗਾਈ ਦਾ ਸਭ ਤੋਂ ਵੱਧ ਪ੍ਰਭਾਵ ਮੱਧਮ ਅਤੇ ਘੱਟ ਆਮਦਨ ਵਾਲੇ ਸਮੂਹਾਂ 'ਤੇ ਪੈਂਦਾ ਹੈ। ਇਨ੍ਹਾਂ ਸਮੂਹਾਂ ਦੀ ਆਮਦਨ ਸੀਮਿਤ ਹੁੰਦੀ ਹੈ ਅਤੇ ਉਨ੍ਹਾਂ ਦੇ ਖ਼ਰਚਿਆਂ ਦਾ ਵੱਡਾ ਹਿੱਸਾ ਭੋਜਨ, ਰਿਹਾਇਸ਼, ਸਿੱਖਿਆ ਅਤੇ ਸਿਹਤ ਵਰਗੀਆਂ ਜ਼ਰੂਰੀ ਜ਼ਰੂਰਤਾਂ 'ਤੇ ਖ਼ਰਚ ਹੁੰਦਾ ਹੈ। ਜਦੋਂ ਰੋਜ਼ਾਨਾ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਉਨ੍ਹਾਂ ਦੇ ਬੱਚਤ ਦੇ ਮੌਕੇ ਘਟ ਜਾਂਦੇ ਹਨ। ਨਤੀਜੇ ਵਜੋਂ ਪਰਿਵਾਰਾਂ ਨੂੰ ਆਪਣੀਆਂ ਜ਼ਰੂਰਤਾਂ ਵਿੱਚ ਕਟੌਤੀ ਕਰਨ ਜਾਂ ਕਰਜ਼ੇ ਦਾ ਸਹਾਰਾ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ।

ਰਿਪੋਰਟ ਦੇ ਅਨੁਸਾਰ ਖਾਣ ਵਾਲੇ ਤੇਲ ਦੀਆਂ ਕੀਮਤਾਂ ਵਿੱਚ ਸਭ ਤੋਂ ਵੱਡਾ ਵਾਧਾ ਦੇਖਿਆ ਗਿਆ ਹੈ। ਜਦੋਂ ਕਿ ਜੂਨ ਵਿੱਚ ਉਨ੍ਹਾਂ ਵਿੱਚ 3 ਤੋਂ 5 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ, ਮਾਰਚ ਤੋਂ ਇਹ ਵਾਧਾ 20 ਤੋਂ 25 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ। ਭਾਰਤ ਆਪਣੀਆਂ ਖਾਣ ਵਾਲੇ ਤੇਲ ਦੀਆਂ ਜ਼ਰੂਰਤਾਂ ਦਾ ਇੱਕ ਵੱਡਾ ਹਿੱਸਾ ਆਯਾਤ ਕਰਦਾ ਹੈ। ਅੰਤਰਰਾਸ਼ਟਰੀ ਕੱਚੇ ਤੇਲ ਅਤੇ ਖਾਣ ਵਾਲੇ ਤੇਲ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਸਿੱਧੇ ਤੌਰ 'ਤੇ ਭਾਰਤੀ ਬਾਜ਼ਾਰ ਨੂੰ ਪ੍ਰਭਾਵਿਤ ਕਰਦੇ ਹਨ। ਪੱਛਮੀ ਏਸ਼ੀਆ ਵਿੱਚ ਭੂ-ਰਾਜਨੀਤਕ ਤਣਾਅ, ਸਪਲਾਈ ਲੜੀ ਵਿੱਚ ਵਿਘਨ ਅਤੇ ਵਧੀਆਂ ਆਵਾਜਾਈ ਦੀਆਂ ਲਾਗਤਾਂ ਨੇ ਖਾਣ ਵਾਲੇ ਤੇਲ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ।

ਮਹਿੰਗਾਈ ਦਾ ਇੱਕ ਹੋਰ ਮਹੱਤਵਪੂਰਨ ਕਾਰਨ ਊਰਜਾ ਦੀਆਂ ਕੀਮਤਾਂ ਵਿੱਚ ਵਾਧਾ ਹੈ। ਘਰੇਲੂ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ 10 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਹੋਇਆ ਹੈ, ਜਦੋਂ ਕਿ ਵਪਾਰਕ ਸਿਲੰਡਰ, ਪੈਟਰੋਲ ਅਤੇ ਡੀਜ਼ਲ ਵੀ ਮਹਿੰਗੇ ਹੋ ਗਏ ਹਨ। ਊਰਜਾ ਕਿਸੇ ਵੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਜਦੋਂ ਬਾਲਣ ਦੀਆਂ ਕੀਮਤਾਂ ਵਧਦੀਆਂ ਹਨ ਤਾਂ ਆਵਾਜਾਈ ਦੀਆਂ ਲਾਗਤਾਂ ਵਧ ਜਾਂਦੀਆਂ ਹਨ। ਇਹ ਪ੍ਰਭਾਵ ਹਰ ਪੱਧਰ 'ਤੇ ਮਹਿਸੂਸ ਕੀਤਾ ਜਾਂਦਾ ਹੈ, ਖੇਤਾਂ ਤੋਂ ਬਾਜ਼ਾਰਾਂ ਤੱਕ, ਫੈਕਟਰੀਆਂ ਤੋਂ ਬਾਜ਼ਾਰਾਂ ਤੱਕ ਅਤੇ ਗੋਦਾਮਾਂ ਤੋਂ ਖਪਤਕਾਰਾਂ ਤੱਕ। ਨਤੀਜੇ ਵਜੋਂ, ਲਗਭਗ ਹਰ ਵਸਤੂ ਦੀ ਕੀਮਤ ਵਧ ਜਾਂਦੀ ਹੈ।

ਅੱਜ, ਕੰਪਨੀਆਂ ਵਧਦੀਆਂ ਲਾਗਤਾਂ ਦੇ ਦਬਾਅ ਹੇਠ ਵੀ ਹਨ। ਕੱਚੇ ਮਾਲ, ਬਿਜਲੀ, ਆਵਾਜਾਈ ਅਤੇ ਪੈਕੇਜਿੰਗ ਦੀਆਂ ਵਧਦੀਆਂ ਕੀਮਤਾਂ ਨੇ ਉਤਪਾਦਨ ਲਾਗਤਾਂ ਵਿੱਚ ਵਾਧਾ ਕੀਤਾ ਹੈ। ਇਸ ਸਥਿਤੀ ਵਿੱਚ ਕੰਪਨੀਆਂ ਦੋ ਤਰੀਕੇ



ਅਪਣਾਉਂਦੀਆਂ ਹਨ: ਜਾਂ ਤਾਂ ਉਤਪਾਦ ਦੀਆਂ ਕੀਮਤਾਂ ਵਧਾਉਣੀਆਂ ਜਾਂ ਪੈਕੇਜ ਦੇ ਆਕਾਰ ਨੂੰ ਘਟਾਉਣਾ। ਖਪਤਕਾਰਾਂ ਨੂੰ ਅਕਸਰ ਇਹ ਅਹਿਸਾਸ ਨਹੀਂ ਹੁੰਦਾ ਕਿ ਇੱਕੋ ਕੀਮਤ 'ਤੇ ਉਪੱਲਬਧ ਉਤਪਾਦ ਹੁਣ ਘੱਟ ਮਾਤਰਾ ਵਿੱਚ ਉਪਲੱਬਧ ਹੈ। ਆਰਥਿਕ ਸ਼ਬਦਾਂ ਵਿੱਚ ਇਸਨੂੰ 'ਸੁੰਗੜਨਾ' ਕਿਹਾ ਜਾਂਦਾ ਹੈ। ਇਹ ਮੁਦਰਾਸਫੀਤੀ ਦਾ ਇੱਕ ਲੁਕਿਆ ਹੋਇਆ ਰੂਪ ਵੀ ਹੈ।

ਮਹਿੰਗਾਈ ਦਾ ਸਭ ਤੋਂ ਸਪੱਸ਼ਟ ਪ੍ਰਭਾਵ ਰਸੋਈ 'ਤੇ ਦਿਖਾਈ ਦਿੰਦਾ ਹੈ। ਇੱਕ ਮੱਧ ਵਰਗੀ ਪਰਿਵਾਰ ਦਾ ਮਹੀਨਾਵਾਰ ਰਸੋਈ ਦਾ ਬਜਟ, ਜੋ ਪਹਿਲਾਂ 15,000 ਰੁਪਏ ਹੁੰਦਾ ਸੀ, ਹੁਣ ਵਧਦੀਆਂ ਕੀਮਤਾਂ ਕਾਰਨ 17,000 ਤੋਂ 18,000 ਰੁਪਏ ਤੱਕ ਪਹੁੰਚ ਸਕਦਾ ਹੈ। ਇਹ ਵਾਧਾ ਛੋਟਾ ਲੱਗ ਸਕਦਾ ਹੈ, ਪਰ ਇੱਕ ਸਾਲ ਦੇ ਦੌਰਾਨ ਇਹ ਵਾਧੂ ਖ਼ਰਚ ਹਜ਼ਾਰਾਂ ਰੁਪਏ ਤੱਕ ਵਧ ਜਾਂਦਾ ਹੈ। ਸਥਿਰ ਆਮਦਨ ਵਾਲੇ ਪਰਿਵਾਰਾਂ ਲਈ ਇਹ ਸਥਿਤੀ ਹੋਰ ਵੀ ਮੁਸ਼ਕਿਲ ਹੋ ਜਾਂਦੀ ਹੈ।

ਪੇਂਡੂ ਖੇਤਰਾਂ ਵਿੱਚ ਵੀ ਸਥਿਤੀ ਘੱਟ ਚੁਣੌਤੀਪੂਰਨ ਨਹੀਂ ਹੈ। ਡੀਜ਼ਲ, ਖਾਦਾਂ, ਬੀਜਾਂ ਅਤੇ ਕੀਟਨਾਸ਼ਕਾਂ ਦੀਆਂ ਵਧਦੀਆਂ ਕੀਮਤਾਂ ਨੇ ਖੇਤੀਬਾੜੀ ਉਤਪਾਦਨ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ। ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਉਚਿਤ ਕੀਮਤਾਂ ਨਹੀਂ ਮਿਲਦੀਆਂ, ਜਦੋਂ ਕਿ ਖਪਤਕਾਰਾਂ ਨੂੰ ਉਹੀ ਉਤਪਾਦ ਉੱਚ ਕੀਮਤਾਂ 'ਤੇ ਖ਼ਰੀਦਣੇ ਪੈਂਦੇ ਹਨ। ਇਸ ਤਰ੍ਹਾਂ ਮਹਿੰਗਾਈ ਦਾ ਬੋਝ ਉਤਪਾਦਕਾਂ ਅਤੇ ਖਪਤਕਾਰਾਂ ਦੋਵਾਂ 'ਤੇ ਪੈਂਦਾ ਹੈ, ਜਦੋਂ ਕਿ ਵਿਚੋਲੇ ਸਪਲਾਈ ਲੜੀ ਅਤੇ ਮਾਰਕੀਟ ਢਾਂਚੇ ਵਧੇਰੇ ਮੁਨਾਫ਼ਾ ਕਮਾਉਂਦੇ ਹਨ।

ਮਹਿੰਗਾਈ ਦੇ ਵੀ ਡੂੰਘੇ ਸਮਾਜਿਕ ਪ੍ਰਭਾਵ ਪੈਂਦੇ ਹਨ। ਜਦੋਂ ਜ਼ਰੂਰੀ ਵਸਤੂਆਂ ਮਹਿੰਗੀਆਂ ਹੋ ਜਾਂਦੀਆਂ ਹਨ, ਤਾਂ ਪਰਿਵਾਰ ਪਹਿਲਾਂ ਮਨੋਰੰਜਨ, ਸੈਰ-ਸਪਾਟਾ ਅਤੇ ਐਸ਼ੋ-ਆਰਾਮ ਦੀਆਂ ਚੀਜ਼ਾਂ 'ਤੇ ਖ਼ਰਚ ਘਟਾ ਦਿੰਦੇ ਹਨ। ਇਹ ਫਿਰ ਸਿੱਖਿਆ, ਸਿਹਤ ਅਤੇ ਪੋਸ਼ਣ ਵਰਗੇ ਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ। ਬਹੁਤ ਸਾਰੇ ਪਰਿਵਾਰ ਆਪਣੇ ਬੱਚਿਆਂ ਲਈ ਪੌਸ਼ਟਿਕ ਭੋਜਨ ਖ਼ਰੀਦਣ ਦੇ ਯੋਗ ਨਹੀਂ ਹੁੰਦੇ। ਇਸ ਨਾਲ ਕੁਪੋਸ਼ਣ ਅਤੇ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਦੂਜੇ ਪਾਸੇ ਸਿੱਖਿਆ 'ਤੇ ਘੱਟ ਖ਼ਰਚ ਭਵਿੱਖ ਦੀ ਮਨੁੱਖੀ ਪੂੰਜੀ ਨੂੰ ਪ੍ਰਭਾਵਿਤ ਕਰਦਾ ਹੈ।

ਆਰਥਿਕ ਤੌਰ 'ਤੇ ਨਿਯੰਤਰਿਤ ਮੁਦਰਾਸਫੀਤੀ ਨੂੰ ਵਿਕਾਸ ਦਾ ਸੰਕੇਤ ਮੰਨਿਆ ਜਾਂਦਾ ਹੈ ਕਿਉਂਕਿ ਇਹ ਵਧਦੀ ਮੰਗ ਅਤੇ ਉਤਪਾਦਨ ਨੂੰ ਦਰਸਾਉਂਦਾ ਹੈ। ਹਾਲਾਂਕਿ, ਜਦੋਂ ਮੁਦਰਾਸਫੀਤੀ ਆਮਦਨ ਵਾਧੇ ਨਾਲੋਂ ਤੇਜ਼ੀ ਨਾਲ ਵਧਦੀ ਹੈ ਤਾਂ ਇਹ ਆਰਥਿਕ ਅਸੰਤੁਲਨ ਪੈਦਾ ਕਰਦੀ ਹੈ। ਇਹ ਉਹ ਚਿੰਤਾ ਹੈ ਜੋ ਮੌਜੂਦਾ ਸਥਿਤੀ ਵਿੱਚ ਉੱਭਰ ਰਹੀ ਹੈ। ਉਜਰਤ ਅਤੇ ਰੁਜ਼ਗਾਰ ਵਿਕਾਸ ਦਰ ਜ਼ਰੂਰੀ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਜਿੰਨੀ ਤੇਜ਼ ਨਹੀਂ ਹੈ। ਇਹ ਅਸਲ ਖ਼ਰੀਦ ਸ਼ਕਤੀ ਨੂੰ ਘਟਾ ਰਿਹਾ ਹੈ।

ਭਾਰਤੀ ਰਿਜ਼ਰਵ ਬੈਂਕ ਅਤੇ ਸਰਕਾਰ ਸਮੇਂ-ਸਮੇਂ 'ਤੇ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਕਦਮ ਚੁੱਕਦੇ ਹਨ। ਵਿਆਜ ਦਰਾਂ ਨੂੰ ਬਦਲਣਾ, ਆਯਾਤ ਡਿਊਟੀਆਂ ਘਟਾਉਣਾ, ਜ਼ਰੂਰੀ ਵਸਤੂਆਂ ਦੇ ਭੰਡਾਰਾਂ ਦੀ ਨਿਗਰਾਨੀ ਕਰਨਾ ਅਤੇ ਬਾਜ਼ਾਰ ਸਪਲਾਈ ਵਧਾਉਣ ਵਰਗੇ ਉਪਾਅ ਕੀਤੇ ਜਾਂਦੇ ਹਨ। ਹਾਲਾਂਕਿ, ਵਿਸ਼ਵਵਿਆਪੀ ਸਥਿਤੀਆਂ, ਅੰਤਰਰਾਸ਼ਟਰੀ ਵਪਾਰ ਅਤੇ ਭੂ-ਰਾਜਨੀਤਕ ਤਣਾਅ ਦੇ ਕਾਰਨ, ਇਹ ਯਤਨ ਅਕਸਰ ਪ੍ਰਭਾਵਸ਼ੀਲਤਾ ਵਿੱਚ ਸੀਮਤ ਹੁੰਦੇ ਹਨ।

ਮੌਜੂਦਾ ਸਥਿਤੀ ਲਈ ਸਰਕਾਰ ਨੂੰ ਇੱਕ ਬਹੁ-ਪੱਖੀ ਰਣਨੀਤੀ ਅਪਣਾਉਣ ਦੀ ਲੋੜ ਹੈ। ਖਾਣ ਵਾਲੇ ਤੇਲਾਂ ਅਤੇ ਜ਼ਰੂਰੀ ਵਸਤੂਆਂ ਦੀ ਦਰਾਮਦ 'ਤੇ ਨਿਰਭਰਤਾ ਘਟਾਉਣ ਲਈ ਘਰੇਲੂ ਉਤਪਾਦਨ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਖੇਤੀਬਾੜੀ ਖੇਤਰ ਵਿੱਚ ਆਧੁਨਿਕ ਤਕਨਾਲੋਜੀਆਂ ਦਾ ਵਿਸਥਾਰ ਕਰਨਾ, ਸਟੋਰੇਜ਼ ਸਹੂਲਤਾਂ ਵਿਕਸਤ ਕਰਨਾ ਅਤੇ ਸਪਲਾਈ ਲੜੀ ਦੀ ਕੁਸ਼ਲਤਾ ਵਧਾਉਣਾ ਜ਼ਰੂਰੀ ਹੈ। ਜਮ੍ਹਾਂਖੋਰੀ ਅਤੇ ਨਕਲੀ ਕੀਮਤਾਂ ਵਿੱਚ ਵਾਧੇ 'ਤੇ ਨੇੜਿਓਂ ਨਜ਼ਰ ਰੱਖਣੀ ਚਾਹੀਦੀ ਹੈ। ਪੈਟਰੋਲੀਅਮ ਉਤਪਾਦਾਂ 'ਤੇ ਟੈਕਸ ਢਾਂਚੇ ਦੀ ਸਮੀਖਿਆ ਵੀ ਖਪਤਕਾਰਾਂ ਨੂੰ ਰਾਹਤ ਪ੍ਰਦਾਨ ਕਰ ਸਕਦੀ ਹੈ।

ਖਪਤਕਾਰ ਵੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੇਲੋੜੀਆਂ ਖ਼ਰੀਦਦਾਰੀ ਤੋਂ ਬਚਣਾ, ਬਜਟ ਬਣਾਉਣਾ, ਸਥਾਨਕ ਉਤਪਾਦਾਂ ਨੂੰ ਤਰਜੀਹ ਦੇਣਾ ਅਤੇ ਬੱਚਤ ਦੀ ਆਦਤ ਵਿਕਸਤ ਕਰਨਾ ਜ਼ਰੂਰੀ ਹੈ। ਸਭ ਤੋਂ ਵਧੀਆ ਵਿਕਲਪ ਲੱਭਣ ਲਈ ਕੀਮਤਾਂ ਦੀ ਡਿਜੀਟਲ ਤੁਲਨਾ ਕਰਨ ਨਾਲ ਵੀ ਖ਼ਰਚਿਆਂ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

ਮਹਿੰਗਾਈ ਸਿਰਫ਼ ਆਰਥਿਕ ਅੰਕੜਿਆਂ ਦਾ ਮਾਮਲਾ ਨਹੀਂ ਹੈ; ਇਹ ਲੱਖਾਂ ਭਾਰਤੀ ਪਰਿਵਾਰਾਂ ਦੇ ਜੀਵਨ ਪੱਧਰ, ਪੋਸ਼ਣ, ਸਿੱਖਿਆ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਸਵਾਲ ਹੈ। ਜੇਕਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਇਸ ਦਰ ਨਾਲ ਵਧਦੀਆਂ ਰਹਿੰਦੀਆਂ ਹਨ, ਤਾਂ ਇਸਦਾ ਪ੍ਰਭਾਵ ਸਿਰਫ਼ ਘਰੇਲੂ ਬਜਟ ਤੱਕ ਹੀ ਸੀਮਿਤ ਨਹੀਂ ਹੋਵੇਗਾ, ਸਗੋਂ ਸਮਾਜਿਕ ਅਤੇ ਆਰਥਿਕ ਵਿਕਾਸ ਦੀ ਗਤੀ ਨੂੰ ਵੀ ਪ੍ਰਭਾਵਿਤ ਕਰੇਗਾ। ਇਸ ਲਈ, ਸਰਕਾਰ, ਉਦਯੋਗ ਅਤੇ ਖਪਤਕਾਰ-ਤਿੰਨਾਂ ਨੂੰ ਸੰਤੁਲਿਤ ਅਤੇ ਲੰਬੇ ਸਮੇਂ ਦੇ ਹੱਲ ਲੱਭਣ ਲਈ ਇਕੱਠੇ ਕੰਮ ਕਰਨਾ ਚਾਹੀਦਾ ਹੈ।

ਅੱਜ, ਲੋੜ ਇਸ ਗੱਲ ਦੀ ਹੈ ਕਿ ਵਿਕਾਸ ਦੀ ਚਮਕ ਸਿਰਫ਼ ਅੰਕੜਿਆਂ ਵਿੱਚ ਹੀ ਨਹੀਂ, ਸਗੋਂ ਆਮ ਆਦਮੀ ਦੀ ਥਾਲੀ, ਰਸੋਈ ਅਤੇ ਜੇਬ ਵਿੱਚ ਵੀ ਦਿਖਾਈ ਦੇਵੇ। ਜਦੋਂ ਤੱਕ ਮਹਿੰਗਾਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਨਹੀਂ ਕੀਤਾ ਜਾਂਦਾ, ਆਰਥਿਕ ਤਰੱਕੀ ਦੇ ਲਾਭ ਸਮਾਜ ਦੇ ਆਖਰੀ ਵਿਅਕਤੀ ਤੱਕ ਪੂਰੀ ਤਰ੍ਹਾਂ ਨਹੀਂ ਪਹੁੰਚ ਸਕਣਗੇ। ਮਹਿੰਗਾਈ ਦੀ ਚੁਣੌਤੀ ਸਿਰਫ਼ ਇੱਕ ਸਰਕਾਰੀ ਚੁਣੌਤੀ ਨਹੀਂ ਹੈ, ਸਗੋਂ ਪੂਰੇ ਦੇਸ਼ ਲਈ ਇੱਕ ਸਾਂਝੀ ਚੁਣੌਤੀ ਹੈ ਅਤੇ ਇਸਦਾ ਹੱਲ ਸਮੂਹਿਕ ਯਤਨਾਂ ਨਾਲ ਹੀ ਸੰਭਵ ਹੈ।

# ਕਿਤੇ ਟਾਈਮ ਬੰਬ ਨਾ ਬਣ ਜਾਵੇ ਬਿਜਲਈ ਕੂੜਾ

**ਅਸ਼ਵਨੀ ਚਤਰਥ**

ਦੁਨੀਆ ਵਿੱਚ ਨਿੱਤ ਨਵੀਂ ਤਕਨਾਲੋਜੀ ਦਾ ਵਿਕਾਸ ਹੋ ਰਿਹਾ ਹੈ। ਹਰ ਨਵੀਂ ਤਕਨੀਕ ਮਗਰੋਂ ਅਸੀਂ ਆਪਣੇ ਸਮਾਰਟ ਫੋਨ, ਲੈਪਟੌਪ ਅਤੇ ਟੈਬਲੈੱਟ ਆਦਿ ਅਪਗ੍ਰੇਡ ਕਰ ਲੈਂਦੇ ਹਾਂ। ਅਜਿਹਾ ਕਰਦਿਆਂ ਅਸੀਂ ਨਵੀਆਂ ਸੁੱਖ-ਸਹੂਲਤਾਂ ਹੀ ਨਹੀਂ ਖਰੀਦਦੇ ਸਗੋਂ ਪੁਰਾਣੇ ਹੋ ਚੁੱਕੇ ਉਪਕਰਨਾਂ ਨੂੰ ਨਕਾਰਾ ਕਰਕੇ ਅਣਗਹਿਲੀ ਨਾਲ ਭਵਿੱਖ ਦੀਆਂ ਪੀੜ੍ਹੀਆਂ ਲਈ ਜ਼ਹਿਰੀਲੀ ਵਿਰਾਸਤ ਛੱਡ ਕੇ ਜਾਣ ਦੀ ਤਿਆਰੀ ਵੀ ਕਰ ਰਹੇ ਹੁੰਦੇ ਹਾਂ। ਅੱਜ ਦੇ ਜ਼ਮਾਨੇ ਦੇ ਬਿਜਲਈ ਸਾਧਨ ਜਿਵੇਂ ਮੋਬਾਈਲ, ਲੈਪਟੌਪ, ਟੀ ਵੀ, ਕੰਪਿਊਟਰ, ਫਰਿੱਜ ਅਤੇ ਡਾਕਟਰੀ ਮਸ਼ੀਨਾਂ ਆਦਿ ਵਰਤਣ ਮਗਰੋਂ ਜਾਂ ਖ਼ਰਾਬ ਹੋਣ 'ਤੇ ਕੂੜੇ ਵਜੋਂ ਸੁੱਟ ਦਿੱਤੇ ਜਾਂਦੇ ਹਨ। ਇਸ ਨੂੰ ਬਿਜਲਈ ਕੂੜਾ ਜਾਂ ਈ-ਕੂੜਾ ਕਿਹਾ ਜਾਂਦਾ ਹੈ। ਤੇਜ਼ੀ ਨਾਲ ਤਕਨਾਲੋਜੀ ਬਦਲਣ ਕਾਰਨ ਇਸ ਕੂੜੇ ਦੀ ਮਾਤਰਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਿਕ ਸਮੁੱਚੇ ਵਿਸ਼ਵ ਦੀ ਅਬਾਦੀ ਵਾਧਾ ਦਰ ਨਾਲੋਂ ਤਿੰਨ ਗੁਣਾ ਵਾਧਾ ਦਰ ਨਾਲ ਨਵਾਂ ਬਿਜਲਈ ਕੂੜਾ ਹਰ ਸਾਲ ਪੈਦਾ ਹੁੰਦਾ ਹੈ ਅਤੇ ਦਿਨੋ-ਦਿਨ ਬਦਲਦੀ ਤਕਨਾਲੋਜੀ ਦੇ ਹਿਸਾਬ ਨਾਲ ਭਵਿੱਖ ਵਿੱਚ ਕਈ ਗੁਣਾ ਵੱਧ ਈ-ਕੂੜਾ ਪੈਦਾ ਹੋਣ ਦੀ ਸੰਭਾਵਨਾ ਹੈ।

ਈ-ਕੂੜੇ ਦੇ ਅੰਬਾਰ ਹੀ ਵਾਤਾਵਰਣ ਲਈ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਇਨ੍ਹਾਂ ਬੇਲੋੜੇ ਉਪਕਰਨਾਂ ਵਿੱਚੋਂ ਲੋੜੀਂਦਾ ਸਾਮਾਨ ਕੱਢਣ ਵਾਲੇ ਅਕਸਰ ਇਨ੍ਹਾਂ ਦੇ ਬਚੇ ਹੋਏ ਮਲਬੇ ਨੂੰ ਅਜਿਹੀ ਹਾਲਤ ਵਿੱਚ ਛੱਡ ਜਾਂਦੇ ਹਨ ਕਿ ਕਈ ਖ਼ਤਰਨਾਕ ਰਸਾਇਣ ਮਗਰੋਂ ਹਵਾ, ਮਿੱਟੀ ਤੇ ਪਾਣੀ ਵਿੱਚ ਘੁਲ ਕੇ ਇਸ ਨੂੰ ਪਲੀਤ ਕਰਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆ ਵਿੱਚ ਸਾਲ 2022 'ਚ ਤਕਰੀਬਨ 6.2 ਕਰੋੜ ਟਨ ਨਵਾਂ ਈ-ਕੂੜਾ ਪੈਦਾ ਹੋਇਆ, ਜਿਸ ਵਿੱਚੋਂ ਮਹਿਜ਼ 1.4 ਕਰੋੜ ਟਨ ਹੀ ਮੁੜ ਵਰਤੋਂ ਵਿੱਚ ਲਿਆਂਦਾ ਗਿਆ, ਭਾਵ ਉਸ ਨੂੰ ਸਹੀ ਤਰੀਕੇ ਨਾਲ ਟਿਕਾਣੇ ਲਗਾਇਆ ਗਿਆ। ਬਾਕੀ 4.8 ਕਰੋੜ ਟਨ ਕੂੜਾ ਯੋਜਨਾ ਰਹਿਤ ਤਰੀਕੇ ਨਾਲ ਖੁੱਲ੍ਹੇ ਢੇਰਾਂ ਦੇ ਰੂਪ ਵਿੱਚ ਸੁੱਟ ਦਿੱਤਾ ਗਿਆ। ਬਿਜਲਈ ਕੂੜੇ ਨੂੰ ਟਿਕਾਣੇ ਲਗਾਉਣ ਲਈ ਕਈ ਗ਼ੈਰ-ਮਿਆਰੀ ਵਿਧੀਆਂ ਅਪਣਾਈਆਂ ਜਾਂਦੀਆਂ ਹਨ ਜਿਵੇਂ ਜ਼ਮੀਨ 'ਚ ਦੱਬਣਾ, ਪਾਣੀ 'ਚ ਸੁੱਟਣਾ, ਹੱਥਾਂ ਨਾਲ ਤੋੜਨਾ ਜਾਂ ਅੱਗ ਲਗਾਉਣਾ ਆਦਿ। ਅਸਲ ਵਿੱਚ ਇਹ ਸਾਰੇ ਤਰੀਕੇ ਵਾਤਾਵਰਣ ਪ੍ਰਦੂਸ਼ਣ ਪੈਦਾ ਕਰ ਕੇ ਭਿਆਨਕ ਬਿਮਾਰੀਆਂ ਫੈਲਾਉਣ ਅਤੇ



ਮਨੁੱਖਤਾ ਲਈ ਸੰਕਟ ਖੜ੍ਹਾ ਕਰਨ ਦੇ ਸਮਰੱਥ ਹਨ ਕਿਉਂਕਿ ਇਨ੍ਹਾਂ ਸਾਰੇ ਤਰੀਕਿਆਂ ਨਾਲ ਹਵਾ, ਪਾਣੀ ਅਤੇ ਜ਼ਮੀਨ ਵਿੱਚ ਹੱਦੋਂ ਵੱਧ ਜ਼ਹਿਰੀਲੇ ਪਦਾਰਥ ਰਲ ਜਾਂਦੇ ਹਨ।

ਸਭ ਤੋਂ ਵੱਧ ਈ-ਕੂੜਾ ਪੈਦਾ ਕਰਨ ਵਾਲੇ ਦੇਸ਼ ਚੀਨ, ਅਮਰੀਕਾ, ਜਾਪਾਨ, ਜਰਮਨੀ ਤੇ ਭਾਰਤ ਹਨ। ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਵੱਲੋਂ ਪੈਦਾ ਕੀਤੇ ਗਏ ਈ-ਕੂੜੇ ਦਾ ਤਕਰੀਬਨ 40 ਫ਼ੀਸਦੀ ਹਿੱਸਾ ਏਸ਼ੀਆ ਦੇ ਦੇਸ਼ਾਂ ਵਿੱਚ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਤਰੀਕਿਆਂ ਨਾਲ ਬਰਾਮਦ ਕਰ ਦਿੱਤਾ ਜਾਂਦਾ ਹੈ। ਈ-ਕੂੜਾ ਜ਼ਿਆਦਾਤਰ ਪਲਾਸਟਿਕ, ਕੱਚ, ਭਾਰੀਆਂ ਧਾਤਾਂ ਜਿਵੇਂ ਪਾਰਾ, ਲੈੱਡ (ਸਿੱਕਾ) ਤੇ ਕੈਡਮੀਅਮ ਅਤੇ ਕੀਮਤੀ ਧਾਤਾਂ ਜਿਵੇਂ ਸੋਨਾ ਅਤੇ ਚਾਂਦੀ ਦਾ ਮਿਸ਼ਰਨ ਹੁੰਦਾ ਹੈ। ਇਸ ਕੂੜੇ ਵਿੱਚ ਕੁਝ ਤੱਤ ਕੀਮਤੀ, ਵਿਕਰੀ ਯੋਗ ਅਤੇ ਮੁੜ ਵਰਤਣ ਯੋਗ ਹੁੰਦੇ ਹਨ। ਇਸ ਲਈ ਕੁਝ ਲੋਕ ਤੋੜ-ਭੰਨ੍ਹ ਕੇ ਜਾਂ ਅੱਗ ਲਗਾ ਕੇ ਇਨ੍ਹਾਂ ਨੂੰ ਵੱਖ ਵੱਖ ਕਰਦੇ ਹਨ। ਉਨ੍ਹਾਂ ਵੱਲੋਂ ਵਰਤੇ ਜਾਂਦੇ ਅਣਉਚਿਤ ਅਤੇ ਗ਼ੈਰ-ਮਿਆਰੀ ਢੰਗ ਤਰੀਕਿਆਂ ਕਰਕੇ ਕੂੜੇ ਵਿਚਲੇ ਜ਼ਹਿਰੀਲੇ ਰਸਾਇਣਿਕ ਪਦਾਰਥ ਸਾਡੇ ਵਾਤਾਵਰਨ ਵਿੱਚ ਰਲਦੇ ਹਨ, ਜਿਨ੍ਹਾਂ ਕਾਰਨ ਕੰਮ ਕਰਦੇ ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਸਿੱਧੇ ਤੌਰ 'ਤੇ ਬਿਮਾਰੀਆਂ ਲੱਗਣ ਦਾ ਖ਼ਤਰਾ ਹੁੰਦਾ ਹੈ। ਇਨ੍ਹਾਂ ਵਿੱਚ ਮੌਜੂਦ ਪਾਰਾ, ਸਿੱਕਾ, ਡਾਈਆਕਸਿਨ, ਆਰਸੈਨਿਕ ਅਤੇ ਕੈਡਮੀਅਮ ਵਰਗੇ ਪਦਾਰਥਾਂ ਨੂੰ 'ਵਿਸ਼ਵ ਸਿਹਤ ਸੰਗਠਨ' ਵੱਲੋਂ ਜੀਵਾਂ ਲਈ ਅਤਿਅੰਤ ਨੁਕਸਾਨਦੇਹ ਜ਼ਹਿਰੀਲੇ ਪਦਾਰਥ ਦੱਸਿਆ ਗਿਆ ਹੈ। ਬਿਜਲਈ ਕੂੜੇ ਨੂੰ ਤੋੜਨ ਵਾਲੀਆਂ ਥਾਵਾਂ 'ਤੇ ਕੰਮ ਕਰਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਇਹ ਬੇਹੱਦ ਘਾਤਕ ਸਿੱਧ ਹੋ ਸਕਦੇ ਹਨ। ਵਿਸ਼ਵ ਮਜ਼ਦੂਰ ਸੰਗਠਨ ਦੇ ਸਾਲ 2020 ਦੇ ਅੰਕੜਿਆਂ ਅਨੁਸਾਰ ਸੰਸਾਰ ਭਰ ਵਿੱਚ ਡੇਢ ਕਰੋੜ ਤੋਂ ਵੱਧ ਬੱਚੇ ਉਦਯੋਗ ਖੇਤਰ, ਜਿਸ ਵਿੱਚ ਉਦਯੋਗਾਂ ਦਾ ਕੂੜਾ ਇਕੱਠਾ ਕਰਨਾ ਵੀ ਸ਼ਾਮਿਲ ਹੈ, ਵਿੱਚ ਮਜ਼ਦੂਰੀ ਕਰਦੇ ਹਨ। ਮੈਡੀਕਲ ਖੇਤਰ ਦੇ ਮਾਹਿਰਾਂ ਵੱਲੋਂ ਕੀਤੇ ਗਏ ਅਧਿਐਨ ਵਿੱਚ ਪਤਾ ਲੱਗਿਆ ਹੈ ਕਿ ਬਿਜਲਈ ਕੂੜੇ ਤੋਂ ਨਿਕਲਦੇ ਪਾਰੇ ਅਤੇ ਸਿੱਕੇ ਆਦਿ 'ਚ ਮਿਲਣ ਵਾਲੇ ਨਿਊਰੋਟੌਕਸਿਨ ਛੋਟੇ ਬੱਚਿਆਂ ਨੂੰ ਸਾਹ, ਅਧਰੰਗ, ਅੰਨ੍ਹਾਪਣ, ਯਾਦਦਾਸ਼ਤ ਦਾ ਖ਼ਤਮ ਹੋਣਾ, ਮਨੋਰੋਗ ਅਤੇ ਨਾੜੀ ਪ੍ਰਣਾਲੀਆਂ ਦੀਆਂ ਬਿਮਾਰੀਆਂ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਕਮਜ਼ੋਰ ਕਰ ਸਕਦੇ ਹਨ। ਬਿਜਲਈ ਕੂੜੇ 'ਚੋਂ ਨਿਕਲਦੇ ਜ਼ਹਿਰੀਲੇ ਰਸਾਇਣ ਅਤੇ ਇਨ੍ਹਾਂ ਉਪਕਰਨਾਂ ਨੂੰ ਤੋੜਨ ਅਤੇ ਅੱਗ ਲਗਾਉਣ ਵੇਲੇ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਗਰਭਵਤੀ ਔਰਤਾਂ ਦੇ ਪੇਟ ਅੰਦਰ ਪਲਦੇ ਬੱਚਿਆਂ ਲਈ ਬੇਹੱਦ ਖ਼ਤਰਨਾਕ ਹੁੰਦੀਆਂ ਹਨ। ਇਨ੍ਹਾਂ ਰਸਾਇਣਾਂ ਦੇ ਪ੍ਰਭਾਵ ਕਰਕੇ ਬੱਚੇ ਦਾ ਜਨਮ ਸਮੇਂ ਤੋਂ ਪਹਿਲਾਂ ਹੋਣ, ਬੱਚੇ ਨੂੰ ਕੋਈ ਬਿਮਾਰੀ ਲੱਗਣ ਜਾਂ ਮੌਤ ਵਰਗੇ ਨਤੀਜੇ ਵੀ ਭੁਗਤਣੇ ਪੈ ਸਕਦੇ ਹਨ। ਜੇਕਰ ਬੱਚਾ ਜਨਮ ਲੈ ਵੀ ਲਵੇ ਤਾਂ ਵੀ ਨਵਜੰਮੇ ਬੱਚੇ ਦੇ ਫੇਫੜਿਆਂ ਦਾ ਪੂਰੀ ਤਰ੍ਹਾਂ ਵਿਕਾਸ ਨਾ ਹੋਣ ਕਰਕੇ ਉਹ ਉਮਰ ਭਰ ਦਮੇ ਅਤੇ ਸਾਹ ਦੇ ਹੋਰ ਰੋਗਾਂ ਤੋਂ ਪੀੜਤ ਰਹਿੰਦਾ ਹੈ।ਈ-ਕੂੜਾ ਸਾਡੀ ਮੌਜੂਦਾ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬੇਹੱਦ ਘਾਤਕ ਸਿੱਧ ਹੋ ਰਿਹਾ ਹੈ। ਇੱਥੇ ਉੱਤਰ ਪ੍ਰਦੇਸ਼ ਦੇ ਸ਼ਹਿਰ ਮੁਰਾਦਾਬਾਦ ਦਾ ਜ਼ਿਕਰ ਕਰਨਾ ਲਾਜ਼ਮੀ ਹੋ ਜਾਂਦਾ ਹੈ। (ਬਾਕੀ ਸਫ਼ਾ 27 'ਤੇ)








ਜਗਮੋਹਨ ਸਿੰਘ 'ਲੱਕੀ'
9463819174

**ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਹਰ ਚੋਣਾਂ ਸਮੇਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਹੁਤ ਹੀ ਸੋਚ ਸਮਝ ਕੇ ਅਤੇ ਸੁਚੇਤ ਹੋ ਕੇ ਕਰਨ। ਪੰਜਾਬੀਆਂ ਦਾ ਵੋਟਾਂ ਹੀ ਵੱਖ- ਵੱਖ ਸਿਆਸੀ ਪਾਰਟੀਆਂ ਦੀ ਕਿਸਮਤ ਦਾ ਫੈਸਲਾ ਕਰਦੀਆਂ ਹਨ। ਪੰਜਾਬੀਆਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜਦੋਂ ਉਹਨਾਂ ਦੀਆਂ ਵੋਟਾਂ ਨਾਲ ਇੱਕ ਵਾਰ ਸਰਕਾਰ ਦਾ ਗਠਨ ਹੋ ਜਾਂਦਾ ਹੈ ਤਾਂ ਇਹਨਾਂ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਨਹੀਂ ਬੁਲਾਇਆ ਜਾ ਸਕਦਾ। ਇਸ ਕਰਕੇ ਪੰਜਾਬੀਆਂ ਨੂੰ ਆਪਣੇ ਨੁਮਾਇੰਦਿਆਂ ਦੀ ਚੋਣ ਸੁਚੇਤ ਹੋ ਕੇ ਕਰਨੀ ਚਾਹੀਦੀ ਹੈ।**



ਪੰਜਾਬ ਵਿੱਚ ਇਸ ਸਮੇਂ 'ਵੋਟਾਂ ਦੀ ਸੁਧਾਈ' ਦਾ ਕੰਮ ਚੱਲ ਰਿਹਾ ਹੈ। ਵੱਡੀ ਗਿਣਤੀ ਪੰਜਾਬੀ 'ਵੋਟ ਸੁਧਾਈ' ਦੇ ਫ਼ਾਰਮ ਭਰ ਰਹੇ ਹਨ। ਇਸ ਦੇ ਨਾਲ ਹੀ ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ, ਜਿਸ ਕਾਰਨ ਸਾਰੀਆਂ ਧਿਰਾਂ ਨੇ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਕਰਕੇ ਪੰਜਾਬ ਵਿੱਚ ਹਰ ਪਾਸੇ ਚੋਣਾਂ ਵਾਲਾ ਮਾਹੌਲ ਬਣਿਆ ਹੋਇਆ ਹੈ। ਜੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਦੀ ਗੱਲ ਕੀਤੀ ਜਾਵੇ ਤਾਂ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਤਲੁਜ' ਇਸ ਸਮੇਂ ਪੰਜਾਬ ਦੀ ਸਿਆਸਤ ਵਿੱਚ ਛਾਈ ਹੋਈ ਹੈ। ਇਸ ਫ਼ਿਲਮ ਸਬੰਧੀ ਵੱਖ- ਵੱਖ ਪਾਰਟੀਆਂ ਦੇ ਸੀਨੀਅਰ ਆਗੂ ਆਪੋ ਆਪਣੇ ਬਿਆਨ ਦੇ ਰਹੇ ਹਨ। ਇਸ ਫ਼ਿਲਮ 'ਤੇ ਪਾਬੰਦੀ ਦੇ ਬਾਵਜੂਦ ਇਹ ਫ਼ਿਲਮ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਡੀਆਂ ਸਕਰੀਨਾਂ 'ਤੇ ਦਿਖਾਈ ਜਾ ਰਹੀ ਹੈ। ਅਸਲ ਵਿੱਚ ਇਸ ਸਮੇਂ ਪੰਜਾਬ ਦੀ ਸਿਆਸਤ ਫ਼ਿਲਮ 'ਸਤਲੁਜ' ਦੇ ਆਲੇ ਦੁਆਲੇ ਕੇਂਦਰਿਤ ਹੋ ਗਈ ਹੈ। ਜਿਸ ਕਾਰਨ ਹੋਰ ਸਿਆਸੀ ਮੁੱਦੇ ਖੁੱਡੇ ਲਾਈਨ ਲੱਗ ਗਏ ਹਨ। ਸਿਆਸੀ ਮਾਹਿਰ ਕਿਆਸ ਅਰਾਈਆਂ ਲਗਾ ਰਹੇ ਹਨ ਕਿ ਫਿਲਮ 'ਸਤਲੁਜ' ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਵੀ ਅਸਰ ਪਾ ਸਕਦੀ ਹੈ। ਇਸ ਗੱਲ ਨੂੰ ਸਮਝਦਿਆਂ ਵੱਖ-ਵੱਖ ਸਿਆਸੀ ਪਾਰਟੀਆਂ ਇਸ ਫਿਲਮ ਤੋਂ ਸਿਆਸੀ ਲਾਹਾ ਲੈਣ ਦਾ ਯਤਨ ਕਰ ਰਹੀਆਂ ਹਨ। ਇਸ ਫਿਲਮ ਕਾਰਨ ਪੰਜਾਬ ਵਿੱਚ ਇੱਕ ਵਾਰ ਫਿਰ ਝੂਠੇ ਪੁਲਿਸ ਮੁਕਾਬਲਿਆਂ ਅਤੇ ਸਾੜੀਆਂ ਗਈਆਂ ਲਾਵਾਰਸ ਲਾਸ਼ਾਂ ਦਾ ਮੁੱਦਾ ਗਰਮਾਇਆ ਹੋਇਆ ਹੈ। ਅਣਪਛਾਤੇ ਕਹਿ ਕੇ ਸਾੜੇ ਗਏ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਦੇ ਬੁੱਝ ਚੁੱਕੇ ਸਿਵਿਆਂ 'ਤੇ ਵੀ ਵੱਖ- ਵੱਖ ਰਾਜਸੀ ਆਗੂ ਸਿਆਸੀ ਰੋਟੀਆਂ ਸੇਕਣ ਦਾ ਯਤਨ ਕਰ ਰਹੇ ਹਨ। ਵੋਟਾਂ ਲੈਣ ਦੇ ਲਾਲਚ ਵਿੱਚ ਇਹਨਾਂ ਸਿਆਸੀ ਆਗੂਆਂ ਵੱਲੋਂ ਠੰਡੇ ਹੋਏ ਸਿਵਿਆਂ ਦੀ ਰਾਖ ਵੀ ਫਰੋਲੀ ਜਾ ਰਹੀ ਹੈ।




ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਲੋਕ ਬਹੁਤ ਸੁਚੇਤ ਹੋ ਚੁੱਕੇ ਹਨ। ਇਸ ਦਾ ਵੱਡਾ ਕਾਰਨ ਵੱਡੀ ਗਿਣਤੀ ਪੰਜਾਬੀਆਂ ਦਾ ਪੜ੍ਹੇ ਲਿਖੇ ਹੋਣਾ ਹੈ। ਹੁਣ ਤਾਂ ਪੰਜਾਬ ਦੀਆਂ ਵੱਡੀ ਗਿਣਤੀ ਮਹਿਲਾਵਾਂ ਵੀ ਚੰਗੀਆਂ ਪੜ੍ਹੀਆਂ ਲਿਖੀਆਂ ਹਨ, ਜਿਹਨਾਂ ਵਿਚੋਂ ਹਜ਼ਾਰਾਂ ਮਹਿਲਾਵਾਂ ਚੰਗੀਆਂ ਸਰਕਾਰੀ ਅਤੇ ਪ੍ਰਾਈਵੇਟ ਨੌਕਰੀ ਕਰ ਰਹੀਆਂ ਹਨ। ਹੁਣ ਅੱਜ ਦੀ ਪੰਜਾਬੀ ਨਾਰੀ ਘਰ ਦੀਆਂ ਕੰਧਾਂ ਵਿੱਚ ਸੀਮਿਤ ਨਹੀਂ ਰਹੀ ਸਗੋਂ ਉਹ ਪੰਜਾਬੀ ਮਰਦਾਂ ਦੇ ਮੋਢੇ ਨਾਲ ਮੋਢੇ ਜੋੜ ਕੇ ਹਰ ਖੇਤਰ ਵਿੱਚ ਵਿਚਰ ਰਹੀ ਹੈ। ਇਸ ਦੇ ਨਾਲ ਹੀ ਮਹਿਲਾਵਾਂ ਸਿਆਸੀ ਤੌਰ 'ਤੇ ਬਹੁਤ ਸੁਚੇਤ ਹੋ ਚੁੱਕੀਆਂ ਹਨ। ਉਹ ਆਪਣੀ ਵੋਟ ਹੁਣ ਆਪਣੀ ਪਸੰਦ ਦੇ ਉਮੀਦਵਾਰ ਨੂੰ ਅਤੇ ਆਪਣੀ ਮਨ ਮਰਜ਼ੀ ਨਾਲ ਪਾਉਣ ਨੂੰ ਤਰਜੀਹ ਦੇਣ ਲੱਗੀਆਂ ਹਨ। ਇੱਥੇ ਇਹ ਵੀ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਅਜੇ ਵੀ ਪੰਜਾਬ ਵਿੱਚ ਅਜਿਹੀਆਂ ਮਹਿਲਾਵਾਂ ਕਾਫ਼ੀ ਗਿਣਤੀ ਵਿੱਚ ਹਨ ਜੋ ਕਿ ਅਜੇ ਵੀ ਆਪਣੀ ਵੋਟ ਆਪਣੇ ਪਿਤਾ, ਪਤੀ ਅਤੇ ਪੁੱਤਰ ਦੀ ਇੱਛਾ ਅਨੁਸਾਰ ਪਾਉਂਦੀਆਂ ਹਨ। ਇਸ ਦੇ ਬਾਵਜੂਦ ਪੰਜਾਬ ਦੀਆਂ ਮਹਿਲਾਵਾਂ ਨੂੰ ਸਿਆਸੀ ਸੌਝੀ ਆ ਚੁੱਕੀ ਹੈ ਅਤੇ ਪੰਜਾਬ ਦੀ ਸਿਆਸਤ ਵਿੱਚ ਜਿੱਥੇ ਵੱਡੀ ਗਿਣਤੀ ਮਹਿਲਾਵਾਂ ਹਿੱਸਾ ਲੈ ਰਹੀਆਂ ਹਨ, ਉਥੇ ਪੰਜਾਬੀ ਮਹਿਲਾਵਾਂ ਬਹੁਤ ਸੁਚੇਤ ਹੋ ਕੇ ਆਪਣੀ ਵੋਟ ਦੀ ਵਰਤੋ ਕਰਦੀਆਂ ਹਨ। ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਰੈਲੀਆਂ ਅਤੇ ਮੀਟਿੰਗਾਂ ਵਿੱਚ ਵੀ ਮਹਿਲਾਵਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦੀਆਂ ਵੇਖੀਆਂ ਜਾਂਦੀਆਂ ਹਨ।

ਹਰ ਚੋਣਾਂ ਵੇਲੇ ਵੱਡੀ ਗਿਣਤੀ ਸਿਆਸੀ ਪਾਰਟੀਆਂ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬੀਆਂ ਦੀਆਂ ਵੋਟਾਂ ਲੈਣ ਦਾ ਯਤਨ ਕਰਦੀਆਂ ਹਨ। ਇਸ ਲਈ ਸਿਆਸੀ ਪਾਰਟੀਆਂ ਵੱਲੋਂ ਕਈ ਵਾਰ ਜਾਣ ਬੁੱਝ ਕੇ ਵਿਵਾਦਮਈ ਮੁੱਦੇ ਵੀ ਭੜਕਾ ਦਿੱਤੇ ਜਾਂਦੇ ਹਨ ਤਾਂ ਕਿ ਪੰਜਾਬੀਆਂ ਦੀਆਂ ਭਾਵਨਾਵਾਂ ਭੜਕਾ ਕੇ ਵੋਟਾਂ ਲਈਆਂ ਜਾ ਸਕਣ। ਇਸ ਸਮੇਂ ਫਿਲਮ 'ਸਤਲੁਜ' ਸਬੰਧੀ ਸਿਆਸੀ ਆਗੂਆਂ ਵੱਲੋਂ ਜੋ ਬਿਆਨ ਦਿੱਤੇ ਜਾ ਰਹੇ ਹਨ, ਉਹਨਾਂ ਨੂੰ ਵੀ ਵੋਟਾਂ ਪੱਕੀਆਂ ਕਰਨ ਦੇ ਯਤਨ ਵਜੋਂ ਵੇਖਿਆ ਜਾ ਰਿਹਾ ਹੈ। ਹਰ ਸਿਆਸੀ ਪਾਰਟੀ ਇਸ ਫਿਲਮ ਦਾ ਸਿਆਸੀ ਲਾਹਾ ਲੈਣ ਦਾ ਯਤਨ ਕਰ ਰਹੀ ਹੈ। ਅੱਸੀ ਅਤੇ ਨੱਬੇ ਦੇ ਦਹਾਕਿਆਂ ਦਾ ਸੰਤਾਪ ਹੰਢਾ ਚੁੱਕੇ ਪੰਜਾਬੀਆਂ ਦੇ ਦੁੱਖ ਦਰਦਾਂ ਨਾਲ ਉਹਨਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ, ਉਹ ਤਾਂ ਸਿਰਫ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਅਗਲੀਆਂ ਚੋਣਾਂ ਜਿੱਤਣਾ ਚਾਹੁੰਦੇ ਹਨ। ਅਸਲ ਵਿੱਚ ਹਰ ਸਿਆਸੀ ਪਾਰਟੀ ਦਾ ਅਸਲ ਮਕਸਦ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਕਰਨਾ ਹੈ। ਜਿਸ ਲਈ ਇਹ ਸਿਆਸੀ ਪਾਰਟੀਆਂ ਪੱਬਾਂ ਭਾਰ ਹੋ ਗਈਆਂ ਹਨ।

ਵੱਖ-ਵੱਖ ਸਿਆਸੀ ਪਾਰਟੀਆਂ ਬਾਰੇ ਅਕਸਰ ਚਰਚਾ ਹੁੰਦੀ ਹੈ ਕਿ ਇਹਨਾਂ ਪਾਰਟੀਆਂ ਨੂੰ ਚੋਣਾਂ ਸਮੇਂ ਪੰਜਾਬ ਦੇ ਮੁੱਖ ਮਸਲੇ ਅਤੇ ਪੰਜਾਬੀਆਂ ਦੇ ਮੁੱਦੇ ਯਾਦ ਆ ਜਾਂਦੇ ਹਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਇਹ ਸਿਆਸੀ ਪਾਰਟੀਆਂ ਇਹਨਾਂ ਮੁੱਦਿਆਂ ਅਤੇ ਮਸਲਿਆਂ ਨੂੰ ਮੁੜ ਠੰਡੇ ਬਸਤੇ ਵਿੱਚ ਪਾ ਦਿੰਦੀਆਂ ਹਨ। ਪੰਜਾਬ ਵਿੱਚ ਲੰਬਾ ਸਮਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਰਾਜ ਰਿਹਾ। ਹੁੰਦਾ ਇਹ ਸੀ ਕਿ ਪੰਜਾਬ ਵਿੱਚ ਇੱਕ ਵਾਰ ਕਾਂਗਰਸ ਦੀ ਸਰਕਾਰ ਬਣ ਜਾਂਦੀ ਸੀ ਅਤੇ ਦੂਜੀ ਵਾਰ ਸ਼੍ਰੋਮਣੀ ਅਕਾਲੀ ਦਲ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਂਦਾ ਸੀ। ਲਗਾਤਾਰ ਕਈ ਦਹਾਕਿਆਂ ਤੱਕ ਇਹ ਸਿਆਸੀ ਚੱਕਰ ਲਗਾਤਾਰ ਚੱਲਦਾ ਰਿਹਾ। ਬੀਤੇ ਸਮੇਂ ਦੌਰਾਨ ਭਾਜਪਾ ਦੀ ਸ਼੍ਰੋਮਣੀ ਅਕਾਲੀ ਨਾਲ ਸਿਆਸੀ ਸਾਂਝ ਰਹੀ ਹੋਣ ਕਾਰਨ ਇਹ ਸਿਆਸੀ ਪਾਰਟੀ ਵੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਾਂਝੀ ਸਰਕਾਰ ਸਮੇਂ ਸੱਤਾ ਦਾ ਸੁੱਖ ਭੋਗਦੀ ਰਹੀ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬੀਆਂ ਨੇ ਪੰਜਾਬ ਦੀ ਸਿਆਸਤ ਵਿੱਚ ਵੱਡਾ ਉਲਟਫੇਰ ਕਰਦਿਆਂ ਆਮ ਆਦਮੀ ਪਾਰਟੀ ਨੂੰ ਬਹੁਮਤ ਦੇ ਦਿੱਤਾ ਅਤੇ ਇਸ ਪਾਰਟੀ ਦੇ 92 ਉਮੀਦਵਾਰ ਚੋਣਾਂ ਜਿੱਤ ਗਏ। ਇਸ ਸਮੇਂ ਵੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਕਰ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਸ ਪਾਰਟੀ ਦੀ ਸਰਕਾਰ ਤੋਂ ਵੀ ਵੱਡੀ ਗਿਣਤੀ ਪੰਜਾਬੀ ਸੰਤੁਸ਼ਟ ਨਹੀਂ। ਇਸ ਦੇ ਬਾਵਜੂਦ ਉਹ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਨੂੰ ਵੀ ਸਮਰਥਣ ਨਹੀਂ ਦੇ ਰਹੇ, ਜਿਸ ਕਾਰਨ ਪੰਜਾਬ ਵਿੱਚ ਸਿਆਸੀ ਖਲਾਅ ਵਾਲੀ ਸਥਿਤੀ ਬਣਦੀ ਜਾ ਰਹੀ ਹੈ ਅਤੇ ਪੰਜਾਬ ਦੇ ਲੋਕ ਇਸ ਸਮੇਂ ਕਿਸੇ ਚੌਥੇ ਸਿਆਸੀ ਮੋਰਚੇ ਦੇ ਉਭਰਨ ਦੀ ਉਡੀਕ ਕਰ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਪੰਜਾਬੀ ਵੋਟਰ ਕਿਸ ਸਿਆਸੀ ਪਾਰਟੀ ਨੂੰ ਹੁੰਗਾਰਾ ਭਰਦੇ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।



ਮਦਨ ਬੰਗੜ

# ਕੰਧ ਓਹਲੇ ਪਰਦੇਸ



ਪੰਜਾਬ ਦੇ ਕਿਸੇ ਵੀ ਸ਼ਹਿਰ ਦੀਆਂ ਕੰਧਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਜਾਂ ਅਖ਼ਬਾਰਾਂ 'ਤੇ ਨਜ਼ਰ ਮਾਰੋ ਤਾਂ ਤੁਹਾਨੂੰ ਹਰ ਪਾਸੇ 'ਆਈਲੈਟਸ ਵਿੱਚ 5 ਬੈਂਡਾਂ ਵਾਲੇ ਵੀ ਆਓ', 'ਬਿਨਾਂ ਫੰਡ ਦਿਖਾਏ ਕੈਨੇਡਾ ਜਾਓ' ਜਾਂ 'ਡੌਂਕੀ ਲਗਾ ਕੇ ਅਮਰੀਕਾ ਪਹੁੰਚੋ' ਦੇ ਇਸ਼ਤਿਹਾਰ ਇੰਜ ਮਿਲਣਗੇ ਜਿਵੇਂ ਸਰਦੀਆਂ ਵਿੱਚ ਰੇਹੜੀਆਂ 'ਤੇ ਮੂੰਗਫਲੀ ਵਿਕ ਰਹੀ ਹੋਵੇ। ਅੱਜ ਪੰਜਾਬ ਵਿੱਚ ਟਰੈਵਲ ਏਜੰਟੀ ਦਾ ਕੰਮ ਕੋਈ ਪੇਸ਼ਾ ਨਹੀਂ, ਸਗੋਂ ਪ੍ਰਸ਼ਾਸਨ ਦੀ ਕਥਿਤ ਛਤਰ-ਛਾਇਆ ਹੇਠ ਚੱਲਣ ਵਾਲਾ ਇੱਕ ਅਜਿਹਾ ਸ਼ਰੇਆਮ 'ਗੋਰਖ ਧੰਦਾ' ਬਣ ਚੁੱਕਾ ਹੈ, ਜੋ ਲੋਕਾਂ ਦੀਆਂ ਭਾਵਨਾਵਾਂ, ਮਜਬੂਰੀਆਂ ਅਤੇ ਸੁਪਨਿਆਂ ਦਾ ਸੌਦਾ ਕਰਕੇ ਦਿਨ-ਦੁੱਗਣੀ ਤੇ ਰਾਤ-ਚੌਗੁਣੀ ਤਰੱਕੀ ਕਰ ਰਿਹਾ ਹੈ।

ਪੰਜਾਬੀਆਂ ਦਾ ਵਿਦੇਸ਼ ਜਾਣ ਦਾ ਸਿਲਸਿਲਾ ਕੋਈ ਨਵਾਂ ਨਹੀਂ ਹੈ, ਇਹ ਆਜ਼ਾਦੀ ਤੋਂ ਪਹਿਲਾਂ 19ਵੀਂ ਸਦੀ ਦੇ ਆਖਰੀ ਸਾਲਾਂ (ਲਗਭਗ 1890-1900 ਦੇ ਆਸ-ਪਾਸ) ਤੋਂ ਸ਼ੁਰੂ ਹੋਇਆ ਸੀ। ਜਦੋਂ ਅੰਗਰੇਜ਼ੀ ਹਕੂਮਤ ਵੇਲੇ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਹੋਏ। ਫ਼ੌਜ ਦੀਆਂ ਨੌਕਰੀਆਂ ਦੌਰਾਨ ਜਦੋਂ ਉਹ ਹਾਂਗਕਾਂਗ, ਮਲਾਇਆ, ਸਿੰਗਾਪੁਰ ਅਤੇ ਹੋਰ ਮੁਲਕਾਂ ਵਿੱਚ ਗਏ, ਤਾਂ ਉਨ੍ਹਾਂ ਨੂੰ ਬਾਹਰਲੀ ਦੁਨੀਆ ਅਤੇ ਉੱਥੋਂ ਦੀ ਆਰਥਿਕ ਖੁਸ਼ਹਾਲੀ ਦਾ ਪਤਾ ਲੱਗਾ।

ਸਾਲ 1897 ਵਿੱਚ ਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਇੱਕ ਪੰਜਾਬੀ ਫ਼ੌਜੀ ਦਸਤਾ ਲੰਡਨ ਗਿਆ ਅਤੇ ਵਾਪਸੀ ਵੇਲੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਰਾਹੀਂ ਲੰਘਿਆ। ਉੱਥੋਂ ਦੀ ਉਪਜਾਊ ਜ਼ਮੀਨ ਅਤੇ ਰੁਜ਼ਗਾਰ ਦੇ ਮੌਕੇ ਦੇਖ ਕੇ ਪੰਜਾਬੀਆਂ ਦੇ ਮਨ ਵਿੱਚ ਉੱਥੇ ਵੱਸਣ ਦੀ ਇੱਛਾ ਜਾਗੀ। ਉਸ ਦੌਰ ਵਿੱਚ ਪੰਜਾਬ ਵਿੱਚ ਖੇਤੀ 'ਤੇ ਨਿਰਭਰਤਾ ਬਹੁਤ ਜ਼ਿਆਦਾ ਸੀ ਅਤੇ ਜ਼ਮੀਨਾਂ ਦੀ ਵੰਡ ਕਾਰਨ ਹਿੱਸੇ ਘਟ ਰਹੇ ਸਨ। ਆਰਥਿਕ ਸਥਿਰਤਾ, ਪਰਿਵਾਰ ਨੂੰ ਬਿਹਤਰ ਜ਼ਿੰਦਗੀ ਦੇਣ ਅਤੇ ਸਖ਼ਤ ਮਿਹਨਤ ਕਰਕੇ ਪੈਸਾ ਕਮਾਉਣ ਦੇ ਮਕਸਦ ਨਾਲ ਲੋਕਾਂ ਨੇ ਮਲਾਇਆ, ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ (ਯੂਕੇ) ਵੱਲ ਵਹੀਰਾਂ ਘੱਤੀਆਂ। ਇਹ ਉਹ ਦੌਰ ਸੀ ਜਦੋਂ ਲੋਕ ਸਿੱਧੇ, ਸੱਚੇ ਅਤੇ ਆਪਣੀ ਮਿਹਨਤ ਦੇ ਸਿਰ 'ਤੇ ਕਾਨੂੰਨੀ ਤਰੀਕੇ ਨਾਲ ਜਾਂਦੇ ਸਨ ਅਤੇ ਪਿੱਛੇ ਪਿੰਡਾਂ ਵਿੱਚ ਆਪਣੀ ਮਾਂ-ਧਰਤੀ ਨਾਲ ਜੁੜੇ ਰਹਿੰਦੇ ਸਨ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਖ਼ਾਸ ਕਰਕੇ 1960-1970 ਦੇ ਦਹਾਕੇ ਵਿੱਚ ਜਦੋਂ ਯੂਕੇ ਵਿੱਚ ਲੇਬਰ ਦੀ ਭਾਰੀ ਮੰਗ ਸੀ ਅਤੇ ਫਿਰ 1990 ਦੇ ਆਰਥਿਕ ਉਦਾਰੀਕਰਨ ਤੋਂ ਬਾਅਦ, ਵਿਦੇਸ਼ ਜਾਣ ਦੀ ਚਾਹਤ ਇੱਕ 'ਜਨੂੰਨ' ਵਿੱਚ ਬਦਲ ਗਈ। ਇਸ ਜਨੂੰਨ ਦਾ ਨਾਜਾਇਜ਼ ਫਾਇਦਾ ਚੁੱਕਣ ਲਈ ਸਮਾਜ ਵਿੱਚ ਕੁਝ ਸਵਾਰਥੀ, ਲਾਲਚੀ ਅਤੇ ਚਲਾਕ ਲੋਕਾਂ ਦਾ ਉਭਾਰ ਹੋਇਆ। ਉਨ੍ਹਾਂ ਨੇ ਦੇਖਿਆ ਕਿ ਪੰਜਾਬੀ ਨੌਜਵਾਨ ਬਾਹਰ ਜਾਣ ਲਈ ਆਪਣੀ ਜਾਨ ਅਤੇ ਜ਼ਮੀਨ ਦਾ ਦਾਅ ਲਗਾਉਣ ਨੂੰ ਵੀ ਤਿਆਰ ਹਨ। ਇੱਥੋਂ ਸ਼ੁਰੂ ਹੋਇਆ ਟਰੈਵਲ ਏਜੰਟਾਂ ਦਾ ਉਹ ਗੋਰਖ ਧੰਦਾ ਜੋ ਅੱਜ ਇੱਕ ਸੰਗਠਿਤ ਮਾਫੀਆ ਦਾ ਰੂਪ ਧਾਰਨ ਕਰ ਚੁੱਕਾ ਹੈ ਅਤੇ ਨਿਰੰਤਰ ਚੱਲ ਰਿਹਾ ਹੈ।

ਇਨ੍ਹਾਂ ਏਜੰਟਾਂ ਦੀ ਗੱਲਬਾਤ ਦੀ ਸ਼ੈਲੀ ਇੰਨੀ ਲੁਭਾਉਣੀ ਹੁੰਦੀ ਹੈ ਕਿ ਮਾਪੇ ਆਪਣੀ ਉਮਰ ਭਰ ਦੀ ਕਮਾਈ ਇਨ੍ਹਾਂ ਦੇ ਹੱਥਾਂ ਵਿੱਚ ਫੜਾ ਦਿੰਦੇ ਹਨ। ਇਹ ਏਜੰਟ ਭੋਲੇ-ਭਾਲੇ ਲੋਕਾਂ ਨੂੰ ਝੂਠੇ ਦਾਅਵੇ ਵੇਚਦੇ ਹਨ- 'ਉੱਥੇ ਪਹੁੰਚਦਿਆਂ ਹੀ ਪੀ.ਆਰ. ਮਿਲ ਜਾਵੇਗੀ', 'ਡਾਲਰਾਂ ਦੀ ਬਾਰਿਸ਼ ਹੋਵੇਗੀ' ਅਤੇ 'ਕੰਮ ਦੀ ਕੋਈ ਕਮੀ ਨਹੀਂ।'

ਜੁਗਾੜਬਾਜ਼ੀ ਦਾ ਜਾਲ, ਫਰਜ਼ੀ ਕਾਲਜਾਂ ਦੇ ਆਫਰ ਲੈਟਰ ਤਿਆਰ ਕਰਨੇ, ਬੈਂਕਾਂ ਵਿੱਚ ਜਾਅਲੀ ਪੈਸੇ ਦਿਖਾਉਣਾ ਅਤੇ ਜਦੋਂ ਸਿੱਧਾ ਵੀਜ਼ਾ ਨਾ ਲੱਗੇ ਤਾਂ 'ਡੌਂਕੀ' (ਗ਼ੈਰ-ਕਾਨੂੰਨੀ ਰਸਤਿਆਂ ਰਾਹੀਂ ਜੰਗਲਾਂ, ਸਮੁੰਦਰਾਂ ਅਤੇ ਖ਼ਤਰਨਾਕ ਸਰਹੱਦਾਂ ਪਾਰ ਕਰਵਾਉਣਾ) ਵਰਗੇ ਜੁਗਾੜ ਲਗਾ ਕੇ ਲੋਕਾਂ ਨੂੰ ਜਹਾਜ਼ ਚਾੜ੍ਹਨਾ ਇਨ੍ਹਾਂ ਦਾ ਰੋਜ਼ ਦਾ ਕੰਮ ਬਣ ਗਿਆ।

ਸਭ ਤੋਂ ਦੁਖਦਾਈ ਅਤੇ ਹੈਰਾਨੀਜਨਕ ਪੱਖ ਇਹ ਹੈ ਕਿ ਇਹ ਸਾਰਾ ਗੋਰਖ ਧੰਦਾ ਕੋਈ ਲੁਕ-ਛਿਪ ਕੇ ਨਹੀਂ, ਸਗੋਂ ਪ੍ਰਸ਼ਾਸਨ ਅਤੇ ਸਿਸਟਮ ਦੀ ਕਥਿਤ ਛਤਰ-ਛਾਇਆ ਹੇਠ ਸ਼ਰੇਆਮ ਫੁੱਲ-ਫਲ ਰਿਹਾ ਹੈ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਇਹ ਏਜੰਟ ਉਨ੍ਹਾਂ ਦੀ ਉਮਰ ਭਰ ਦੀ ਖ਼ੂਨ-ਪਸੀਨੇ ਦੀ ਕਮਾਈ ਪਲਾਂ ਵਿੱਚ ਠੱਗ ਲੈਂਦੇ ਹਨ। ਮਾਪੇ ਕਰਜ਼ੇ ਚੁੱਕ ਕੇ ਇਨ੍ਹਾਂ ਦੀਆਂ ਜੇਬਾਂ ਭਰਦੇ ਹਨ।

ਇਸ ਖੇਡ ਵਿੱਚ ਪ੍ਰਸ਼ਾਸਨ ਦੀ ਮਿਲੀਭੁਗਤ ਉਦੋਂ ਸਾਫ਼ ਨਜ਼ਰ ਆਉਂਦੀਹੈ ਜਦੋਂ ਇਹ ਠੱਗ ਏਜੰਟ ਕਿਸੇ ਸ਼ਿਕਾਇਤ ਤੋਂ ਬਾਅਦ ਜੇਕਰ ਕਿਤੇ ਫੜੇ ਵੀ ਜਾਂਦੇ ਹਨ, ਤਾਂ ਕਾਨੂੰਨ ਦੀਆਂ ਕਮਜ਼ੋਰ ਬਾਰੀਕੀਆਂ ਅਤੇ ਸਿਸਟਮ ਦੀ ਢਿੱਲ-ਮੱਠ ਕਾਰਨ ਕੁਝ ਹੀ ਸਮੇਂ ਬਾਅਦ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ। ਜੇਲ੍ਹ ਵਿੱਚੋਂ ਬਾਹਰ ਆਉਂਦਿਆਂਹੀ ਉਨ੍ਹਾਂ ਅੰਦਰ ਨਾ ਤਾਂ ਕੋਈ ਪਛਤਾਵਾ ਹੁੰਦਾ ਹੈ ਅਤੇ ਨਾ ਹੀ ਕਾਨੂੰਨ ਦਾ ਕੋਈ ਡਰ। ਉਹ ਫਿਰ ਤੋਂ ਨਵੇਂ ਨਾਮ ਹੇਠ ਦਫ਼ਤਰ ਖੋਲ੍ਹ ਕੇ ਬੈਠ ਜਾਂਦੇ ਹਨ ਅਤੇ ਉਹੀ 'ਗੋਰਖ ਧੰਦਾ' ਦੁਬਾਰਾ ਸ਼ੁਰੂ ਕਰ ਦਿੰਦੇ ਹਨ। ਅਜਿਹੇ ਅਪਰਾਧੀਆਂ ਨੂੰ ਸਖ਼ਤ ਅਤੇ ਮਿਸਾਲੀ ਸਜ਼ਾਵਾਂ ਨਾ ਮਿਲਣਾ ਇਹ ਸਾਬਤ ਕਰਦਾ ਹੈ ਕਿ ਸਿਸਟਮ ਅੰਦਰ ਬੈਠੇ ਕੁਝ ਲੋਕਾਂ ਦੇ ਹੱਥ ਇਨ੍ਹਾਂ ਦੀ ਪਿੱਠ 'ਤੇ ਹਨ, ਜਿਸ ਕਾਰਨ ਇਹ ਧੰਦਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

ਇੱਕ ਪਾਸੇ ਤਾਂ ਭਾਰਤੀ ਟਰੈਵਲ ਏਜੰਟ ਇੱਥੇ ਭੋਲੇ-ਭਾਲੇ ਲੋਕਾਂ ਨਾਲ ਠੱਗੀ ਕਰਦੇ ਹਨ, ਪਰ ਦੂਜੇ ਪਾਸੇ ਜਦੋਂ ਇਹ ਵਿਦਿਆਰਥੀ ਵਰਗ ਵੱਡੇ ਸੁਪਨੇ ਲੈ ਕੇ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨੀ ਅਤੇ ਹੋਰ ਵਿਦੇਸ਼ੀ ਮੁਲਕਾਂ ਵਿੱਚ ਪਹੁੰਚਦਾ ਹੈ, ਤਾਂ ਉੱਥੋਂ ਦਾ ਪੜ੍ਹਾਈ ਸਿਸਟਮ ਵੀ ਇਨ੍ਹਾਂ ਵਿਦਿਆਰਥੀਆਂ ਦੀ ਛਿੱਲ ਲਾਹੁਣ ਵਿੱਚ ਕੋਈ ਕਸਰ ਨਹੀਂ ਛੱਡਦਾ। ਲੱਖਾਂ ਦੀਆਂ ਫੀਸਾਂ ਦਾ ਬੋਝ, ਵਿਦੇਸ਼ੀ ਯੂਨੀਵਰਸਿਟੀਆਂ ਅਤੇ ਕਾਲਜ ਸਥਾਨਕ ਨਾਗਰਿਕਾਂ ਦੇ ਮੁਕਾਬਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਤਿੰਨ ਤੋਂ ਚਾਰ ਗੁਣਾ ਜ਼ਿਆਦਾ ਫੀਸ ਵਸੂਲਦੇ ਹਨ। ਸਾਲਾਨਾ 25 ਤੋਂ 30 ਲੱਖ ਰੁਪਏ ਫੀਸ ਵਸੂਲ ਕੇ ਉਹ ਆਪਣੀਆਂ ਤਿਜੋਰੀਆਂ ਭਰ ਰਹੇ ਹਨ, ਜਦਕਿ ਇਨ੍ਹਾਂ ਪੈਸਿਆਂ ਲਈ ਪੰਜਾਬ ਵਿੱਚ ਮਾਪਿਆਂ ਨੇ ਆਪਣੀਆਂ ਜ਼ਮੀਨਾਂ ਦਾਅ 'ਤੇ ਲਗਾਈਆਂ ਹੁੰਦੀਆਂ ਹਨ।

ਇੰਨੀਆਂ ਮਹਿੰਗੀਆਂ ਫੀਸਾਂ ਲੈਣ ਦੇ ਬਾਵਜੂਦ, ਉੱਥੋਂ ਦੀਆਂ ਸਰਕਾਰਾਂ ਵੱਲੋਂ ਕੰਮ ਦੇ ਨਾਂ ' ਤੇ ਵਿਦਿਆਰਥੀਆਂ ਨੂੰ ਹਫ਼ਤੇ ਵਿੱਚ ਕੁਝ ਸੀਮਤ ਘੰਟੇ (ਜਿਵੇਂ 20 ਘੰਟੇ) ਹੀ ਦਿੱਤੇ ਜਾਂਦੇ ਹਨ। ਇਸ ਮਹਿੰਗਾਈ ਦੇ ਦੌਰ ਵਿੱਚ ਇਨ੍ਹਾਂ ਸੀਮਤ ਘੰਟਿਆਂ ਦੀ ਕਮਾਈ ਨਾਲ ਬੱਚੇ ਆਪਣੇ ਕਮਰੇ ਦਾ ਕਿਰਾਇਆ, ਬੱਸ-ਟਰੇਨ ਦਾ ਪਾਸ ਅਤੇ ਰੋਜ਼ਾਨਾ ਦੇ ਖਾਣ-ਪੀਣ ਦਾ ਖ਼ਰਚਾ ਤੱਕ ਵੀ ਨਹੀਂ ਕੱਢ ਪਾਉਂਦੇ।ਵਿਦਿਆਰਥੀਆਂ 'ਤੇ ਸਖ਼ਤ ਸ਼ਿਕੰਜਾ ਕੱਸਿਆ ਜਾਂਦਾ ਹੈ ਕਿ ਉਹ ਤੈਅ ਘੰਟਿਆਂ ਤੋਂ ਵਾਧੂ ਕੰਮ ਨਾ ਕਰ ਸਕਣ। ਜੇਕਰ ਕੋਈ ਕਰਦਾ ਫੜਿਆ ਜਾਵੇ ਤਾਂ ਦੇਸ਼ ਨਿਕਾਲੇ ਦਾ ਡਰ ਦਿਖਾਇਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਫੀਸਾਂ ਦਾ ਜੁਗਾੜ ਕਰਨ ਲਈ ਬੱਚਿਆਂ ਨੂੰ ਮਜਬੂਰਨ ਲੁਕ-ਛਿਪ ਕੇ, ਰਾਤ-ਬਰਾਤੇ ਬਹੁਤ ਘੱਟ ਉਜਰਤ ਵਿੱਚ ਕੰਮ ਕਰਨਾ ਪੈਂਦਾ ਹੈ, ਜਿੱਥੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਹੁੰਦਾ ਹੈ।

ਇਸ ਸਾਰੇ ਦੁਖਾਂਤ ਦਾ ਸਭ ਤੋਂ ਸ਼ਰਮਨਾਕ ਪੱਖ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਵਿਦੇਸ਼ਾਂ ਵਿੱਚ ਬੈਠੇ ਸਾਡੇ ਆਪਣੇ ਹੀ ਲੋਕ (ਭਾਰਤੀ/ਪੰਜਾਬੀ ਮਾਲਕ) ਇਨ੍ਹਾਂ ਬੱਚਿਆਂ ਦੀ ਮਜਬੂਰੀ ਦਾ ਨਾਜਾਇਜ਼ ਫਾਇਦਾ ਚੁੱਕਦੇਹਨ।ਬਹੁਤ ਵਾਰ ਦੇਖਿਆ ਗਿਆ ਹੈ ਕਿ ਸਟੋਰਾਂ, ਰੈਸਟੋਰੈਂਟਾਂ ਜਾਂ ਕੰਸਟ੍ਰਕਸ਼ਨ (ਉਸਾਰੀ) ਦੇ ਕੰਮਾਂ ਵਿੱਚ ਇਹੀ ਭਾਰਤੀ ਲੋਕ ਵਿਦਿਆਰਥੀਆਂ ਤੋਂ ਰਾਤ-ਦਿਨ ਕੰਮ ਕਰਵਾ ਲੈਂਦੇ ਹਨ, ਪਰ ਜਦੋਂ ਪੈਸੇ ਦੇਣ ਦੀ ਵਾਰੀ ਆਉਂਦੀ ਹੈ, ਤਾਂ ਉਹ ਬੱਚਿਆਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਕੰਮ ਕਰਨ ਦਾ ਡਰ ਦਿਖਾ ਕੇ ਜਾਂ ਪੁਲਿਸ ਦੀ ਧਮਕੀ ਦੇ ਕੇ ਉਨ੍ਹਾਂ ਦੇ ਹਜ਼ਾਰਾਂ ਡਾਲਰ/ਪੌਂਡ ਦੱਬ ਲੈਂਦੇ ਹਨ।ਬੱਚੇ ਕਾਨੂੰਨੀ ਤੌਰ 'ਤੇ ਕਮਜ਼ੋਰ ਹੋਣ ਕਾਰਨ ਕਿਤੇ ਸ਼ਿਕਾਇਤ ਵੀ ਨਹੀਂ ਕਰ ਸਕਦੇ। ਇਹ 'ਆਪਣਿਆਂ ਹੱਥੋਂ ਆਪਣਿਆਂ ਦੀ ਲੁੱਟ' ਇਸ ਗੋਰਖ ਧੰਦੇ ਦਾ ਸਭ ਤੋਂ ਕੌੜਾ ਸੱਚ ਹੈ।

ਜ਼ਿਆਦਾਤਰ ਭਾਰਤੀਆਂ ਵੱਲੋਂ ਵਿਦੇਸ਼ ਵਿੱਚ ਜਾ ਕੇ ਆਪਣੇ ਛੋਟੇ ਛੋਟੇ ਕਮਰੇ ਵਿਦਿਆਰਥੀਆਂ ਨੂੰ ਮੂੰਹੋਂ ਮੰਗੇ ਕਿਰਾਏ 'ਤੇ ਦੇਣ ਦਾ ਗੋਰਖ ਧੰਦਾ ਵੀ ਧੜੱਲੇ ਨਾਲ ਕੀਤਾ ਜਾ ਰਿਹਾ ਹੈ। ਜਿੱਥੇ ਇੱਕ ਵਿਦਿਆਰਥੀ ਤੋਂ ਇੱਕ ਮਹੀਨੇ ਦਾ 60 /70 ਹਜ਼ਾਰ ਕਿਰਾਇਆ ਵਸੂਲਿਆ ਜਾਂਦਾ ਹੈ।

ਸਮੇਂ ਦੇ ਨਾਲ ਪੰਜਾਬ ਦੇ ਲੋਕਾਂ ਅੰਦਰ ਇੱਕ ਅਜਿਹੀ ਖ਼ਤਰਨਾਕ 'ਭੇਡ ਚਾਲ' ਸ਼ੁਰੂ ਹੋ ਗਈ, ਜਿਸ ਨੇ ਪੂਰੇ ਸਮਾਜਿਕ ਤਾਣੇ-ਬਾਣੇ ਨੂੰ ਤਬਾਹ ਕਰ ਦਿੱਤਾ। ਅੱਜ ਸਾਡੇ ਸਮਾਜ ਦੀ ਮਾਨਸਿਕਤਾ ਇਹ ਬਣ ਚੁੱਕੀ ਹੈ ਕਿ 'ਜਿਹੜਾ ਨੌਜਵਾਨ ਬਾਹਰ (ਵਿਦੇਸ਼) ਜਾ ਕੇ ਕਮਾਈ ਨਹੀਂ ਕਰ ਸਕਿਆ, ਉਸ ਦਾ ਦੁਨੀਆ 'ਤੇ ਆਉਣਾ ਹੀ ਬੇਕਾਰ ਸਮਝਿਆ ਜਾਂਦਾ ਹੈ। ਇਸੇ ਹਉਮੈ, ਦਿਖਾਵੇ ਅਤੇ ਮੁਕਾਬਲੇਬਾਜ਼ੀ ਦੀ ਭੇਡ ਚਾਲ ਨੇ ਪੰਜਾਬ ਦੇ ਘਰਾਂ ਦੇ ਘਰ ਅਤੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਹਨ।

ਵਿਦੇਸ਼ਾਂ ਤੋਂ ਆਉਂਦੇ ਪੈਸੇ ਕਾਰਨ ਪੰਜਾਬ ਦੀ ਮਾਲੀ ਹਾਲਤ ਉੱਪਰੋਂ ਦੇਖਣ ਨੂੰ ਬੇਸ਼ੱਕ ਖਰੀ ਅਤੇ ਚਮਕਦਾਰ ਲੱਗਣ ਲੱਗੀ ਹੈ। ਪਿੰਡਾਂ ਵਿੱਚ ਵੱਡੀਆਂ-ਵੱਡੀਆਂ ਕੋਠੀਆਂ, ਮਾਰਬਲ ਅਤੇ ਲਗਜ਼ਰੀ ਗੱਡੀਆਂ ਆ ਗਈਆਂ, ਪਰ ਅੰਦਰੂਨੀ ਤੌਰ 'ਤੇ ਪੰਜਾਬ ਬਿਲਕੁਲ ਖੋਖਲਾ ਹੁੰਦਾ ਗਿਆ। ਪੰਜਾਬ ਨੇ ਆਪਣਾ ਅਸਲ ਸਰਮਾਇਆ-ਆਪਣੀ ਨੌਜਵਾਨੀ, ਆਪਣਾ ਬੁੱਧੀਜੀਵੀ ਵਰਗ ਅਤੇ ਹੁਨਰ ਹਮੇਸ਼ਾਂ ਲਈ ਗੁਆ ਦਿੱਤਾ।

ਜਿਹੜੇ ਪੰਜਾਬੀ ਕਿਸੇ ਵੇਲੇ ਅਣਖ ਨਾਲ ਕਿਹਾ ਕਰਦੇ ਸਨ, 'ਕੰਧ ਓਹਲੇ ਪਰਦੇਸ' (ਯਾਨੀ ਘਰ ਦੀ ਕੰਧ ਤੋਂ ਪਰ੍ਹੇ ਜਾਣਾ ਵੀ ਪਰਦੇਸ ਵਰਗਾ ਦੁੱਖ ਹੈ), ਅੱਜ ਉਹੀ ਪੰਜਾਬੀ ਮਾਪੇ ਆਪਣੇ ਲਾਡਲੇ, ਇਕੱਲੇ-ਇਕੱਲੇ ਪੁੱਤਾਂ-ਧੀਆਂ ਨੂੰ ਵੀ ਹੱਸ ਕੇ ਵਿਦੇਸ਼ ਭੇਜਣ ਦੀ ਹੋੜ ਵਿੱਚ ਲੱਗੇ ਹੋਏ ਹਨ। ਪਿੱਛੇ ਘਰਾਂ ਵਿੱਚ ਸਿਰਫ਼ ਬਜ਼ੁਰਗ ਇਕੱਲੇ ਰਹਿ ਗਏ ਹਨ।

ਜਿਨ੍ਹਾਂ ਪੰਜਾਬੀਆਂ ਦੇ ਪੁਰਖਿਆਂ ਨੇ ਜ਼ਮੀਨ ਨੂੰ 'ਮਾਂ' ਮੰਨਿਆ, ਖ਼ੂਨ-ਪਸੀਨਾ ਵਹਾਇਆ ਅਤੇ ਅਣਖ ਨਾਲ ਖੇਤੀ ਕੀਤੀ, ਅੱਜ ਉਨ੍ਹਾਂ ਨੇ ਹੀ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲਈ ਏਜੰਟਾਂ ਦੇ ਮੂੰਹ ਵਿੱਚ ਲੱਖਾਂ ਰੁਪਏ ਪਾਉਣ ਵਾਸਤੇ ਜ਼ਮੀਨ ਵੇਚਣੀ ਸਭ ਤੋਂ ਪਹਿਲਾਂ ਕਬੂਲੀ ਹੈ। ਆਪਣੀਆਂ ਉਪਜਾਊ ਜ਼ਮੀਨਾਂ ਜੋ ਕਰੋੜਾਂ ਰੁਪਏ ਦੀਆਂ ਸਨ, ਉਨ੍ਹਾਂ ਨੂੰ ਵੇਚ ਕੇ ਨੌਜਵਾਨ ਬਾਹਰ ਜਾ ਕੇ ਦੂਜੇ ਮੁਲਕਾਂ ਵਿੱਚ ਦਿਹਾੜੀਆਂ, ਪੈਟਰੋਲ ਪੰਪਾਂ, ਫੈਕਟਰੀਆਂ ਜਾਂ ਸਟੋਰਾਂ 'ਤੇ ਨੌਕਰੀ ਕਰਨ ਨੂੰ ਵਡਿਆਈ ਸਮਝ ਰਹੇ ਹਨ। ਪੰਜਾਬ ਦੇ ਇਸ ਵਰਗ ਦਾ ਇਹ ਫ਼ੈਸਲਾ ਨੌਜਵਾਨੀ ਦੇ ਪਲਾਇਨ (ਹਿਜਰਤ) ਦਾ ਸਭ ਤੋਂ ਵੱਡਾ ਕਾਰਨ ਬਣਿਆ। **(ਬਾਕੀ ਸਫ਼ਾ 27 'ਤੇ)**

# ਪੰਜਾਬੀਆਂ ਦਾ ਪਰਵਾਸ ਦੇ ਅਰਥ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ



ਆਮ ਬੋਲਚਾਲ ਦੀ ਭਾਸ਼ਾ ਵਿਚ ਜੇ 'ਪਰਵਾਸ' ਸ਼ਬਦ ਦੇ ਅਰਥ ਸਮਝੇ ਜਾਣ ਤਾਂ ਉਹ ਹਨ 'ਪਰਾਈ ਥਾਂ 'ਤੇ ਜਾ ਕੇ ਵਾਸ ਕਰਨਾ' ਭਾਵ ਉਹ ਥਾਂ ਜੋ ਸਾਡੇ ਜਨਮ, ਸਾਡੀ ਭਾਸ਼ਾ ਜਾਂ ਸਾਡੇ ਸੱਭਿਆਚਾਰ ਦੇ ਪੱਖ ਤੋਂ ਸਾਡੀ 'ਆਪਣੀ' ਨਹੀਂ ਹੈ। ਸੋ ਜਦੋਂ ਅਸੀਂ ਆਪਣੇ ਖਿੱਤੇ, ਆਪਣੀ ਬੋਲੀ ਤੇ ਆਪਣੇ ਲੋਕਾਂ ਨੂੰ ਛੱਡ ਕੇ ਪਰਾਏ ਖਿੱਤੇ, ਪਰਾਈ ਬੋਲੀ ਤੇ ਪਰਾਏ ਲੋਕਾਂ 'ਚ ਜਾ ਕੇ ਵੱਸਦੇ ਹਾਂ ਤਾਂ ਉਸ ਨੂੰ 'ਪਰਵਾਸ' ਕਿਹਾ ਜਾਂਦਾ ਹੈ।

ਦਰਅਸਲ ਪਰਵਾਸ ਕਦੇ ਵੀ ਕਿਸੇ ਲਈ ਬਹੁਤ ਸੁਖਾਵਾਂ ਨਹੀਂ ਹੁੰਦਾ। ਦੇਸ਼ ਛੱਡ ਕੇ ਪਰਵਾਸੀ ਹੋਣ ਵਾਲੇ ਬੱਚੇ, ਨੌਜਵਾਨ ਤੇ ਬਜ਼ੁਰਗ ਸਾਰੀ ਉਮਰ ਆਪਣੇ ਪਿੱਛੇ ਰਹਿ ਗਏ ਪਿੰਡ, ਸ਼ਹਿਰ ਜਾਂ ਪਰਿਵਾਰਕ ਮੈਂਬਰਾਂ ਨੂੰ ਯਾਦ ਕਰਦੇ ਰਹਿੰਦੇ ਹਨ ਤੇ ਇਧਰ ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਕ ਮੈਂਬਰ ਉਨ੍ਹਾਂ ਪਰਵਾਸੀਆਂ ਦੀ ਗਲਵੱਕੜੀ ਦਾ ਨਿੱਘ ਮਾਣਨ ਲਈ ਸਦਾ ਹੀ ਉਤਾਵਲੇ ਰਹਿੰਦੇ ਹਨ। ਆਧੁਨਿਕ ਤਕਨਾਲੋਜੀ ਦੀ ਮਦਦ ਨਾਲ ਅੱਜ ਬੇਸ਼ੱਕ ਵਿਦੇਸ਼ 'ਚ ਬੈਠੇ ਸਾਡੇ ਆਪਣਿਆਂ ਨਾਲ ਸਾਡਾ ਗੱਲ ਕਰਨਾ ਜਾਂ ਉਨ੍ਹਾਂ ਨੂੰ ਵੀਡੀਓ ਕਾਲ ਰਾਹੀਂ ਵੇਖਣਾ ਬੇਸ਼ੱਕ ਸੁਖਾਲਾ ਹੋ ਗਿਆ ਹੋਵੇ ਪਰ ਕੌੜਾ ਸੱਚ ਇਹੋ ਹੈ ਕਿ ਜਨਮ ਦਿਨ 'ਤੇ ਆਪਣੇ ਬਾਪ ਹੱਥੋਂ ਕੇਕ ਦਾ ਇਕ ਟੁਕੜਾ ਮੂੰਹ 'ਚ ਪਾਉਣ ਦੀ ਖ਼ਾਹਿਸ਼ ਜਾਂ ਵਿਦੇਸ਼ ਵਿਚ ਕੋਈ ਦੁੱਖ ਜਾਂ ਪ੍ਰੇਸ਼ਾਨੀ ਆਉਣ 'ਤੇ ਭਾਰਤ ਵਿੱਚ ਬੈਠੀ ਆਪਣੀ ਮਾਂ ਦੇ ਮੋਢੇ ਨਾਲ ਲੱਗ ਕੇ ਹੰਝੂ ਸੁੱਟਣ 'ਤੇ ਹਾਸਿਲ ਹੋਣ ਵਾਲੀ ਤਸੱਲੀ ਆਧੁਨਿਕ ਤਕਨੀਕ ਰਾਹੀਂ ਨਾ ਤਾਂ ਕਦੇ ਪ੍ਰਾਪਤ ਹੋ ਸਕੀ ਹੈ ਤੇ ਨਾ ਹੀ ਕਦੇ ਹੋ ਸਕੇਗੀ।

ਇਹ ਗੱਲ ਸੌਲ੍ਹਾ ਆਨੇ ਸੱਚ ਹੈ ਕਿ ਪਹਿਲੇ ਸਮਿਆਂ ਵਿਚ ਪਰਵਾਸ ਹੰਢਾਉਣ ਵਾਲੇ ਵਧੇਰੇ ਭਾਰਤੀਆਂ ਦਾ ਮੁੱਖ ਮੰਤਵ ਆਰਥਿਕਤਾ ਸੀ, ਜਦੋਂਕਿ ਉਨ੍ਹਾਂ ਵੇਲਿਆਂ ਵਿਚ ਬਹੁਤ ਸਾਰੇ ਭਾਰਤੀ ਮੂਲ ਦੇ ਵਿਅਕਤੀ ਉਚੇਰੀ ਪੜ੍ਹਾਈ ਲਈ ਵੀ ਵਿਦੇਸ਼ ਗਏ ਸਨ। ਸਾਡੇ ਕਈ ਦੇਸ਼ ਭਗਤ, ਵਿਗਿਆਨੀ, ਡਾਕਟਰ, ਇੰਜੀਨੀਅਰ, ਕਾਨੂੰਨਦਾਨ ਤੇ ਸੁਤੰਤਰਤਾ ਸੰਗ੍ਰਾਮੀ ਵੱਖ-ਵੱਖ ਸਮਿਆਂ ਦੌਰਾਨ ਵਿਦੇਸ਼ਾਂ ਵਿਚ ਗਏ ਸਨ ਪਰ ਉਨ੍ਹਾਂ ਵਿੱਚੋਂ ਬਹੁਤੇ ਵਾਪਸ ਆ ਗਏ ਸਨ ਤੇ ਆਪਣੇ ਮੁਲਕ ਤੇ ਆਪਣੇ ਲੋਕਾਂ ਦਰਮਿਆਨ ਹੀ ਸਰਗਰਮ ਰਹੇ ਸਨ। ਆਪਣੀ ਆਰਥਿਕ ਸਥਿਤੀ ਸੁਧਾਰਨ ਲਈ ਪਰਵਾਸ ਹੰਢਾਉਣ ਵਾਲੇ ਪਹਿਲੇ ਸਮਿਆਂ ਦੇ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਹੱਡ-ਭੰਨਵੀਂ ਮਿਹਨਤ ਕੀਤੀ ਸੀ ਤੇ ਉਥੋਂ ਡਾਲਰ, ਪੌਂਡ ਤੇ ਦਿਨਾਰ ਜਾਂ ਦਰਾਮ ਕਮਾ ਕੇ ਪਿੱਛੇ ਭਾਰਤ ਅੰਦਰ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਭੇਜੇ ਸਨ, ਜਿਸ ਕਰਕੇ ਉਸ ਪੈਸੇ ਨੇ ਇਥੇ ਉਨ੍ਹਾਂ ਦੀ ਮਾਤਭੂਮੀ ਦੇ ਵਿਕਾਸ 'ਚ ਯੋਗਦਾਨ ਪਾਇਆ ਸੀ। ਪੰਜਾਬ 'ਚੋਂ ਪਰਵਾਸ ਕਰਨ ਵਾਲੇ ਜ਼ਿਆਦਾਤਰ ਪੰਜਾਬੀਆਂ ਨੇ ਜੋ ਪੈਸਾ ਕਮਾ ਕੇ ਪਿੱਛੇ ਭੇਜਿਆ ਸੀ, ਉਸ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਹੋਰ ਜ਼ਮੀਨਾਂ ਖ਼ਰੀਦੀਆਂ, ਖੇਤੀ ਦੇ ਆਧੁਨਿਕ ਸੰਦ ਖ਼ਰੀਦੇ, ਇੱਥੇ ਸਨਅਤਾਂ ਲਗਾਈਆਂ, ਕੋਈ ਵਪਾਰ-ਕਾਰੋਬਾਰ ਸ਼ੁਰੂ ਕੀਤਾ ਅਤੇ ਆਪਣੇ ਪਿੰਡ ਦੇ ਸਕੂਲ, ਹਸਪਤਾਲ ਜਾਂ ਧਾਰਮਿਕ ਅਸਥਾਨਾਂ ਦੀ ਦਸ਼ਾ ਸੁਧਾਰੀ ਸੀ। ਇਸ ਤਰ੍ਹਾਂ ਪਰਵਾਸੀ ਭਾਰਤੀਆਂ ਜਾਂ ਪੰਜਾਬੀਆਂ ਵੱਲੋਂ ਭੇਜੇ ਪੈਸੇ ਨੇ ਇਸ ਸੂਬੇ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਸੀ। ਵਿਦੇਸ਼ਾਂ ਤੋਂ ਤਾਲੀਮ ਤੇ ਤਜਰਬਾ ਹਾਸਿਲ ਕਰ ਕੇ ਮੁਲਕ ਪਰਤੇ ਭਾਰਤੀਆਂ ਤੇ ਪੰਜਾਬੀਆਂ ਨੇ ਆਪਣੇ ਸਬੰਧਿਤ ਖਿੱਤਿਆਂ ਤੇ ਕਾਰਜ ਖੇਤਰਾਂ ਦੀ ਨੁਹਾਰ ਬਦਲੀ ਸੀ।

ਇਸ ਅਤਿਅੰਤ 'ਉਤਸ਼ਾਹ ਤੇ ਤਰੱਕੀ ਵਧਾਊ ਅਤੀਤ' ਵਿਚਲੇ ਪਰਵਾਸ ਨੇ ਜਦੋਂ ਕਰਵਟ ਬਦਲੀ ਤਾਂ ਇਸ ਦਾ ਜੋ ਰੂਪ ਸਾਡੇ ਸਾਹਮਣੇ ਆਇਆ, ਉਹ ਵਰਤਮਾਨ ਰੂਪ ਹੈ ਤੇ ਇਹ ਰੂਪ ਬੜਾ ਹੀ 'ਕਰੂਰ' ਤੇ 'ਕਰੂਪ' ਹੈ। ਵਰਤਮਾਨ ਸਮੇਂ ਅੰਦਰ ਪਰਵਾਸ ਹੰਢਾਉਣ ਵਾਲੇ ਭਾਰਤੀਆਂ ਤੇ ਪੰਜਾਬੀਆਂ ਨੇ ਹੁਣ ਪੰਜਾਬ ਵਿਚ ਰਹਿ ਗਏ ਆਪਣੇ ਪਰਿਵਾਰਕ ਮੈਂਬਰਾਂ ਨੂੰ ਪੈਸੇ ਭੇਜ ਕੇ ਹੋਰ ਜ਼ਮੀਨਾਂ ਖ਼ਰੀਦਣ ਦੀ ਥਾਂ ਰਹਿ ਗਈਆਂ ਜ਼ਮੀਨਾਂ ਵੀ ਵੇਚ ਕੇ ਵਿਦੇਸ਼ ਸੱਦ ਲੈਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਅਜੋਕੇ ਨੌਜਵਾਨ ਹੁਣ ਆਪਣੀ ਜ਼ਮੀਨ, ਘਰ ਤੇ ਸਭ ਕੁਝ ਵੇਚਣ ਤੋਂ ਇਲਾਵਾ ਕਰਜ਼ੇ ਦੀਆਂ ਪੰਡਾਂ ਚੁੱਕ ਕੇ ਵੀ ਵਿਦੇਸ਼ ਜਾਣ ਦਾ 'ਜੂਆ' ਖੇਡ ਰਹੇ ਹਨ। ਹੱਦ ਤਾਂ ਇੱਥੋਂ ਤੱਕ ਵੀ ਹੋ ਗਈ ਹੈ ਕਿ 60-70 ਲੱਖ ਰੁਪਏ ਲਗਾ ਕੇ ਵੀ ਜਾਨਲੇਵਾ 'ਡੰਕੀ' ਰੂਟ ਰਾਹੀਂ ਵਿਦੇਸ਼ ਜਾਣ ਲਈ ਸਾਡੇ ਨੌਜਵਾਨ ਤਰਲੋਮੱਛੀ ਹੋ ਰਹੇ ਹਨ। ਅਜੋਕੇ ਪਰਵਾਸ ਦਾ ਦੁੱਖਦਾਇਕ ਪਹਿਲੂ ਇਹ ਹੈ ਕਿ ਡੰਕੀ ਰੂਟ ਰਾਹੀਂ ਜਾਣ ਵਾਲੇ ਨੌਜਵਾਨਾਂ ਵਿੱਚੋਂ ਬਹੁਤਿਆਂ ਦੀਆਂ ਤਾਂ ਲਾਸ਼ਾਂ ਵੀ ਵਾਪਸ ਨਹੀਂ ਆ ਰਹੀਆਂ ਤੇ ਵਿਦੇਸ਼ ਦੀ ਧਰਤੀ 'ਤੇ ਕਦਮ ਰੱਖਣ ਵਿਚ ਸਫਲ ਹੋ ਜਾਣ ਵਾਲਿਆਂ ਦੀ ਉਥੋਂ ਦੀ ਪੁਲਿਸ ਵੱਲੋਂ ਗ੍ਰਿਫ਼ਤਾਰੀ ਕੀਤੀ ਜਾ ਰਹੀ ਹੈ ਤੇ ਬੜੇ ਹੀ 'ਅਪਮਾਨਜਨਕ' ਢੰਗ ਨਾਲ ਡਿਪੋਰਟ ਕੀਤਾ ਜਾ ਰਿਹਾ ਹੈ। ਲੱਖਾਂ ਰੁਪਏ ਬਰਬਾਦ ਕਰ ਕੇ ਡਿਪੋਰਟ ਹੋਣ ਵਾਲੇ ਨੌਜਵਾਨਾਂ ਦੇ ਆਪਣੇ ਅਤੇ ਉਨ੍ਹਾਂ ਦੇ ਮਾਪਿਆਂ ਦੇ ਪੱਲੇ ਕੱਖ ਨਹੀਂ ਰਹਿ ਰਿਹਾ।

ਅਜੋਕੇ ਪੰਜਾਬੀ ਨੌਜਵਾਨਾਂ ਨੇ ਬਿਨਾਂ ਸੋਚੇ-ਸਮਝੇ ਹੀ ਪਰਵਾਸ ਦੇ ਲੜ ਲੱਗਣ ਦੇ ਚੱਕਰ ਵਿਚ ਆਪਣੇ ਪੁਰਖਿਆਂ ਵੱਲੋਂ ਦਿੱਤੀ ਗਈ 'ਕਿਰਤ ਕਰਨ' ਅਤੇ 'ਵੰਡ ਛਕਣ' ਦੀ ਦਾਤ ਨੂੰ ਵਿਸਾਰ ਦਿੱਤਾ ਹੈ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS


GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

23 ਜੁਲਾਈ ਨੂੰ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*ਸੰਨ 1663 ਈ. ਵਿੱਚ ਦਿੱਲੀ ਵਿਖੇ ਚੇਚਕ ਦੀ ਮਹਾਂਮਾਰੀ ਫ਼ੈਲ ਜਾਣ 'ਤੇ ਗੁਰੂ ਜੀ ਆਪ ਰੋਗੀਆਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖ਼ਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਸੇਵਾ ਵਿੱਚ ਗੁਰੂ ਜੀ ਨਾਲ ਆ ਜੁੜੀਆਂ। ਇਸ ਲਾਗ ਦੀ ਬਿਮਾਰੀ ਵਿੱਚ ਆਪ ਨੇ ਆਪਣੀ ਬਾਲ ਉਮਰ ਦੀ ਪ੍ਰਵਾਹ ਨਾ ਕੀਤੀ। ਆਖ਼ਰ ਗੁਰੂ ਜੀ ਖ਼ੁਦ ਵੀ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਸੰਗਤਾਂ ਨੂੰ ਰੱਬ ਦੇ ਭਾਣੇ ਵਿੱਚ ਸੇਵਾ ਜਾਰੀ ਰੱਖਣ ਦਾ ਉਪਦੇਸ਼ ਦੇ ਕੇ ਜੋਤੀ ਜੋਤ ਸਮਾ ਗਏ।*

*ਅਜੋਕੇ ਸਮੇਂ ਵੀ ਗੁਰੂ ਜੀ ਦੀ ਸੇਵਾ ਪ੍ਰਤੀ ਸਿੱਖਿਆ ਦੀ ਸੇਧ ਵਿੱਚ ਸਮੇਂ-ਸਮੇਂ ਆਉਂਦੀਆਂ ਆਫ਼ਤਾਂ ਵਿਚੋਂ ਨਵੰਬਰ 2019 ਨੂੰ ਕੋਵਿਡ -19 ਦੀ ਮਹਾਂਮਾਰੀ ਵਿੱਚ ਸਿੱਖ ਸੰਗਤਾਂ ਤੇ ਸੰਸਥਾਵਾਂ ਨੇ ਮਨੁੱਖਤਾ ਦੀ ਸੇਵਾ ਸੰਭਾਲ ਕਰਕੇ ਆਪਣੇ ਧਾਰਮਿਕ ਵਿਰਸੇ ਦੀ ਸੇਵਾ ਭਾਵਨਾ ਵਾਲੀ ਮਿਸਾਲ ਸੰਸਾਰ ਭਰ ਵਿੱਚ ਕਾਇਮ ਕੀਤੀ। ਜਦੋਂ ਸਮੇਂ ਦੀਆਂ ਸਰਕਾਰਾਂ ਮਨੁੱਖਤਾ ਦੇ ਰੋਗੀਆਂ ਦੀ ਸੰਭਾਲ ਕਰਨ ਤੋਂ ਅਸਮਰਥ ਹੋ ਗਈਆਂ, ਉਸ ਵੇਲੇ ਸਿੱਖ ਕੌਮ ਨੇ ਆਕਸੀਜਨ ਦਾ ਲੰਗਰ ਲਗਾ ਕੇ ਹਸਪਤਾਲਾਂ ਦੇ ਬਾਹਰ ਬੈਠੇ ਬੇਵਸ, ਮਜਬੂਰ ਅਤੇ ਵਿਸਾਰੇ ਬਿਮਾਰਾਂ ਵਾਸਤੇ ਆਕਸੀਜਨ ਦਾ ਪ੍ਰਬੰਧ ਕੀਤਾ। ਉਪਰੰਤ ਗੁਰਦੁਆਰਿਆਂ , ਸਿੱਖਾਂ ਦੀਆਂ ਨਿੱਜੀ ਸੰਪਤੀਆਂ ਵਿੱਚ ਬਿਮਾਰਾਂ ਨੂੰ ਰਿਹਾਇਸ਼ ਦੇ ਕੇ ਸੇਵਾ ਸੰਭਾਲ ਦਾ ਕੰਮ ਕੀਤਾ ਹੈ।*

ਜੀਵਨ ਜਾਂਚ ਦੇ ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਜੋ ਤਪਦੇ ਸੰਸਾਰ ਵਿੱਚ ਠੰਡ ਵਰਤਾਉਂਦਾ ਹੈ। ਮਨੁੱਖੀ ਮਨਾਂ ਨੂੰ ਸ਼ਾਂਤ ਕਰਦਾ ਹੈ। ਸਿੱਖ ਗੁਰੂ ਕਾਲ ਵਿੱਚ ਦਸ ਗੁਰੂਆਂ ਦੀ ਇੱਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿੱਚ ਦੀਨ ਦਯਾ ਹਿੱਤ ਬੀਰ ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਸਾਹਿਬ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਉਹਨਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ। ਆਪ ਜੀ ਦਾ ਆਗਮਨ ਸਾਵਣ ਵਦੀ 10 ਸੰਮਤ 1713 ਅਰਥਾਤ 7 ਜੁਲਾਈ 1656 ਨੂੰ ਸੀਸ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ 'ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿਥੇ ਜੁਲਮ ਨਾਲ ਜਬਰੀ ਲੋਕਾਂ ਨੂੰ ਇਸਲਾਮ ਵਿੱਚ ਲਿਆਉਣਾ ਚਾਹੁੰਦੀ ਸੀ, ਉਥੇ ਸਿੱਖ ਧਰਮ ਦੀ ਵੱਧਦੀ ਲੋਕਪ੍ਰਿਅਤ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਧਰਮ ਦੀ ਵੱਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਹੀ ਸਿੱਖ ਧਰਮ ਅਪਨਾਉਣ ਲੱਗੇ। ਮੁਗਲ ਬਾਦਸ਼ਾਹ ਔਰੰਗਜੇਬ ਬਹਾਨੇ ਨਾਲ ਸਿੱਖਾਂ ਦੀ ਤਾਕਤ ਨੂੰ ਪ੍ਰਖਣਾ ਚਾਹੁੰਦਾ ਸੀ। ਉਸਨੇ ਧਰਮ ਗਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੈ 'ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸੁਆਲ ਕੀਤਾ ਕਿ ਤੁਹਾਡੇ ਗਰੰਥ ਵਿੱਚ 'ਮਿੱਟੀ ਮੁਸਲਮਾਨ ਦੀ ਪੇੜੇ ਪਈ ਕੁਮਿਆਰ' ਸਿੱਧੀ ਇਸਲਾਮ ਦੀ ਹੱਤਕ ਨਹੀਂ ਹੈ? ਬਾਬਾ ਰਾਮ ਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਦੀ ਲਫ਼ਜ ਹੈ। ਬਾਣੀਕਾਰ ਵੱਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਪਤਾ ਲਗਿਆ ਕਿ ਗੁਰਬਾਣੀ ਦੀ ਤੁੱਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਹਨਾ ਨੇ ਆਪਣੇ ਦ੍ਰਿੜ ਇਰਾਦੇ ਨਾਲ ਫੈਸਲਾ ਕੀਤਾ ਕਿ ਬਾਬਾ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹਨ।

ਧਰਮ ਪ੍ਰਤੀ ਇਸ ਦ੍ਰਿੜਤਾ ਦੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਵੀ ਕਮੀ ਨਹੀਂ ਸੀ ਆਈ। ਬਾਬਾ ਰਾਮਰਾਇ ਜੀ ਨੇ ਆਪਣਾ ਹੱਕ ਗੁਰਗੱਦੀ 'ਤੇ ਬਨਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ, ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸ ਰਾਮ ਨੇ 150 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿੱਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਦੀਵਾਨ ਨੂੰ ਕਿਹਾ ਕਿ ਉਹ ਬਾਦਸ਼ਾਹ ਔਰੰਗਜੇਬ ਦੇ ਮੱਥੇ ਨਹੀਂ ਲੱਗਣਗੇ।

ਤਦ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਬੇਨਤੀ ਭੇਜੀ ਤਾਂ ਤੁਰੰਤ ਰਜ਼ਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਜੀ ਪੰਜਖੋਰਾ ਪਿੰਡ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫ਼ਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਤੁਸਬੀਂ ਮੇਰੇ ਨਾਲ ਸ਼ਾਸਤਰ ਹੱਥ ਕਰ ਲਓ। ਗੀਤਾ ਦੇ ਅਰਥ ਕਰਕੇ ਸੁਣਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰਥਾ ਅਰਥ ਕਰਨਾ ਹੀ ਨਹੀਂ ਸਗੋਂ ਜੀਵਨ ਨੂੰ ਸਾਵੀਂ ਪੱਧਰੀ ਰਾਹ 'ਤੇ ਤੋਰਨਾ ਹੈ। ਮਨੁੱਖ ਵਿਚੋਂ ਅਗਿਆਨਤਾ ਦਾ ਨਾਂਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖ਼ੁੱਲ ਹੈ ਤਾਂ ਜੋ ਧਾਰਮਿਕ ਰਾਜਨੀਤਿਕ , ਵਿਦਿਅਕ ਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ ਤੁਹਾਨੂੰ ਤੁਹਾਡਾ ਉੱਤਰ ਮਿਲ ਜਾਵੇਗਾ। ਪੰਡਤ ਲੰਗਰਾਂ ਦੀ ਜਲ ਦੀ ਸੇਵਾ ਕਰਦੇ ਛਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਿਤ ਨੇ ਜੋ ਵੀ ਪੁਛਿਆ ਛਜੂ ਨੇ ਉਸਦਾ ਉੱਤਰ ਦੇ ਦਿੱਤਾ, ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਤੇ ਗੁਣ ਗੁਣਾਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿੱਚ ਜਿਥੇ ਅੱਜ ਕਲ ਗੁਰਦੁਆਰਾ ਬੰਗਲਾ ਸਾਹਿਬ ਹੈ, ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜੇਬ ਨੇ ਵੀ ਦਰਸ਼ਨਾਂ ਦੀ ਇੱਛਾਂ ਪ੍ਰਗਟ ਕੀਤੀ ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ। ਰਾਜਾ ਜੈ ਸਿੰਘ ਦੀ ਰਾਣੀ ਤੌਖਲਾ ਹੋਇਟਾ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ? ਜੇਕਰ ਸਮਰਥ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਦੇ ਦਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿੱਚ ਮੈਂ ਕਿਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ ਡੋਲ ਵੇਖ ਕੇ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤਿ ਨੂੰ ਸਰੀਰ ਪਖੋਂ ਜਾਂ ਉਮਰ ਪਖੋਂ ਵੇਖ ਕੇ ਪ੍ਰਖਿਆ ਨਹੀਂ ਜਾ ਸਕਦਾ।

ਸੰਨ 1663 ਦੇ ਦੌਰਾਨ ਜਦੋਂ ਗੁਰੂ ਜੀ ਦਿੱਲੀ ਵਿਚ ਸਨ ਤਾਂ ਹੈਜਾ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿੱਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਿਰ ਗੁਰੂ ਜੀ ਵੀ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿੱਚ ਘਬਰਾਹਟ ਹੋ ਗਏਂ ਪਰ ਪਾਤਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦਸਿਆ । ਸੰਗਤਾਂ ਨੂੰ ਧੀਰਜ ਵਿੱਚ ਰਹਿਣ ਲਈ ਕਿਹਾ। ਆਪਣਾ ਸੱਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਸੁਣਾਇਆ ਕਿ ਅਗਲਾ ਗੁਰੂ ਬਾਬਾ ਬਕਾਲੇ ਭਾਵ ਸੀ। ਕਿ ਗੁਰੂ ਬਾਬਾ ਬਕਾਲਾ ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਿਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦੀ ਵਿਦਾਇਗੀ ਮੌਜੂਦਾ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਵਿਖੇ ਹੋਈ।

ਵਰਣਨਯੋਗ ਹੈ ਕਿ ਆਪ ਬਾਲ ਉਮਰੇ ਵੀ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਅ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤਿ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁੱਰਤਾ ਵਿੱਚ ਗੁਰਦੇਵ ਨੇ ਬੜੀ ਸਿਆਣਪ , ਦ੍ਰਿੜਤਾ ਅਤ ਨਿਰਭੈਤਾ ਨਾਲ ਜਿੰਮੇਵਾਰੀ ਨਿਭਾਈ। ਉਹਨਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰਾਂ ਜਾਰੀ ਰੱਖਿਆ। ਉਹਨਾਂ ਦੇ ਹੋਰ ਪਰਉਪਕਾਰਾਂ ਵਿੱਚ ਜਦ ਭਾਈ ਕਲਿਆਣ ਦੀ ਧਰਮਸ਼ਾਲਾ ਮਹੱਲਾ ਦਿਲਵਾਲੀ ਸਿੰਘਾਂ ਦਿੱਲੀ ਵਿਖੇ ਡੇਰੇ ਲਾਏ ਤਾਂ ਉਥੇ ਲੋਕ ਬੜੇ ਗਰੀਬ ਸਨ। ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿੱਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ । ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫ਼ਕੀਰ ਵੀ ਗੁਰਾਂ ਦੇ ਉਪਾਸਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਸਿੱਖ ਗੁਰੂਆਂ ਨੇ ਬੇਗਰਜ਼ ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ!
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ



# ਸਾਉਣ ਦਾ ਮਹੀਨਾ ਬਾਗਾਂ ’ਚ ਬੋਲਣ ਮੋਰ ਵੇ...

ਲਾਡੀ ਜਗਤਾਰ

ਇਹ ਲਾਇਨਾਂ ਕੇਵਲ ਸਾਉਣ ਦਾ ਤਰਜਮਾ ਹੀ ਨਹੀਂ ਕਰਦੀਆ, ਸਗੋਂ ਪੰਜਾਬੀ ਜੀਵਨ ਦੀਆਂ ਉਹ ਸਦਾਬਹਾਰ ਹਿੱਸਾ ਹਨ ਜੋ ਹਰ ਸਾਲ ਸਾਉਣ ਦੇ ਆਉਣ ਨਾਲ ਮੁੜ ਜੀਵਤ ਹੋ ਜਾਂਦੀਆਂ ਹਨ। ਜਦੋਂ ਜੇਠ ਅਤੇ ਹਾੜ੍ਹ ਦੇ ਤਪਾਏ ਧਰਤੀ, ਪਸ਼ੂ, ਰੁੱਖ, ਮਨੁੱਖ ਉਪਰ ਕਾਲੀਆਂ ਘਟਾਵਾਂ ਇਕੱਠੀਆਂ ਹੋ ਵਰਖਾ ਕਰਦੀਆਂ ਹਨ ਕੱਕੇ ਰੇਤੇ ’ਤੇ ਪਈਆਂ ਬੂੰਦਾਂ ਦੀ ਸੁਗੰਧ ਨਾਲ ਪੂਰਾ ਵਾਤਾਵਰਣ ਮਹਿਕ ਉੱਠਦਾ ਹੈ। ਸੁੱਕੀ ਪਈ ਕੁਦਰਤ ਮੁੜ ਹਰਿਆਲੀ ਨਾਲ ਭਰ ਜਾਂਦੀ ਹੈ, ਖੇਤਾਂ ਵਿੱਚ ਨਵੀਂ ਜਾਨ ਪੈ ਜਾਂਦੀ ਹੈ ਅਤੇ ਮਨੁੱਖ ਦੇ ਮਨ ਵਿੱਚ ਵੀ ਤਾਜ਼ਗੀ, ਉਮੀਦ ਅਤੇ ਖ਼ੁਸ਼ੀ ਦੀ ਨਵੀਂ ਲਹਿਰ ਦੌੜ ਪੈਂਦੀ ਹੈ। ਇਸ ਲਈ ਸਾਉਣ ਸਿਰਫ਼ ਇੱਕ ਮਹੀਨਾ ਨਹੀਂ, ਸਗੋਂ ਜੀਵਨ ਨੂੰ ਨਵਾਂ ਰੰਗ ਦੇਣ ਵਾਲੀ ਰੁੱਤ ਹੈ।

ਪੰਜਾਬੀ ਸੱਭਿਆਚਾਰ ਵਿੱਚ ਸਾਉਣ ਦਾ ਸਥਾਨ ਵਿਸ਼ੇਸ਼ ਹੈ। ਇਹ ਕੁਦਰਤ ਦੀ ਸੁੰਦਰਤਾ, ਪਿਆਰ ਦੀ ਮਿਠਾਸ, ਵਿਛੋੜੇ ਦੀ ਪੀੜ, ਖੇਤੀਬਾੜੀ ਦੀ ਰੁਝੇਵੇਂ, ਪਰਿਵਾਰਕ ਰਿਸ਼ਤਿਆਂ ਦਾ ਨਿੱਘ ਅਤੇ ਲੋਕ-ਸੱਭਿਆਚਾਰ ਦੀ ਰੌਣਕ ਨੂੰ ਇੱਕੋ ਸਮੇਂ ਆਪਣੇ ਅੰਦਰ ਸਮੇਟ ਲੈਂਦਾ ਹੈ। ਇਸੇ ਕਰਕੇ ਪੰਜਾਬੀ ਲੋਕ-ਗੀਤਾਂ, ਕਵਿਤਾਵਾਂ, ਗੁਰਬਾਣੀ, ਲੋਕ-ਕਥਾਵਾਂ ਅਤੇ ਕਹਾਵਤਾਂ ਵਿੱਚ ਸਾਉਣ ਦੀ ਛਾਪ ਬੜੀ ਗਹਿਰੀ ਮਿਲਦੀ ਹੈ। ਹਰ ਯੁੱਗ ਦੇ ਕਵੀਆਂ, ਲੋਕ-ਗਾਇਕਾਂ ਅਤੇ ਸਾਹਿਤਕਾਰਾਂ ਨੇ ਇਸ ਮਹੀਨੇ ਨੂੰ ਆਪਣੇ ਅਨੁਭਵਾਂ ਅਤੇ ਭਾਵਨਾਵਾਂ ਰਾਹੀਂ ਅਮਰ ਕਰ ਦਿੱਤਾ ਹੈ।

ਅੰਗਰੇਜ਼ੀ ਕੈਲੰਡਰ ਮੁਤਾਬਕ ਇਹ ਲਗਭਗ ਪੰਦਰਾਂ ਕੁ ਜੁਲਾਈ ਤੋਂ ਲੈ ਪੰਦਰਾਂ ਅਗਸਤ ਤੱਕ ਰਹਿੰਦਾ ਹੈ। ਨਾਨਕਸ਼ਾਹੀ ਅਤੇ ਸੰਮਤ ਕੈਲੰਡਰ ਮੁਤਾਬਿਕ ਇਹ ਪੰਜਵਾਂ ਮਹੀਨਾ ਹੈ,ਭਾਵੇਂ ਮੌਨਸੂਨੀ ਹਵਾਵਾਂ ਦੀ ਆਮਦ ਹਾੜ੍ਹ ਦੇ ਅੰਤ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਪਰ ਪੰਜਾਬ ਵਿੱਚ ਭਰਪੂਰ ਵਰਖਾ ਦਾ ਅਸਲ ਤਜਰਬਾ ਸਾਉਣ ਦੌਰਾਨ ਹੀ ਹੁੰਦਾ ਹੈ। ਮਹਾਸਾਗਰ ਵੱਲੋਂ ਆਉਣ ਵਾਲੀਆਂ ਨਮੀ ਭਰੀਆਂ ਹਵਾਵਾਂ ਉੱਤਰੀ ਭਾਰਤ ਵਿੱਚ ਮੀਂਹ ਵਰਸਾਉਂਦੀਆਂ ਹਨ, ਜਿਸ ਨਾਲ ਸਿਰਫ਼ ਮੌਸਮ ਹੀ ਨਹੀਂ ਬਦਲਦਾ, ਸਗੋਂ ਲੋਕਾਂ ਦੀ ਜੀਵਨ-ਸ਼ੈਲੀ ਵੀ ਨਵੀਂ ਤਾਜ਼ਗੀ ਨਾਲ ਭਰ ਜਾਂਦੀ ਹੈ।

ਖੇਤੀ-ਪ੍ਰਧਾਨ ਸੂਬੇ ਲਈ ਸਾਉਣ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਝੋਨੇ ਦੀ ਫ਼ਸਲ ਦਾ ਭਵਿੱਖ ਇਸ ਮਹੀਨੇ ਪੈਣ ਵਾਲੇ ਮੀਂਹ ਉੱਤੇ ਕਾਫ਼ੀ ਹੱਦ ਤੱਕ ਨਿਰਭਰ ਕਰਦਾ ਹੈ। ਸਮੇਂ ਸਿਰ ਵਰਖਾ ਕਿਸਾਨ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੁੰਦੀ। ਪਾਣੀ ਨਾਲ ਭਰੇ ਖੇਤ, ਕੰਮ ਵਿੱਚ ਰੁੱਝੇ ਕਿਸਾਨ, ਮਿਹਨਤ ਤੋਂ ਬਾਅਦ ਚਿਹਰਿਆਂ ’ਤੇ ਦਿਖਾਈ ਦੇਣ ਵਾਲੀ ਸੰਤੁਸ਼ਟੀ ਇਹ ਸਭ ਸਾਉਣ ਦੀ ਜੀਵਤ ਤਸਵੀਰ ਪੇਸ਼ ਕਰਦੇ ਹਨ। ਪੰਜਾਬੀ ਲੋਕ-ਸਿਆਣਪ ਵੀ ਕਹਿੰਦੀ ਹੈ ਕਿ ਜੇ ਸਾਉਣ ਖੁੱਲ੍ਹ ਕੇ ਵਰ੍ਹੇ ਤਾਂ ਅੰਨ ਦੇ ਭੰਡਾਰ ਭਰ ਜਾਂਦੇ ਹਨ।

ਪਰ ਜਦੋਂ ਇਹ ਮਹੀਨਾ ਆਪਣੀ ਮੇਹਰਬਾਨੀ ਨਾ ਦਿਖਾਵੇ ਤਾਂ ਚਿੰਤਾ ਵੀ ਵਧ ਜਾਂਦੀ ਹੈ। ਅੱਜ ਭਾਵੇਂ ਨਹਿਰਾਂ ਅਤੇ ਟਿਊਬਵੈੱਲਾਂ ਨੇ ਸਿੰਚਾਈ ਦੇ ਸਾਧਨ ਵਧਾ ਦਿੱਤੇ ਹਨ, ਫਿਰ ਵੀ ਕੁਦਰਤੀ ਵਰਖਾ ਦਾ ਕੋਈ ਬਦਲ ਨਹੀਂ। ਮੀਂਹ ਧਰਤੀ ਹੇਠਲੇ ਪਾਣੀ ਨੂੰ ਮੁੜ ਭਰਦਾ ਹੈ, ਦਰਿਆਵਾਂ ਅਤੇ ਤਲਾਬਾਂ ਵਿੱਚ ਜਲ-ਭੰਡਾਰ ਵਧਾਉਂਦਾਹੈ ਅਤੇ ਵਾਤਾਵਰਣ ਦੇ ਸੰਤੁਲਨ ਨੂੰ ਬਣਾਈ ਰੱਖਦਾ ਹੈ। ਇਸ ਕਰਕੇ ਇਹ ਜੀਵਨ ਅਤੇ ਕੁਦਰਤ ਦੇ ਆਪਸੀ ਰਿਸ਼ਤੇ ਦਾ ਅਹਿਮ ਹਿੱਸਾ ਹੈ।

ਸਾਉਣ ਦੀ ਮਹਿਮਾ ਕੇਵਲ ਕੁਦਰਤ ਦੀ ਹਰਿਆਵਲ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਗੁਰਬਾਣੀ ਵਿੱਚ ਵੀ ਇਸ ਨੂੰ ਆਤਮਕ ਜਾਗਰੂਕਤਾ ਅਤੇ ਪ੍ਰਭੂ-ਮਿਲਾਪ ਦਾ ਪ੍ਰਤੀਕ ਮੰਨਿਆ ਗਿਆ ਹੈ। ਬਾਰਹਮਾਹਾ ਬਾਣੀ ਵਿੱਚ ਸਾਉਣ ਉਸ ਅਵਸਥਾ ਨੂੰ ਦਰਸਾਉਂਦਾ ਹੈ ਜਦੋਂ ਆਤਮਾ ਆਪਣੇ ਸੱਚੇ ਪਤੀ-ਪ੍ਰਭੂ ਨਾਲ ਮਿਲਾਪ ਦੀ ਤਾਂਘ ਵਿੱਚ ਰੰਗੀ ਹੋਈ ਹੁੰਦੀ ਹੈ।

ਮੋਰੀ ਰੁਣਝੁਣ ਲਾਇਆ, ਭੈਣੇ ਸਾਵਣੁ ਆਇਆ ॥

ਇਸ ਸਤਰ ਵਿੱਚ ਸਿਰਫ਼ ਬਾਹਰਲੀ ਵਰਖਾ ਨਹੀਂ, ਸਗੋਂ ਅੰਦਰਲੀ ਪ੍ਰੇਮ-ਵਰਖਾ ਦਾ ਵੀ ਸੰਕੇਤ ਹੈ। ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ—

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥

ਸ਼ਾਹ ਹੁਸੈਨ ਨੇ ਵੀ ਸਾਵਣ ਦੀ ਗੱਲ ਕੀਤੀ ਹੈ

ਰੋ ਰੋ ਨੈਨ ਭਰੇਨੀ ਹਾਂ
ਚੋਲਾ ਜਿਉਂ ਸਾਵਣਦੜੋ ਮੀਂਹ।

ਜੇ ਕੁਦਰਤ ਨੇ ਸਾਉਣ ਨੂੰ ਹਰਿਆਵਲ, ਠੰਢੀਆਂ ਫੁਹਾਰਾਂ ਅਤੇ ਮਿੱਟੀ ਦੀ ਮਹਿਕ ਨਾਲ ਸਜਾਇਆ ਹੈ ਤਾਂ ਪੰਜਾਬੀ ਲੋਕ-ਸੱਭਿਆਚਾਰ ਨੇ ਇਸ ਮਹੀਨੇ ਨੂੰ ਤੀਆਂ, ਪੀਂਘਾਂ, ਗਿੱਧੇ ਅਤੇ ਲੋਕ-ਗੀਤਾਂ ਦੀ ਰੌਣਕ ਨਾਲ ਅਮਰ ਕਰ ਦਿੱਤਾ ਹੈ। ਸਦੀਆਂ ਤੋਂ ਸਾਉਣ ਪੰਜਾਬ ਦੀਆਂ ਧੀਆਂ-ਭੈਣਾਂ ਲਈ ਸਭ ਤੋਂ ਵੱਧ ਇਥੇ ਧੀ ਦੇ ਮਾਪਿਆਂ ਨੂੰ ਮਿਲਣ ਦੀ ਤਾਂਘ ਹੈ।

ਪੇਕੇ ਤੋਂ ਨਾ ਕੋਈ ਲੈਣ ਆਵੇ ਤਾਂ ਤਾਹਨੇ ਮਿਹਣੇ ਬਣੇ ਨੇ

ਤੈਨੂੰ ਤੀਆਂ ਨੂੰ ਲੈਣ ਨਾ ਆਏ
ਬਹੁਤੀਆਂ ਭਰਾਵਾਂ ਵਾਲੀਏ।

ਪੰਜਾਬੀ ਲੋਕ-ਸਿਆਣਪ ਵਿੱਚ ਇਹ ਕਹਾਵਤ ਵੀ ਬਹੁਤ ਪ੍ਰਸਿੱਧ ਹੈ—

ਸਾਉਣ ਵੀਰ ਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਵੇ।

ਇਹ ਬੋਲੀ ਦੱਸਦੀ ਹੈ ਕਿ ਸਾਉਣ ਮਿਲਾਪ ਦਾ ਮਹੀਨਾ ਹੈ। ਇਸ ਵੇਲੇ ਪਰਿਵਾਰਾਂ ਵਿੱਚ ਰੌਣਕ ਵਧਦੀ ਹੈ, ਭੈਣ-ਭਰਾ ਮਿਲਦੇ ਹਨ ਅਤੇ ਰਿਸ਼ਤਿਆਂ ਵਿੱਚ ਨਵੀਂ ਮਿਠਾਸ ਘੁਲ ਜਾਂਦੀ ਹੈ। ਪਰ ਭਾਦੋਂ ਆਉਂਦੇ ਹੀ ਮੁੜ ਵਿਛੋੜੇ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ।

ਉਡੀਕਿਆ ਜਾਣ ਵਾਲਾ ਮਹੀਨਾ ਰਿਹਾ ਹੈ। ਜਿਵੇਂ ਹੀ ਕਾਲੀਆਂ ਘਟਾਵਾਂ ਅਸਮਾਨ ਉੱਤੇ ਛਾ ਜਾਂਦੀਆਂ, ਪਿੰਡਾਂ ਦੇ ਬੋਹੜਾਂ, ਪਿੱਪਲਾਂ, ਨਿੰਮਾਂ ਦੀਆਂ ਟਾਹਣੀਆਂ ਉੱਤੇ ਪੀਂਘਾਂ ਪੈ ਜਾਂਦੀਆਂ। ਹਵਾ ਦੇ ਨਾਲ ਝੂਲਦੀਆਂ ਪੀਂਘਾਂ ਅਤੇ ਉਨ੍ਹਾਂ ਉੱਤੇ ਝੂਟੇ ਲੈਂਦੀਆਂ ਮੁਟਿਆਰਾਂ ਸਾਉਣ ਦੀ ਸਭ ਤੋਂ ਸੋਹਣੀ ਤਸਵੀਰ ਬਣ ਜਾਂਦੀਆਂ ਸਨ।

ਇਸ ਰੁੱਤ ਵਿੱਚ ਕੁੜੀਆਂ ਰੰਗ-ਬਰੰਗੇ ਸੂਟ, ਪਰਾਂਦੇ, ਚੂੜੀਆਂ ਅਤੇ ਮਹਿੰਦੀ ਨਾਲ ਸਜ ਕੇ ਸਹੇਲੀਆਂ ਨਾਲ ਇਕੱਠੀਆਂ ਹੁੰਦੀਆਂ। ਉਹਨਾਂ ਦਾ ਤੀਆਂ ਵਿੱਚ ਪੈਂਦਾ ਗਿੱਧਾ ਕੇਵਲ ਮਨੋਰੰਜਨ ਹੀ ਨਹੀਂ ਸੀ, ਸਗੋਂ ਲੋਕ-ਜੀਵਨ ਦੀ ਉਹ ਖੁੱਲ੍ਹੀ ਪੇਸ਼ਕਾਰੀ ਹੁੰਦਾ ਸੀ ਜਿਸ ਵਿੱਚ ਇਸਤਰੀ ਆਪਣੇ ਮਨ ਦੀ ਹਰ ਭਾਵਨਾ ਨੂੰ ਬਿਨਾਂ ਝਿਜਕ ਪ੍ਰਗਟ ਕਰਦੀ ਸੀ।

ਇਸ ਦੀਆਂ ਬੋਲੀਆਂ ਵਿੱਚ ਪਿਆਰ ਵੀ ਹੈ, ਵਿਛੋੜਾ ਵੀ, ਹਾਸਾ ਵੀ ਅਤੇ ਸਮਾਜਕ ਵਿਅੰਗ ਵੀ ਹੁੰਦਾ ਸੀ। ਕਿਤੇ ਸੱਸ-ਨਣਦ ਨਾਲ ਹਾਸੇ-ਮਜ਼ਾਕ ਦੀਆਂ ਗੱਲਾਂ ਹਨ, ਕਿਤੇ ਪਤੀ ਲਈ ਪਿਆਰ ਹੈ ਅਤੇ ਕਿਤੇ ਪੇਕੇ ਘਰ ਦੀਆਂ ਯਾਦਾਂ ਦਾ ਦਰਦ। ਇਸੇ ਕਰਕੇ ਸਾਉਣ ਦੇ ਗਿੱਧੇ ਦੀ ਹਰ ਬੋਲੀ ਲੋਕ-ਜੀਵਨ ਦਾ ਇੱਕ ਜੀਵਤ ਦਸਤਾਵੇਜ਼ ਬਣ ਜਾਂਦੀ ਸੀ।

ਸਾਉਣ ਦੀ ਰੌਣਕ ਦਾ ਜ਼ਿਕਰ ਆਉਂਦੇ ਹੀ ਲੋਕ-ਗੀਤ ਆਪਣੇ ਆਪ ਬੁੱਲ੍ਹਾਂ ’ਤੇ ਆ ਜਾਂਦੇ ਹਨ—

ਸ਼ੌਕ ਨਾਲ ਗਿੱਧੇ ਵਿੱਚ ਆਵਾਂ,
ਬੋਲੀ ਪਾਵਾਂ, ਸ਼ਗਨ ਮਨਾਵਾਂ।
ਸਾਉਣ ਦਿਆ ਬੱਦਲਾ ਵੇ,
ਮੈਂ ਤੇਰਾ ਜਸ ਗਾਵਾਂ।

ਇਨ੍ਹਾਂ ਸਤਰਾਂ ਵਿੱਚ ਸਿਰਫ਼ ਖ਼ੁਸ਼ੀ ਦਾ ਪ੍ਰਗਟਾਵਾ ਹੀ ਨਹੀਂ, ਸਗੋਂ ਕੁਦਰਤ ਪ੍ਰਤੀ ਧੰਨਵਾਦ ਦੀ ਭਾਵਨਾ ਵੀ ਲੁਕੀ ਹੋਈ ਹੈ। ਪੰਜਾਬੀ ਮਨ ਮੀਂਹ ਨੂੰ ਜੀਵਨ ਦਾ ਆਧਾਰ ਮੰਨਦਾ ਹੈ, ਇਸ ਲਈ ਬੱਦਲਾਂ ਦੀ ਆਮਦ ਵੀ ਤਿਉਹਾਰ ਬਣ ਜਾਂਦੀ ਹੈ

ਇਸੇ ਤਰ੍ਹਾਂ –

ਛਮ ਛਮ ਛਮ ਛਮ ਪੈਣ ਫੁਹਾਰਾਂ,
ਬਿਜਲੀ ਦੇ ਰੰਗ ਨਿਆਰੇ।
ਆਓ ਕੁੜੀਓ ਗਿੱਧਾ ਪਾਈਏ,
ਸਾਨੂੰ ਸਾਉਣ ਸੈਨਤਾਂ ਮਾਰੇ।

ਵਿਆਹੀਆਂ ਧੀਆਂ ਲਈ ਸਾਉਣ ਦਾ ਸਭ ਤੋਂ ਵੱਡਾ ਚਾਅ ਆਪਣੇ ਪੇਕੇ ਘਰ ਆਉਣ ਦਾ ਹੁੰਦਾ ਸੀ। ਭਰਾ ਉਨ੍ਹਾਂ ਨੂੰ ਲੈਣ ਜਾਂਦੇ ਅਤੇ ਮਾਪੇ ਧੀ ਦੀ ਆਮਦ ਦੀ ਉਡੀਕ ਕਰਦੇ। ਇਹ ਰਸਮ ਕੇਵਲ ਮਿਲਣ-ਮਿਲਾਉਣ ਤੱਕ ਸੀਮਿਤ ਨਹੀਂ ਸੀ, ਸਗੋਂ ਪਰਿਵਾਰਕ ਪਿਆਰ ਅਤੇ ਆਪਣੇਪਣ ਦਾ ਪ੍ਰਤੀਕ ਸੀ। ਇਸ ਭਾਵਨਾ ਨੂੰ ਲੋਕ-ਗੀਤਾਂ ਨੇ ਬਹੁਤ ਹੀ ਮਰਮਿਕ ਢੰਗ ਨਾਲ ਬਿਆਨ ਕੀਤਾ ਏ—

ਚੰਦ ਚੜ੍ਹ ਗਿਆ ਤੀਆਂ ਦੇ ਦਿਨ ਨੇੜੇ,
ਭੇਜੀ ਮਾਏਂ ਵੱਡੇ ਵੀਰ ਨੂੰ।

ਇਸ ਤਰ੍ਹਾਂ ਜੇਕਰ ਕੋਈ ਮਾਹੀਆ ਜਲਦੀ ਵਾਪਸ ਲੈਣ ਆ ਜਾਵੇ ਤਾਂ ਕਿਹਾ ਜਾਂਦਾ ਹੈ

ਸਾਉਣ ਦਾ ਮਹੀਨਾ, ਬਾਗਾਂ ਵਿੱਚ ਬੋਲਣ ਮੋਰ ਵੇ,
ਅਸਾਂ ਨੀ ਸੌਹਰੇ ਜਾਣਾ,
ਗੱਡੀ ਨੂੰ ਖਾਲੀ ਮੋੜ ਵੇ।

ਸਾਉਣ ਅਤੇ ਪੀਂਘਾਂ ਦਾ ਰਿਸ਼ਤਾ ਵੀ ਬਹੁਤ ਪੁਰਾਣਾ ਹੈ। ਰੁੱਖਾਂ ਦੀਆਂ ਉੱਚੀਆਂ ਟਾਹਣੀਆਂ ਉੱਤੇ ਪਈਆਂ ਪੀਂਘਾਂ ਸਿਰਫ਼ ਝੂਲੇ ਨਹੀਂ ਹੁੰਦੀਆਂ ਸਨ, ਸਗੋਂ ਆਜ਼ਾਦੀ, ਖ਼ੁਸ਼ੀ ਅਤੇ ਉਮੰਗ ਦੀ ਪ੍ਰਤੀਕ ਬਣ ਜਾਂਦੀਆਂ ਸਨ। ਜਿਵੇਂ ਕਿਸੇ ਨੇ ਲਿਖਿਆ ਹੈ

ਸਾਵਣ ਚੜਿਆ ਤੀਆਂ ਆਈਆਂ
ਪਿੱਪਲਾਂ ਤੇ ਰਲ ਪੀਂਘਾਂ ਪਾਈਆਂ
’ਕੱਠੀਆਂ ਹੋ ਨਣਦਾਂ ਭਰਜਾਈਆਂ
ਇੱਕ-ਦੂਜੀ ਨੂੰ ਕਹਿੰਦੀ
ਨੀ ਆਜਾ ਭਾਬੀ ਝੂਟ ਲੈ ਪੀਂਘ ਹੁਲਾਰੇ ਲੈਂਦੀ।

ਇਨ੍ਹਾਂ ਬੋਲੀਆਂ ਵਿੱਚ ਇਸਤਰੀ ਮਨ ਦੀ ਨਿਰਮਲਤਾ, ਬਚਪਨ ਦੀ ਮਾਸੂਮੀਅਤ ਅਤੇ ਜੀਵਨ ਦੀ ਬੇਫ਼ਿਕਰੀ ਇੱਕੋ ਸਮੇਂ ਝਲਕਦੀ ਹੈ।

ਸਾਉਣ ਦੀਆਂ ਪਰੰਪਰਾਵਾਂ ਵਿੱਚ ਸੰਧਾਰਾ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਮਾਪੇ ਆਪਣੀ ਵਿਆਹੀ ਧੀ ਲਈ ਕੱਪੜੇ, ਚੂੜੀਆਂ, ਮਹਿੰਦੀ, ਬਿਸਕੁਟ ਮਿਠਾਈਆਂ, ਮੱਠੀਆਂ, ਪਿੰਨੀਆਂ ਅਤੇ ਹੋਰ ਸੌਗਾਤਾਂ ਭੇਜਦੇ ਸਨ। ਇਹ ਕੇਵਲ ਤੋਹਫ਼ੇ ਨਹੀਂ ਹੁੰਦੇ ਸਨ, ਸਗੋਂ ਇਹ ਸੰਦੇਸ਼ ਹੁੰਦਾ ਸੀ ਕਿ ਵਿਆਹ ਤੋਂ ਬਾਅਦ ਵੀ ਧੀ ਆਪਣੇ ਘਰ ਦੀ ਰੂਹ ਹੈ। ਸੰਧਾਰਾ ਪੰਜਾਬੀ ਪਰਿਵਾਰਕ ਰਿਸ਼ਤਿਆਂ ਵਿੱਚ ਪਿਆਰ, ਸਤਿਕਾਰ ਅਤੇ ਮਮਤਾ ਦਾ ਅਨੋਖਾ ਪ੍ਰਤੀਕ ਸੀ।

ਸਾਉਣ ਦਾ ਪ੍ਰਭਾਵ ਕੇਵਲ ਮਨੁੱਖਾਂ ਤੱਕ ਹੀ ਸੀਮਤ ਨਹੀਂ ਰਹਿੰਦਾ। ਮੀਂਹ ਨਾਲ ਚਰਾਗਾਹ ਹਰੇ-ਭਰੇ ਹੋ ਜਾਂਦੇ ਹਨ, ਪਸ਼ੂਆਂ ਲਈ ਚਾਰਾ ਵਧ ਜਾਂਦਾ ਹੈ ਅਤੇ ਇਸਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ—

ਸਾਉਣ ਮਹੀਨੇ ਘਾਹ ਹੋ ਚਲਿਆ,
ਰੱਜਣ ਮੱਝੀਆਂ ਗਾਈਂ।
ਗਿੱਧਿਆ ਪਿੰਡ ਵੜ ਵੇ,
ਲਾਮ ਲਾਮ ਨਾ ਜਾਈਂ।

ਇਸ ਬੋਲੀ ਵਿੱਚ ਖੇਤੀਬਾੜੀ, ਪਸ਼ੂ-ਧਨ ਅਤੇ ਪਿੰਡਾਂ ਦੇ ਜੀਵਨ ਦਾ ਸੁੰਦਰ ਮੇਲ ਮਿਲਦਾ ਹੈ।

ਸਾਉਣ ਮਿਲਣ ਅਤੇ ਵਿਛੋੜੇ ਦੋਵਾਂ ਦਾ ਮਹੀਨਾ ਵੀ ਹੈ। ਜਦੋਂ ਪ੍ਰੀਤਮ ਦੂਰ ਹੋਵੇ ਤਾਂ ਰਿਮਝਿਮ ਕਣੀਆਂ ਵੀ ਮਨ ਵਿੱਚ ਤੜਪ ਪੈਦਾ ਕਰ ਦਿੰਦੀ ਹੈ। ਇਸ ਭਾਵਨਾ ਨੂੰ ਲੋਕ-ਗੀਤਾਂ ਰਾਹੀਂ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ—

ਤੇਰੀ ਦੋ ਟਕਿਆਂ ਦੀ ਨੌਕਰੀ
ਵੇ ਮੇਰਾ ਲੱਖਾਂ ਦਾ ਸਾਵਣ ਜਾਵੇ।

ਸਾਉਣ ਦੀ ਪਛਾਣ ਕੇਵਲ ਹਰਿਆਲੀ, ਤੀਆਂ ਅਤੇ ਪੀਂਘਾਂ ਤੱਕ ਸੀਮਿਤ ਨਹੀਂ ਰਹਿੰਦੀ। ਇਹ ਮਹੀਨਾ ਪੰਜਾਬ ਦੇ ਪੇਂਡੂ ਜੀਵਨ ਦੀ ਪੂਰੀ ਜੀਵਨ-ਸ਼ੈਲੀ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ ਹੀ ਮੌਸਮ ਸੁਹਾਵਣਾ ਹੁੰਦਾ, ਘਰਾਂ ਦੇ ਰਸੋਈਘਰਾਂ ਵਿੱਚ ਵੀ ਇੱਕ ਵੱਖਰੀ ਹੀ ਰੌਣਕ ਦਿਖਾਈ ਦਿੰਦੀ ਸੀ। ਮੀਂਹ ਨਾਲ ਹਰਾ ਚਾਰਾ ਵਧਣ ਕਾਰਨ ਪਸ਼ੂਆਂ ਦਾ ਦੁੱਧ ਵੀ ਵਧ ਜਾਂਦਾ, ਜਿਸ ਕਰਕੇ ਘਰ-ਘਰ ਖੀਰ, ਮਾਲ੍ਹ ਪੂੜੇ, ਮੱਠੀਆਂ, ਗੁਲਗੁਲੇ, ਪਿੰਨੀਆਂ ਅਤੇ ਹੋਰ ਰਵਾਇਤੀ ਪਕਵਾਨ ਤਿਆਰ ਕੀਤੇ



ਜਾਂਦੇ। ਇਹ ਪਕਵਾਨ ਕੇਵਲ ਭੋਜਨ ਨਹੀਂ ਸਨ, ਸਗੋਂ ਪਰਿਵਾਰਕ ਸਾਂਝ, ਖ਼ੁਸ਼ਹਾਲੀ ਅਤੇ ਮਿਲ-ਬੈਠ ਕੇ ਜੀਵਨ ਦਾ ਆਨੰਦ ਮਾਣਨ ਦਾ ਪ੍ਰਤੀਕ ਸਨ।

ਇਸੇ ਲੋਕ-ਅਨੁਭਵ ਨੇ ਕਈ ਕਹਾਵਤਾਂ ਅਤੇ ਅਖਾਣਾਂ ਨੂੰ ਜਨਮ ਦਿੱਤਾ। ਲੋਕ ਅਕਸਰ ਹੱਸਦੇ-ਖੇਡਦੇ ਕਹਿੰਦੇ ਸਨ—

ਖੀਰਾਂ ਤੇ ਪੂੜੇ ਨੀ, ਸਾਉਣ ਦੀਆਂ ਝੜੀਆਂ ਨੀ।

ਇਸੇ ਤਰ੍ਹਾਂ ਇੱਕ ਹੋਰ ਪ੍ਰਸਿੱਧ ਅਖਾਣ ਹੈ—

ਸਾਵਣ ਨਾ ਖੀਰਾਂ ਖਾਧੀਆਂ,
ਤੂੰ ਕਿਉਂ ਜਨਮਿਓਂ ਅਪਰਾਧੀਆ।

ਇਨ੍ਹਾਂ ਅਖਾਣਾਂ ਵਿੱਚ ਲੋਕ-ਜੀਵਨ ਦੀ ਸਾਦਗੀ, ਹਾਸ-ਰਸ ਅਤੇ ਖੇਤੀ ਨਾਲ ਜੁੜੀ ਖ਼ੁਸ਼ਹਾਲੀ ਦਾ ਸੁੰਦਰ ਚਿੱਤਰ ਮਿਲਦਾ ਹੈ।

ਸਦੀਆਂ ਦੇ ਤਜਰਬੇ ਨੂੰ ਲੋਕਾਂ ਨੇ ਸਿਆਣਪ ਨਾਲ ਛੋਟੀਆਂ-ਛੋਟੀਆਂ ਕਹਾਵਤਾਂ ਵਿੱਚ ਸਮੇਟ ਦਿੱਤਾ। ਉਦਾਹਰਨ ਵਜੋਂ—

ਸਾਵਣ ਦੀ ਝੜੀ, ਨਾ ਕੋਠਾ ਛੱਡੇ ਨਾ ਕੜੀ।

ਇਹ ਕੱਚੇ ਘਰਾਂ ਦੀਆਂ ਸਮੱਸਿਆਂਵਾਂ ਨੂੰ ਦਰਸਾਉਂਦੀ ਸੀ।

ਇਸੇ ਤਰ੍ਹਾਂ ਸਾਵਣ ਵੱਸੇ ਨਿੱਤ ਨਿੱਤ, ਭਾਦੋਂ ਦੇ ਦਿਨ ਚਾਰ।

ਇਹ ਕਹਾਵਤ ਮੌਸਮ ਦੇ ਸੁਭਾਅ ਅਤੇ ਰੁੱਤਾਂ ਦੇ ਬਦਲਾਅ ਨੂੰ ਬਿਆਨ ਕਰਦੀ ਹੈ।

ਸਾਉਣ ਦਾ ਧਾਰਮਿਕ ਮਹੱਤਵ ਵੀ ਘੱਟ ਨਹੀਂ। ਭਾਰਤੀ ਪਰੰਪਰਾ ਵਿੱਚ ਇਸ ਮਹੀਨੇ ਨੂੰ ਭਗਤੀ, ਸੰਜਮ ਅਤੇ ਆਤਮ-ਚਿੰਤਨ ਦਾ ਸਮਾਂ ਮੰਨਿਆ ਗਿਆ ਹੈ। ਬਹੁਤ ਸਾਰੇ ਲੋਕ ਸਾਉਣ ਦੇ ਸੋਮਵਾਰਾਂ ਨੂੰ ਵਰਤ ਰੱਖਦੇ ਹਨ ਅਤੇ ਭਗਵਾਨ ਸ਼ਿਵ ਦੀ ਉਪਾਸਨਾ ਕਰਦੇ ਹਨ। ਇਸ ਕਰਕੇ ਸਾਉਣ ਲੋਕਾਂ ਨੂੰ ਆਤਮਾ ਪ੍ਰਮਾਤਮਾ ਨਾਲ ਜੋੜਦਾ ਹੈ।

ਸਿੱਖ ਪਰੰਪਰਾ ਵਿੱਚ ਵੀ ਸਾਉਣ ਨੂੰ ਡੂੰਘੇ ਰੂਹਾਨੀ ਅਰਥਾਂ ਨਾਲ ਦੇਖਿਆ ਗਿਆ ਹੈ। ਗੁਰਬਾਣੀ ਦੀ ਬਾਰਹਮਾਹਾ ਰਚਨਾ ਵਿੱਚ ਇਹ ਮਹੀਨਾ ਪ੍ਰਭੂ-ਪ੍ਰੇਮ, ਆਤਮਕ ਤੜਪ ਅਤੇ ਨਾਮ ਨਾਲ ਜੁੜਨ ਦੀ ਅਵਸਥਾ ਦਾ ਪ੍ਰਤੀਕ ਬਣ ਕੇ ਸਾਹਮਣੇ ਆਉਂਦਾ ਹੈ।

ਪੰਜਾਬੀ ਸਾਹਿਤ ਨੇ ਵੀ ਸਾਉਣ ਨੂੰ ਬੜੇ ਪਿਆਰ ਨਾਲ ਆਪਣੇ ਅੰਦਰ ਸਮੇਟਿਆ ਹੈ। ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੋਫੈਸਰ ਮੋਹਨ ਸਿੰਘ ਅਤੇ ਬਾਬੂ ਫ਼ਿਰੋਜ਼ਦੀਨ ਸ਼ਰਫ਼ ਅਤੇ ਹੋਰ ਅਨੇਕਾਂ ਸਾਹਿਤਕਾਰਾਂ ਨੇ ਇਸ ਨੂੰ ਪੰਜਾਬੀ ਲੋਕ-ਜੀਵਨ ਦੀ ਸਭ ਤੋਂ ਰੰਗੀਲੀ ਰੁੱਤ ਵਜੋਂ ਚਿਤਰਿਆ। ਇਸੇ ਕਾਰਨ ਪੰਜਾਬੀ ਕਵਿਤਾ ਅਤੇ ਲੋਕ-ਗੀਤਾਂ ਵਿੱਚ ਸਾਉਣ ਦਾ ਜ਼ਿਕਰ ਸਭ ਤੋਂ ਵੱਧ ਮਿਲਦਾ ਹੈ।

ਪਰ ਸਮੇਂ ਦੇ ਨਾਲ ਜੀਵਨ-ਸ਼ੈਲੀ ਵਿੱਚ ਵੱਡੇ ਬਦਲਾਅ ਆਏ ਹਨ। ਸ਼ਹਿਰੀਕਰਨ, ਛੋਟੇ ਪਰਿਵਾਰ, ਵਿਅਸਤ ਜੀਵਨ ਅਤੇ ਡਿਜ਼ੀਟਲ ਸੰਸਾਰ ਨੇ ਲੋਕ-ਪਰੰਪਰਾਵਾਂ ਦੇ ਰੂਪ ਨੂੰ ਕਾਫ਼ੀ ਬਦਲ ਦਿੱਤਾ ਹੈ। ਪਿੱਪਲਾਂ ਹੇਠ ਲੱਗਣ ਵਾਲੀਆਂ ਤੀਆਂ, ਪਿੰਡਾਂ ਦੀਆਂ ਪੀਂਘਾਂ ਹੁਣ ਬਹੁਤ ਘੱਟ ਦਿਖਾਈ ਦਿੰਦੀਆਂ ਹਨ। ਕਈ ਥਾਵਾਂ ’ਤੇ ਇਹ ਪਰੰਪਰਾਵਾਂ ਸਕੂਲਾਂ, ਕਾਲਜਾਂ ਅਤੇ ਸੱਭਿਆਚਾਰਕ ਸਮਾਗਮਾਂ ਤੱਕ ਹੀ ਸੀਮਿਤ ਰਹਿ ਗਈਆਂ ਹਨ। ਭਾਵੇਂ ਇਹ ਯਤਨ ਸ਼ਲਾਘਾਯੋਗ ਹਨ।

ਸਾਉਣ ਸਾਨੂੰ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਵੀ ਅਹਿਸਾਸ ਕਰਵਾਉਂਦਾਹੈ। ਜਲਵਾਯੂ ਪਰਿਵਰਤਨ, ਰੁੱਖਾਂ ਦੀ ਬੇਰਹਿਮੀ ਨਾਲ ਕਟਾਈ, ਧਰਤੀ ਹੇਠਲੇ ਪਾਣੀ ਦਾ ਲਗਾਤਾਰ ਘਟਦਾ ਪੱਧਰ ਅਤੇ ਪ੍ਰਦੂਸ਼ਣ ਕਾਰਨ ਮੌਨਸੂਨ ਦਾ ਕੁਦਰਤੀ ਸੰਤੁਲਨ ਪ੍ਰਭਾਵਿਤ ਹੋ ਰਿਹਾ ਹੈ। ਕਿਤੇ ਅਚਾਨਕ ਹੜ੍ਹ ਆ ਜਾਂਦੇ ਹਨ ਤੇ ਕਿਤੇ ਮੀਂਹ ਦੀ ਘਾਟ ਕਾਰਨ ਕਿਸਾਨਾਂ ਦੀਆਂ ਉਮੀਦਾਂ ਟੁੱਟ ਜਾਂਦੀਆਂ ਹਨ। ਇਹ ਹਾਲਾਤ ਸਪੱਸ਼ਟ ਕਰਦੇ ਹਨ ਕਿ ਕੁਦਰਤ ਨਾਲ ਅਸੰਤੁਲਿਤ ਵਰਤਾਓ ਦਾ ਨਤੀਜਾ ਆਖ਼ਰਕਾਰ ਮਨੁੱਖ ਨੂੰ ਹੀ ਭੁਗਤਣਾ ਪੈਂਦਾ ਹੈ।

ਇਸ ਲਈ ਸਾਉਣ ਦਾ ਅਸਲ ਜਸ਼ਨ ਸਿਰਫ਼ ਲੋਕ-ਗੀਤ ਗਾ ਕੇ ਨਹੀਂ, ਸਗੋਂ ਕੁਦਰਤ ਦੀ ਸੰਭਾਲ ਕਰਕੇ ਮਨਾਇਆ ਜਾਣਾ ਚਾਹੀਦਾ ਹੈ। ਜੇ ਹਰ ਪਰਿਵਾਰ ਇਸ ਮਹੀਨੇ ਇੱਕ ਰੁੱਖ ਲਗਾਉਣ, ਵਰਖਾ ਦੇ ਪਾਣੀ ਨੂੰ ਸੰਭਾਲਣ ਅਤੇ ਆਪਣੇ ਆਲੇ-ਦੁਆਲੇ ਦੀ ਹਰਿਆਵਲ ਦੀ ਰੱਖਿਆ ਕਰਨ ਦਾ ਸੰਕਲਪ ਲਵੇ, ਤਾਂ ਇਹ ਸਾਉਣ ਪ੍ਰਤੀ ਸਭ ਤੋਂ ਅਰਥਪੂਰਨ ਸ਼ਰਧਾਂਜਲੀ ਹੋਵੇਗੀ।

ਸਾਉਣ ਪੰਜਾਬ ਦੀ ਅਜਿਹੀ ਅਮੁੱਲੀ ਵਿਰਾਸਤ ਹੈ। ਇਹ ਸਿਰਫ਼ ਮੌਸਮ ਦਾ ਨਾਂ ਨਹੀਂ, ਸਗੋਂ ਕੁਦਰਤ, ਮਨੁੱਖ ਅਤੇ ਸੱਭਿਆਚਾਰ ਵਿਚਕਾਰ ਬਣੇ ਉਸ ਅਟੁੱਟ ਰਿਸ਼ਤੇ ਦਾ ਪ੍ਰਤੀਕ ਹੈ ਜਿਸ ਨੇ ਸਦੀਆਂ ਤੋਂ ਪੰਜਾਬ ਦੇ ਲੋਕ-ਜੀਵਨ ਨੂੰ ਰੰਗ, ਰੂਪ ਅਤੇ ਰੂਹ ਬਖ਼ਸ਼ੀ ਹੈ। ਜਦੋਂ ਵੀ ਮੀਂਹ ਦੀ ਪਹਿਲੀ ਬੂੰਦ ਧਰਤੀ ਨੂੰ ਛੂਹਦੀ ਹੈ ਤਾਂ ਸਿਰਫ਼ ਮਿੱਟੀ ਹੀ ਨਹੀਂ ਮਹਿਕਦੀ, ਸਗੋਂ ਲੋਕ-ਯਾਦਾਂ, ਰਿਸ਼ਤੇ ਅਤੇ ਸੱਭਿਆਚਾਰਕ ਪਰੰਪਰਾਵਾਂ ਵੀ ਮੁੜ ਜੀਵਤ ਹੋ ਜਾਂਦੀਆਂ ਹਨ।

ਅੱਜ ਦੀ ਨਵੀਂ ਪੀੜ੍ਹੀ ਤੇਜ਼ੀ ਨਾਲ ਬਦਲ ਰਹੀ ਦੁਨੀਆ ਦਾ ਹਿੱਸਾ ਹੈ। ਮੋਬਾਈਲ ਫ਼ੋਨ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਜੀਵਨ ਨੂੰ ਆਸਾਨ ਤਾਂ ਬਣਾਇਆ ਹੈ, ਪਰ ਇਸ ਨਾਲ ਲੋਕ-ਸੱਭਿਆਚਾਰ ਨਾਲ ਜੁੜਾਅ ਕਮਜ਼ੋਰ ਵੀ ਹੋਇਆ ਹੈ। ਬਹੁਤ ਸਾਰੇ ਨੌਜਵਾਨਾਂ ਲਈ ਸਾਉਣ ਦੀ ਪਛਾਣ ਸਿਰਫ਼ ਵਰਖਾ ਜਾਂ ਤਸਵੀਰਾਂ ਤੱਕ ਸੀਮਿਤ ਰਹਿ ਗਈ ਹੈ, ਜਦਕਿ ਇਸ ਦੇ ਪਿੱਛੇ ਲੋਕ-ਗੀਤਾਂ, ਬੋਲੀਆਂ, ਤੀਆਂ, ਸੰਧਾਰੇ, ਪੀਂਘਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਸਦੀਆਂ ਪੁਰਾਣੀ ਵਿਰਾਸਤ ਲੁਕੀ ਹੋਈ ਹੈ। ਇਸ ਵਿਰਾਸਤ ਨੂੰ ਸਮਝਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਇਸ ਕੰਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਤੀਆਂ ਦੇ ਮੇਲੇ, ਲੋਕ-ਗੀਤ ਅਤੇ ਗਿੱਧਾ ਮੁਕਾਬਲੇ, ਪੰਜਾਬੀ ਬੋਲੀਆਂ ਦੀਆਂ ਪੇਸ਼ਕਾਰੀਆਂ, ਲੋਕ-ਸਾਹਿਤ ਬਾਰੇ ਭਾਸ਼ਣ, ਰੁੱਖ ਲਗਾਉਣ ਦੀਆਂ ਮੁਹਿੰਮਾਂ ਅਤੇ ਵਿਰਸਾ-ਦਿਵਸ ਵਰਗੀਆਂ ਗਤੀਵਿਧੀਆਂ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਸਕਦੀਆਂ ਹਨ।

(ਬਾਕੀ ਸਫ਼ਾ 27 ’ਤੇ)




# ਸਿਹਤ ਲਈ ਚੰਗਾ ਹੁੰਦਾ ਹੈ ਤਰਬੂਜ਼




ਤਰਬੂਜ਼ ਲੰਬੇ ਸਮੇਂ ਤੋਂ ਗਰਮੀਆਂ ਦਾ ਪਸੰਦੀਦਾ ਫਲ ਰਿਹਾ ਹੈ, ਪਰ ਕਈ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਇਹ ਸਿਰਫ਼ ਹਾਈਡ੍ਰੇਸ਼ਨ ਤੋਂ ਕਿਤੇ ਜ਼ਿਆਦਾ ਫਾਇਦਾ ਦੇ ਸਕਦਾ ਹੈ। ਇਹ ਬਿਹਤਰ ਸਿਹਤ ਲਈ ਲੁਕਿਆ ਵਰਦਾਨ ਸਾਬਿਤ ਹੋ ਸਗਦਾ ਹੈ। ਤਰਬੂਜ਼ ਖਾਣ ਵਾਲੇ ਲੋਕਾਂ ਦਾ ਖਾਣਾ ਉੱਚ ਗੁਣਵੱਤਾ ਵਾਲਾ ਹੁੰਦਾ ਹੈ, ਜਿਸ ਵਿਚ ਜ਼ਿਆਦਾ ਵਿਟਾਮਿਨ, ਫਾਈਬਰ ਤੇ ਐਂਟੀਆਕਸੀਡੈਂਟ ਹੁੰਦੇ ਹਨ।

ਨਿਊਟ੍ਰੀਐਂਟਸ ਨਾਂ ਦੇ ਮੈਗਜ਼ੀਨ 'ਚ ਛਪੇ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਨਿਯਮਤ ਰੂਪ ਨਾਲ ਤਰਬੂਜ਼ ਖਾਣ ਵਾਲੇ ਲੋਕਾਂ ਦਾ ਸਮੁੱਚਾ ਖਾਣਾ ਸਿਹਤਮੰਦ ਹੁੰਦਾ ਹੈ ਤੇ ਇਹ ਦਿਲ ਤੇ ਖ਼ੂਨ ਦੀਆਂ ਨਾੜੀਆਂ ਦੇ ਬਿਹਤਰ ਕੰਮ 'ਚ ਵੀ ਮਦਦਗਾਰ ਹੋ ਸਕਦਾ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਤਰਬੂਜ਼ 'ਚ ਪੋਸ਼ਕ ਤੱਤਾਂ, ਐਂਟੀਆਕਸੀਡੈਂਟ ਤੇ ਕੁਦਰਤੀ ਰੂਪ ਨਾਲ ਪਾਏ ਜਾਣ ਵਾਲੇ ਯੌਗਿਕਾਂ ਦਾ ਪ੍ਰਭਾਵਸ਼ਾਲੀ ਮੇਲ ਹੁੰਦਾ ਹੈ ਜਿਹੜਾ ਹਾਰਟ ਤੇ ਮੈਟਾਬਾਲਿਕ ਸਿਹਤ ਨਾਲ ਜੁੜੇ ਹੁੰਦੇ ਹਨ। ਇਸਦੀ ਉੱਚ ਜਲ ਸਮੱਗਰੀ ਤੇ ਘੱਟ ਕੈਲੋਰੀ ਇਸਨੂੰ ਬਿਹਤਰ ਬਣਾਉਂਦੀ ਹੈ।

ਇੱਕ ਹੋਰ ਅਧਿਐਨ ਦੌਰਾਨ ਅਮਰੀਕਾ 'ਚ ਤਰਬੂਜ਼ ਖਾਣ ਵਾਲਿਆਂ ਤੇ ਨਾ ਖਾਣ ਵਾਲਿਆਂ ਦੇ ਖਾਣੇ ਦੇ ਤੁਲਨਾ ਕਰਨ ਲਈ ਰਾਸ਼ਟਰੀ ਸਿਹਤ ਤੇ ਪੋਸ਼ਣ ਪ੍ਰੀਖਿਆ ਸਰਵੇਖਣ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਵਿੱਚ ਪਾਇਆ ਗਿਆ ਕਿ ਤਰਬੂਜ਼ ਦਾ ਇਸਤੇਮਾਲ ਕਰਨ ਵਾਲੇ ਬੱਚਿਆਂ ਤੇ ਬਾਲਿਗਾਂ ਦੋਵਾਂ ਦਾ ਸਮੁੱਚਾ ਖਾਣਾ ਉੱਚ ਗੁਣਵੱਤਾ ਵਾਲਾ ਹੁੰਦਾ ਹੈ। ਲੁਇਸਿਆਨਾ ਸਟੇਟ ਯੂਨੀਵਰਸਿਟੀ ਦੇ ਇਕ ਅਲੱਗ ਕਲੀਨਿਕਲ ਟਰਾਇਲ 'ਚ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਗਇ ਕਿ ਕੀ ਤਰਬੂਜ਼ ਦਾ ਜੂਸ, ਬਲੱਡ ਸ਼ੂਗਰ ਦਾ ਪੱਧਰ ਵਧਣ ਦੌਰਾਨ ਖ਼ੂਨ ਦੀਆਂ ਨਾੜੀਆਂ ਦੇ ਕੰਮ ਕਰਨ ਦੀ ਸਮਰੱਥਾ ਨੂੰ ਬਿਹਤਰ ਰੱਖਣ 'ਚ ਮਦਦ ਕਰ ਸਕਦਾ ਹੈ। ਇਸ ਖੋਜ 'ਚ ਸ਼ਾਮਲ ਲੋਕਾਂ ਨੇ ਦੋ ਹਫਤਿਆਂ ਤੱਕ ਰੋਜ਼ਾਨਾ ਤਰਬੂਜ਼ ਦਾ ਜੂਸ ਪੀਤਾ। ਅਧਿਐਨ 'ਚ ਅਜਿਹੇ ਸਬੂਤ ਮਿਲੇ ਕਿ ਤਰਬੂਜ਼ ਦੇ ਜੂਸ ਦਾ ਇਸਤੇਮਾਲ ਹਾਈਪਰਗਲਾਇਸੇਮੀਆ ਦੌਰਾਨ ਖ਼ੂਨ ਦੀਆਂ ਨਾੜੀਆਂ ਦੇ ਕੰਮ ਨੂੰ ਬਣਾਏ ਰੱਖਣ 'ਚ ਮਦਦਗਾਰ ਰਿਹਾ ਤੇ ਇਸਨੇ ਦਿਲ ਦੀ ਰਫਤਾਰ ਦੇ ਬਦਲਾਅ ਨੂੰ ਵੀ ਪ੍ਰਭਾਵਿਤ ਕੀਤਾ।



# ਕਿਉਂ ਹੁੰਦੇ ਹਨ ਮੁਹਾਂਸੇ ?



ਅਸੀਂ ਸਾਲਾਂ ਤੋਂ ਆਪਣੀਆਂ ਦਾਦੀਆਂ, ਨਾਨੀਆਂ ਅਤੇ ਦੋਸਤਾਂ ਤੋਂ ਸੁਣਦੇ ਆ ਰਹੇ ਹਾਂ। 'ਚਾਕਲੇਟ ਨਾ ਖਾ, ਚਿਹਰਾ ਖਰਾਬ ਹੋ ਜਾਵੇਗਾ' ਪਰ ਕੀ ਸੱਚਮੁੱਚ ਤੁਹਾਡੀ ਮਨਪਸੰਦ ਚਾਕਲੇਟ ਤੁਹਾਡੀ ਸੁੰਦਰਤਾ ਨੂੰ ਵਿਗਾੜ ਰਹੀ ਹੈ ਜਾਂ ਇਹ ਸਿਰਫ਼ ਇੱਕ ਪੁਰਾਣਾ ਵਹਿਮ ਹੈ ? ਅੱਜ ਅਸੀਂ ਡਰਮਾਟੋਲੋਜਿਸਟ ਡਾ. ਅੰਕੁਰ ਸਰੀਨ ਦੀ ਮਦਦ ਨਾਲ ਮੁਹਾਸੇ ਵਧਾਉਣ ਵਾਲੇ ਭੋਜਨਾਂ ਪਿੱਛੇ ਦੀ ਸੱਚਾਈ ਤੁਹਾਨੂੰ ਦੱਸਾਂਗੇ।

**ਚਾਕਲੇਟ**

ਬਹੁਤ ਸਾਰੇ ਲੋਕ ਮੰਨਦੇ ਹਨ ਕਿ ਚਾਕਲੇਟ ਖਾਣ ਨਾਲ ਮੁਹਾਸੇ ਹੁੰਦੇ ਹਨ ਪਰ ਇਹ ਪੂਰੀ ਤਰ੍ਹਾਂ ਸੱਚ ਨਹੀਂ ਹੈ। ਡਾ. ਅੰਕੁਰ ਦੇ ਅਨੁਸਾਰ, ਡਾਰਕ ਚਾਕਲੇਟ ਖਾਣਾ ਬਿਲਕੁਲ ਸੁਰੱਖਿਅਤ ਹੈ ਅਤੇ ਇਸ ਨਾਲ ਮੁਹਾਸੇ ਨਹੀਂ ਹੁੰਦੇ। ਦੱਸ ਦੇਈਏ ਅਸਲੀ ਸਮੱਸਿਆ ਮਿਲਕ ਚਾਕਲੇਟ ਵਿੱਚ ਹੈ। ਮਿਲਕ ਚਾਕਲੇਟ ਵਿੱਚ ਚੀਨੀ ਅਤੇ ਦੁੱਧ ਹੁੰਦਾ ਹੈ, ਜੋ ਮੁਹਾਸਿਆਂ ਦਾ ਕਾਰਨ ਬਣ ਸਕਦਾ ਹੈ।

**ਕੌਫੀ**

ਜੇ ਤੁਸੀਂ ਕੌਫੀ ਦੇ ਸ਼ੌਕੀਨ ਹੋ ਤਾਂ ਸੁੱਖ ਦਾ ਸਾਹ ਲਓ। ਕੌਫੀ ਆਪਣੇ ਆਪ ਵਿੱਚ ਮੁਹਾਸਿਆਂ ਦਾ ਕਾਰਨ ਨਹੀਂ ਬਣਦੀ ਹੈ। ਹਾਲਾਂਕਿ ਜਦੋਂ ਤੁਸੀਂ ਕੌਫੀ ਵਿੱਚ ਦੁੱਧ ਅਤੇ ਚੀਨੀ ਮਿਲਾਉਂਦੇ ਹੋ ਤਾਂ ਇਹ ਸੁਮੇਲ ਚਮੜੀ ਲਈ ਨੁਕਸਾਨਦੇਹ ਹੋ ਸਕਦਾ ਹੈ।

**ਚੀਨੀ ਤੇ ਫਲਾਂ ਦਾ ਜੂਸ**

ਚੀਨੀ ਅਤੇ ਬਾਜ਼ਾਰ ਵਿੱਚ ਮਿਲਣ ਵਾਲੇ ਜੂਸ ਮੁਹਾਸੇ ਦਾ ਵੱਡਾ ਕਾਰਨ ਹਨ। ਸ਼ੂਗਰ ਅਤੇ ਜੂਸ ਸਰੀਰ ਵਿੱਚ ਇਨਸੁਲਿਨ ਨੂੰ ਤੇਜ਼ੀ ਨਾਲ ਵਧਾਉਂਦੇ ਹਨ, ਜਿਸ ਨਾਲ ਚਮੜੀ ਵਿੱਚ ਤੇਲ ਦਾ ਉਤਪਾਦਨ ਵੱਧਦਾ ਹੈ ਅਤੇ ਮੁਹਾਸੇ ਨਿਕਲ ਆਉਂਦੇ ਹਨ।

**ਫਲ**

ਜ਼ਿਆਦਾਤਰ ਸਾਬੂਤ ਫਲ ਮੁਹਾਸਿਆਂ ਦਾ ਕਾਰਨ ਨਹੀਂ ਬਣਦੇ ਹਨ। ਉਹ ਸੁਰੱਖਿਅਤ ਹਨ। ਹਾਲਾਂਕਿ ਬਹੁਤ ਜ਼ਿਆਦਾ ਗਲਾਈਸੈਮਿਕ ਇੰਡੈਕਸ ਵਾਲੇ ਫਲਾਂ ਦਾ ਜ਼ਿਆਦਾ ਸੇਵਨ ਕਰਨ ਨਾਲ ਸਮੱਸਿਆ ਵਧ ਸਕਦੀ ਹੈ ਪਰ ਆਮ ਤੌਰ 'ਤੇ ਫਲ ਖਾਣਾ ਸੁਰੱਖਿਅਤ ਹੈ।

**ਦੁੱਧ ਤੇ ਵ੍ਹੀ ਪ੍ਰੋਟੀਨ**


ਜਿੰਮ ਜਾਣ ਵਾਲਿਆਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਵ੍ਹੀ ਪ੍ਰੋਟੀਨ ਮੁਹਾਸਿਆਂ ਨੂੰ ਖਾਸ ਕਰਕੇ ਹਾਰਮੋਨਲ ਮੁਹਾਸਿਆਂ ਨੂੰ ਵਧਾ ਸਕਦਾ ਹੈ। ਇਹ ਸਰੀਰ ਵਿੱਚ ਇਨਸੁਲਿਨ ਵਧਾਉਂਦਾ ਹੈ। ਇਸ ਤੋਂ ਇਲਾਵਾ ਦੁੱਧ ਅਤੇ ਖਾਸ ਤੌਰ 'ਤੇ ਸਕਿਮ ਮਿਲਕ, ਮੁਹਾਸਿਆਂ ਨਾਲ ਜੁੜਿਆ ਹੋਇਆ ਹੈ।

**ਦਹੀਂ**

ਜ਼ਿਆਦਾਤਰ ਲੋਕਾਂ ਲਈ ਦਹੀਂ ਸੁਰੱਖਿਅਤ ਹੈ ਕਿਉਂਕਿ ਇਹ ਇੱਕ ਫਰਮੈਂਟਡ ਫੂਡ ਹੈ, ਇਹ ਪੇਟ ਲਈ ਚੰਗਾ ਹੁੰਦਾ ਹੈ। ਹਾਲਾਂਕਿ ਜੇਕਰ ਤੁਹਾਡਾ ਸਰੀਰ ਡੇਅਰੀ ਉਤਪਾਦਾਂ ਨੂੰ ਲੈ ਕੇ ਸੈਂਸਟਿਵ ਹੈ ਤਾਂ ਹੀ ਦਹੀਂ ਪਿੰਪਲਜ਼ ਦਾ ਕਾਰਨ ਬਣ ਸਕਦਾ ਹੈ ਨਹੀਂ ਤਾਂ ਇਹ ਠੀਕ ਹੈ।

# ਦਿਲ 'ਚ ਵੀ ਬਣਦੀਆਂ ਹਨ ਨਵੀਆਂ ਮਾਸਪੇਸ਼ੀਆਂ

## ਆਸਟ੍ਰੇਲੀਆ ਦੇ ਵਿਗਿਆਨੀਆਂ ਨੇ ਵਿਗਿਆਨਕ ਤੌਰ 'ਤੇ ਕੀਤਾ ਸਾਬਤ



ਪਹਿਲੀ ਵਾਰੀ ਆਸਟ੍ਰੇਲੀਆ ਦੇ ਵਿਗਿਆਨੀਆਂ ਨੇ ਵਿਗਿਆਨਕ ਤੌਰ 'ਤੇ ਸਾਬਤ ਕੀਤਾ ਹੈ ਕਿ ਦਿਲ ਦਾ ਦੌਰਾ ਪੈਣ ਤੋਂ ਬਾਅਦ ਮਨੁੱਖੀ ਦਿਲ ਆਪਣੇ ਆਪ ਨਵੀਆਂ ਮਾਸਪੇਸ਼ੀਆਂ ਬਣਾਉਣ 'ਚ ਸਮਰੱਥ ਹੈ। ਹੁਣ ਤੱਕ ਇਹ ਮੰਨਿਆ ਜਾਂਦਾ ਸੀ ਕਿ ਦਿਲ ਨੂੰ ਹੋਇਆ ਇਹ ਨੁਕਸਾਨ ਸਥਾਈ ਹੁੰਦਾ ਹੈ, ਪਰ ਇਸ ਅਧਿਐਨ ਨੇ ਦਿਲ ਦੇ ਠੀਕ ਨਾ ਹੋਣ ਬਾਰੇ ਰਵਾਇਤੀ ਧਾਰਨਾ ਨੂੰ ਚੁਣੌਤੀ ਦਿੱਤੀ ਹੈ। ਇਹ ਅਧਿਐਨ ਸਰਬੋਤਮ ਜਰਨਲ ਸਰਕੁਲੇਸ਼ਨ ਰਿਸਰਚ 'ਚ ਪ੍ਰਕਾਸ਼ਿਤ ਹੋਇਆ ਹੈ। ਹੁਣ ਤੱਕ ਮੰਨਿਆ ਜਾਂਦਾ ਸੀ ਕਿ ਦਿਲ ਦੇ ਦੌਰੇ ਦੌਰਾਨ ਖਰਾਬ ਹੋਈਆਂ ਮਾਸਪੇਸ਼ੀਆਂ ਹਮੇਸ਼ਾਂ ਲਈ ਦਾਗਦਾਰ ਅਤੇ ਨਕਾਰਾ ਹੋ ਜਾਂਦੀਆਂ ਹਨ। ਪਰ ਨਵੇਂ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਦਾਗ ਦੇ ਨਾਲ-ਨਾਲ ਦਿਲ 'ਚ ਨਵੀਆਂ ਮਾਸਪੇਸ਼ੀਆਂ ਵੀ ਬਣਦੀਆਂ ਹਨ। ਇਹ ਪ੍ਰਕਿਰਿਆ ਪਹਿਲਾਂ ਸਿਰਫ਼ ਚੂਹਿਆਂ 'ਚ ਹੀ ਵੇਖੀ ਗਈ ਸੀ। ਸਿਡਨੀ ਯੂਨੀਵਰਸਿਟੀ ਦੇ ਰਿਸਰਚ ਫੈਲੋ ਅਤੇ ਅਧਿਐਨ ਦੇ ਮੁੱਖ ਲੇਖਕ ਰਾਬਰਟ ਹਿਊਮ ਦੇ ਅਨੁਸਾਰ, ਇਹ ਖੋਜ ਦਿਲ ਦੇ ਦੌਰੇ ਤੋਂ ਬਾਅਦ ਦਿਲ ਦੇ ਠੀਕ ਨਾ ਹੋਣ ਬਾਰੇ ਪੁਰਾਣੀ ਸੋਚ ਨੂੰ ਚੁਣੌਤੀ ਦਿੰਦੀ ਹੈ। ਭਵਿੱਖ ਵਿੱਚ ਅਜਿਹੀਆਂ ਥੈਰੇਪੀਜ਼ ਵਿਕਸਿਤ ਕੀਤੀਆਂ ਜਾ ਸਕਦੀਆਂ ਹਨ, ਜੋ ਦਿਲ ਦੀ ਇਸ ਕੁਦਰਤੀ ਸਮਰੱਥਾ ਨੂੰ ਹੋਰ ਵਧਾਉਣ।



ਇਹ ਅਧਿਐਨ ਆਸਟ੍ਰੇਲੀਆ ਦੇ ਰਾਇਲ ਪ੍ਰਿੰਸ ਅਲਫ੍ਰੇਡ ਹਸਪਤਾਲ 'ਚ ਬਾਈਪਾਸ ਸਰਜਰੀ ਕਰਵਾ ਰਹੇ ਮਰੀਜ਼ਾਂ ਤੋਂ ਲਈ ਗਈ ਜ਼ਿੰਦਾ ਹਾਰਟ ਟਿਸ਼ੂ ਦਾ ਅਧਿਐਨ ਹੈ। ਇਸ 'ਚ ਪਾਇਆ ਗਿਆ ਕਿ ਦਿਲ ਦੇ ਦੌਰੇ ਦੇ ਬਾਅਦ ਮਾਇਟੋਸਿਸ ਸਰਗਰਮ ਹੋ ਜਾਂਦੀ ਹੈ, ਜਿਸ ਨਾਲ ਨਵੇਂ ਦਿਲ ਦੇ ਮਾਸਪੇਸ਼ੀ ਸੈੱਲ ਬਣਦੇ ਹਨ। ਅਧਿਐਨ ਦੇ ਸੀਨੀਅਰ ਲੇਖਕ ਅਤੇ ਦਿਲ ਦੀ ਬਿਮਾਰੀ ਦੇ ਮਾਹਿਰ ਪ੍ਰੋਫੈਸਰ ਸੀਨ ਲਾਲ ਕਹਿੰਦੇ ਹਨ ਕਿ ਸਾਡਾ ਆਖਰੀ ਟੀਚਾ ਇਸ ਖੋਜ ਦੇ ਆਧਾਰ 'ਤੇ ਦਿਲ ਫੇਲ੍ਹ ਹੋਣ ਨੂੰ ਉਲਟਣ ਵਾਲੀ ਥੈਰੇਪੀ ਵਿਕਸਿਤ ਕਰਨਾ ਹੈ। ਦਿਲ ਦੀ ਬਿਮਾਰੀ ਦੁਨੀਆ 'ਚ ਮੌਤ ਦਾ ਸਭ ਤੋਂ ਵੱਡਾ ਕਾਰਨ ਹੈ। ਇੱਕ ਦਿਲ ਦੇ ਦੌਰੇ 'ਚ ਦਿਲ ਦੇ ਲਗਭਗ ਇੱਕ-ਤੀਹਾਈ ਸੈੱਲ ਤਬਾਹ ਹੋ ਜਾਂਦੇ ਹਨ। ਇਹ ਖੋਜ ਰੀਜੈਨਰੇਟਿਵ ਮੈਡੀਸਨ 'ਚ ਨਵੀਂ ਆਸ ਅਤੇ ਕਰੋੜਾਂ ਮਰੀਜ਼ਾਂ ਲਈ ਨਵੀਂ ਧੜਕਣ ਹੈ।



# ਏਕੇ ਦੀ ਮੌਤ

ਗੁਲਜ਼ਾਰ ਸਿੰਘ ਸੰਧੂ

ਘਰ ਕੋਈ ਵੀ ਨਹੀਂ ਸੀ। ਮੈਂ ਸਵੇਰ ਤੋਂ ਇਕੱਲਾ ਹੀ ਸਾਂ। ਮੇਰੀ ਨਿੱਕੀ ਭੈਣ ਆਪਣੀ ਸਹੇਲੀ ਦੇ ਘਰ ਗਈ ਹੋਈ ਸੀ। ਉਸ ਨੇ ਰਾਤ ਦੀ ਰੋਟੀ ਬਣਾਉਣ ਤੋਂ ਪਹਿਲਾਂ ਆਉਣਾ ਸੀ, ਇਸ ਲਈ ਉਸ ਦੇ ਆਉਣ ਵਿੱਚ ਵੀ ਦੇਰ ਸੀ। ਮੈਨੂੰ ਇਕੱਲਤਾ ਮਹਿਸੂਸ ਹੋ ਰਹੀ ਸੀ।

ਮੈਂ ਸੋਚਿਆ, ਭੈਣ ਨੇ ਤਾਂ ਅਜੇ ਮੁੜ ਕੇ ਨਹੀਂ ਆਉਣਾ। ਮੈਂ ਆਪ ਹੀ ਕਿਸੇ ਦੇ ਕਿਉਂ ਨਾ ਹੋ ਆਵਾਂ? ਮੈਨੂੰ ਇਕੱਲਾਪਣ ਓਪਰਾ-ਓਪਰਾ ਲੱਗ ਰਿਹਾ ਸੀ। ਕਦੇ-ਕਦੇ ਮੇਰੇ ਮਿੱਤਰ ਦੇ ਬੱਚੇ ਖੇਡਣ ਆ ਜਾਂਦੇ ਸਨ। ਅੱਜ ਉਹ ਵੀ ਨਹੀਂ ਸਨ ਆਏ। ਮੇਰਾ ਚਾਹ ਪੀਣ ਨੂੰ ਜੀਅ ਕਰ ਰਿਹਾ ਸੀ, ਪਰ ਇਕੱਲੇ ਨੂੰ ਚਾਹ ਦਾ ਕੀ ਸਵਾਦ, ਕੋਈ ਆ ਜਾਂਦਾ ਤਾਂ ਹੀ ਚਾਹ ਬਣਾ ਕੇ ਪੀਂਦੇ।

ਮੈਂ ਕਿਸੇ ਦੇ ਆਉਣ ਦੀ ਆਸ ਦੇ ਤਣਾਅ ਬਾਰੇ ਸੋਚ ਹੀ ਰਿਹਾ ਸੀ ਕਿ ਪੌੜੀਆਂ ਵਿੱਚ ਕਿਸੇ ਦੇ ਆਉਣ ਦੀ ਬਿੜਕ ਆਈ। ਮੈਂ ਵੇਖਿਆ ਦੀਪੀ ਤੇ ਸਵੀਰਾ ਸਨ। ਪਲ ਭਰ ਮੈਨੂੰ ਯਕੀਨ ਨਾ ਆਇਆ ਕਿ ਕੋਈ ਆਇਆ ਹੈ।

ਸੁਦੀਪ, ਜਿਸ ਨੂੰ ਮੈਂ ਦੀਪੀ ਕਹਿ ਕੇ ਬੁਲਾਉਂਦਾ ਹਾਂ, ਅੱਗੇ-ਅੱਗੇ ਸੀ ਤੇ ਸਵੀਰਾ ਉਸ ਦੇ ਨਾਲ-ਨਾਲ ਜ਼ਰਾ ਪਿੱਛੇ। ਮੈਨੂੰ ਵੇਖ ਕੇ ਉਹ ਮੁਸਕਰਾਈਆਂ ਤੇ ਉਨ੍ਹਾਂ ਨੂੰ ਵੇਖ ਕੇ ਮੈਂ।

ਇਨ੍ਹਾਂ ਦੇ ਪਾਪਾ ਨੇ ਕੋਈ ਸੁਨੇਹਾ ਭੇਜਿਆ ਹੋਵੇਗਾ ਤੇ ਜੋ ਕੁਝ ਕਹਿਣਾ ਸੀ ਕਹਿ ਕੇ ਤੁਰ ਜਾਣਗੀਆਂ। ਮੈਂ ਡਰ ਜਿਹਾ ਗਿਆ। ਮੈਂ ਮੁੜ ਇਕੱਲਾ ਨਹੀਂ ਸੀ ਹੋਣਾ ਚਾਹੁੰਦਾ।

ਇਕੱਲ ਟੁੱਟਣ ਤੋਂ ਬਿਨਾਂ ਉਨ੍ਹਾਂ ਦੇ ਆਉਣ ਦੀ ਇੱਕ ਹੋਰ ਵੀ ਖ਼ੁਸ਼ੀ ਸੀ। ਦੋਵੇਂ ਆਮ ਬੱਚਿਆਂ ਨਾਲੋਂ ਚੁਸਤ ਤੇ ਸੁਚੇਤ ਹਨ। ਦੀਪੀ ਘੋਖੀ ਤੇ ਸੂਝਵਾਨ ਸੀ, ਸਵੀਰਾ ਚੇਤੰਨ ਤੇ ਸ਼ਰਾਰਤੀ। ਆਪਣੇ ਮਾਪਿਆਂ ਨਾਲ ਉਹ ਕਈ ਵਾਰੀ ਮੇਰੇ ਘਰ ਆਈਆਂ ਹਨ ਤੇ ਮੈਨੂੰ ਕੋਈ ਵੀ ਅਜਿਹਾ ਪਲ ਚੇਤੇ ਨਹੀਂ ਸੀ ਜਿਸ ਨੂੰ ਇਨ੍ਹਾਂ ਦੀਆਂ ਸ਼ਰਾਰਤਾਂ ਨੇ ਬੇਸੁਆਦ ਕੀਤਾ ਹੋਵੇ। ਆਮ ਬੱਚਿਆਂ ਵਾਂਗ ਦਗੜ-ਦਗੜ ਪੌੜੀਆਂ ਚੜ੍ਹਦੇ-ਉਤਰਦੇ ਰਹਿਣਾ, ਘਰ ਦੇ ਬਾਹਰਲੇ ਦਰਵਾਜ਼ੇ ਨਾਲ ਝੂਟਣਾ, ਰਾਹ ਜਾਂਦੇ ਰਾਹੀ 'ਤੇ ਪਾਣੀ ਡੋਲ ਦੇਣਾ, ਜੇ ਹੋਰ ਨਹੀਂ ਤਾਂ ਕੋਠੇ ਚੜ੍ਹ ਕੇ ਛੱਤ ਉੱਤੇ ਹੀ ਠੋਕਾ-ਠਾਕੀ ਕਰਦੇ ਰਹਿਣਾ, ਦੀਪੀ ਤੇ ਸਵੀਰਾ ਦਾ ਸੁਭਾਅ 'ਚ ਸ਼ਾਮਿਲ ਨਹੀਂ ਸੀ, ਜਾਂ ਇਉਂ ਕਹਿ ਲਵੋ ਕਿ ਉਨ੍ਹਾਂ ਨੂੰ ਏਸ ਗੱਲ ਦਾ ਗਿਆਨ ਸੀ ਕਿ ਓਪਰੇ ਘਰ ਕਿਵੇਂ ਬੈਠੀਦਾ ਹੈ।

"ਆਪਾਂ ਚਾਹ ਬਣਾ ਕੇ ਪੀਆਂਗੇ, ਜਾਇਓ ਨਾ," ਮੈਂ ਏਨਾ ਕਹਿ ਕੇ ਆਪਣੇ ਲੈਟਰ-ਬੌਕਸ ਵਿੱਚ ਡਾਕ ਦੇਖਣ ਉਤਰ ਗਿਆ।

ਡਾਕ ਲੈਣ ਗਿਆਂ ਮੈਨੂੰ ਇੱਕ ਪੁਰਾਣੀ ਘਟਨਾ ਚੇਤੇ ਆ ਗਈ। ਇੱਕ ਦਿਨ ਸਵੇਰੇ ਮੈਂ ਤੇ ਮੇਰਾ ਮਿੱਤਰ ਉਨ੍ਹਾਂ ਦੇ ਘਰ ਸੋਫੇ ਉੱਤੇ ਬੈਠੇ ਕਿਸੇ ਹੋਰ ਮਿੱਤਰ ਦੀਆਂ ਗੱਲਾਂ ਕਰ ਕੇ ਹੱਸ ਰਹੇ ਸਾਂ ਕਿ ਘਰ ਦੇ ਸ਼ਾਂਤ ਵਾਯੂਮੰਡਲ ਵਿੱਚ ਵਾਵਰੋਲੇ ਦੇ ਆਉਣ ਵਾਂਗ ਦਰਵਾਜ਼ੇ ਖਿੜਕੀਆਂ ਖੜਕਣੇ ਸ਼ੁਰੂ ਹੋ ਗਏ। ਦੀਪੀ ਤੇ ਸਵੀਰਾ ਲੜ ਪਈਆਂ ਸਨ। ਦੀਪੀ ਨੇ ਸਵੀਰਾ ਦੇ ਥੱਪੜ ਮਾਰ ਕੇ ਸਾਡੇ ਕਮਰੇ ਵਿੱਚ ਆ ਕੇ ਏਧਰੋਂ ਕੁੰਡੀ ਮਾਰ ਲਈ ਸੀ। ਸਵੀਰਾ ਨੇ ਹੱਥ ਵਿੱਚ ਲੋਹੇ ਦਾ ਗਿਲਾਸ ਚੁੱਕਿਆ ਹੋਇਆ ਸੀ ਤੇ ਉਹ ਦਰਵਾਜ਼ੇ ਦੇ ਸ਼ੀਸ਼ੇ ਪਿੱਛੇ ਖੜ੍ਹੀ ਕੁੰਡੀ ਖੋਲ੍ਹਣ ਲਈ ਕਹਿ ਰਹੀ ਸੀ। ਉਸ ਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਗ ਰਹੇ ਸਨ ਤੇ ਇੰਝ ਜਾਪਦਾ ਸੀ ਕਿ ਜੇ ਕੁੰਡੀ ਇੱਕ-ਅੱਧ ਮਿੰਟ ਹੋਰ ਨਾ ਖੁੱਲ੍ਹੀ ਤਾਂ ਉਹ ਲੋਹੇ ਦੇ ਗਲਾਸ ਨਾਲ ਦਰਵਾਜ਼ੇ ਦਾ ਸ਼ੀਸ਼ਾ ਭੰਨ ਸੁੱਟੇਗੀ। ਮੈਂ ਸ਼ੀਸ਼ਾ ਟੁੱਟਣ ਤੋਂ ਏਦਾਂ ਡਰ ਰਿਹਾ ਸਾਂ ਜਿਵੇਂ ਕੋਈ ਲਾਮ ਲੱਗਣ ਤੋਂ ਪਹਿਲਾਂ ਦੀ ਅਵਸਥਾ ਤੋਂ ਡਰਦਾ ਹੈ। ਮੇਰਾ ਮਿੱਤਰ ਸਾਡੇ ਸਾਂਝੇ ਮਿੱਤਰ ਦੀਆਂ ਗੱਲਾਂ ਕਰਕੇ ਉਸੇ ਤਰ੍ਹਾਂ ਕਹਿਕਹੇ ਮਾਰ ਕੇ ਹੱਸ ਰਿਹਾ ਸੀ। ਉਸ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਘਰ ਵਿੱਚ ਤਣਾਅ ਵਧ ਗਿਆ ਹੈ। ਮੈਂ ਦੀਪੀ ਨੂੰ ਕਿਹਾ ਕਿ ਦਰਵਾਜ਼ਾ ਖੋਲ੍ਹ ਦੇ, ਪਰ ਮੇਰੇ ਮਿੱਤਰ ਨੇ ਕਿਹਾ ਸਭ ਆਪ ਹੀ ਠੀਕ ਹੋ ਜਾਵੇਗਾ।

ਉਮਰ ਵਿੱਚ ਭਾਵੇਂ ਦੀਪੀ ਵੱਡੀ ਸੀ, ਪਰ ਵੇਖਣ ਨੂੰ ਦੋਵੇਂ ਇੱਕੋ ਜਿੱਡੀਆਂ ਹੀ ਸਨ। ਕੁਝ ਏਸ ਤਰ੍ਹਾਂ ਜਿਵੇਂ ਜੌੜੀਆਂ ਹੋਣ। ਹਾਣੀ ਬੱਚਿਆਂ ਵਾਂਗ ਉਹ ਆਪੋ ਵਿੱਚ ਲੜੇ ਬਿਨਾਂ ਵੀ ਨਹੀਂ ਸੀ ਰਹਿ ਸਕਦੀਆਂ।

ਮੇਰੇ ਮਿੱਤਰ ਨੇ ਮੈਨੂੰ ਦੱਸਿਆ ਕਿ ਪਿਛਲੇ ਦਸਾਂ ਮਿੰਟਾਂ ਤੋਂ ਦੋਵੇਂ ਕੁੜੀਆਂ ਇੱਕ-ਦੂਜੀ ਦੀਆਂ ਸਾਂਗਾਂ ਲਾ ਰਹੀਆਂ ਸਨ। ਹੁਣੇ-ਹੁਣੇ ਠੁੱਠ ਵਿਖਾ ਕੇ ਦੀਪੀ ਨੇ ਸਵੀਰਾ ਨੂੰ ਵੰਗਾਰਿਆ ਸੀ। ਪਲ ਭਰ ਚੁੱਪ ਰਹਿ ਕੇ ਸਵੀਰਾ ਨੇ ਸਰ੍ਹਾਣੇ ਪਈ ਫਾਈਲ ਵਿੱਚੋਂ ਇੱਕ ਸਜ-ਵਿਆਹੀ ਵਹੁਟੀ ਦੀ ਤਸਵੀਰ ਕੱਢ ਕੇ ਦੀਪੀ ਨੂੰ ਵਿਖਾ ਕੇ ਪਾੜ ਦਿੱਤੀ ਸੀ। ਦੀਪੀ ਨੂੰ ਤਸਵੀਰਾਂ ਇਕੱਠੀਆਂ ਕਰਨ ਦਾ ਸ਼ੌਕ ਸੀ ਅਤੇ ਇਹ ਉਸ ਦੀ ਤਸਵੀਰਾਂ ਦੀ ਸੱਜਰੀ ਫਾਈਲ ਸੀ।

ਸਜ-ਵਿਆਹੀ ਵਹੁਟੀ ਦੀ ਤਸਵੀਰ ਦੀਪੀ ਨੂੰ ਖ਼ਾਸ ਕਰਕੇ ਪਿਆਰੀ ਸੀ। ਇਹ ਉਸ ਨੇ ਔਰਤਾਂ ਦੇ ਕਿਸੇ ਪੁਰਾਣੇ ਰਸਾਲੇ ਵਿੱਚੋਂ ਲੱਭ ਕੇ ਲਿਆਂਦੀ ਸੀ।

ਮੇਰੇ ਮਿੱਤਰ ਦਾ ਖ਼ਿਆਲ ਸੀ ਕਿ ਸਵੀਰਾ ਨੂੰ ਤਸਵੀਰ ਨਹੀਂ ਸੀ ਪਾੜਨੀ ਚਾਹੀਦੀ। ਇਸ ਲਈ ਜੇ ਦੀਪੀ ਨੇ ਸਵੀਰਾ ਨੂੰ ਮਾਰ ਕੇ ਦਰਵਾਜ਼ੇ ਦੀ ਕੁੰਡੀ ਲਾ ਲਈ ਸੀ ਤਾਂ ਠੀਕ ਹੀ ਕੀਤਾ ਸੀ। ਮੇਰੇ ਨਾਲ ਗੱਲਾਂ ਕਰਦਾ ਉਹ ਸਾਰੀ ਲੀਲ੍ਹਾ ਦੇਖਦਾ ਰਿਹਾ ਸੀ, ਜਿਸ ਤੋਂ ਮੈਂ ਉੱਕਾ ਹੀ ਅਚੇਤ ਸਾਂ। ਧੀਆਂ ਦੇ ਸੁਭਾਅ ਤੋਂ ਜਾਣੂ ਮੇਰੇ ਮਿੱਤਰ ਨੂੰ ਇਹ ਡਰ ਵੀ ਨਹੀਂ ਸੀ ਕਿ ਸ਼ੀਸ਼ਾ ਟੁੱਟ ਜਾਵੇਗਾ ਤੇ ਇਸ ਦਾ ਕੱਚ ਕਿਸੇ ਬੱਚੇ ਦੇ ਚੁਭ ਕੇ ਕਮਰੇ ਨੂੰ ਲਹੂ-ਲੁਹਾਣ ਕਰ ਦੇਵੇਗਾ।

ਸਵੀਰਾ ਦਾ ਤਸਵੀਰ ਪਾੜਨਾ ਭਾਵੇਂ ਠੀਕ ਨਹੀਂ ਸੀ, ਪਰ ਦੀਪੀ ਨੂੰ ਖਿਝਾਉਣ ਦਾ ਇਹ ਤਰੀਕਾ ਨਿਵੇਕਲਾ ਜ਼ਰੂਰ ਸੀ। ਇਹ ਸਵੀਰਾ ਦੀ ਸ਼ਰਾਰਤੀ ਸੂਝ ਦਾ ਸਬੂਤ ਸੀ। ਮੈਂ ਆਪਣੇ ਮਿੱਤਰ ਕੋਲ ਉਸ ਦੀ ਮੌਲਿਕ ਸੂਝ ਦੀ ਸ਼ਲਾਘਾ ਕੀਤੀ।

ਆਪਣੀ ਸੂਝ ਦੀ ਸਿਫ਼ਤ ਸੁਣ ਕੇ ਸਵੀਰਾ ਦਾ ਗੁੱਸਾ ਢਲ ਗਿਆ ਤੇ ਉਸ ਨੇ ਗਲਾਸ ਇੱਕ ਪਾਸੇ ਸੁੱਟ ਕੇ ਅੱਖਾਂ ਪੂੰਝ ਲਈਆਂ। ਦੀਪੀ ਪਹਿਲਾਂ ਹੀ ਸੰਤੁਸ਼ਟ ਸੀ ਕਿ ਉਸ ਨੇ ਥੱਪੜ ਮਾਰ ਕੇ ਬਦਲਾ ਲੈ ਹੀ ਲਿਆ ਸੀ। ਮੇਰੇ ਬੈਠਿਆਂ-ਬੈਠਿਆਂ ਉਹ ਮੁੜ ਆਪੋ-ਆਪਣੀ ਪੁਸਤਕ ਪੜ੍ਹਨ ਲੱਗ ਪਈਆਂ।

ਜਦ ਮੈਂ ਡਾਕ ਲੈ ਕੇ ਵਾਪਸ ਆਇਆ ਤਾਂ ਚਾਹ ਵਾਲੀ ਕੇਤਲੀ ਵਿੱਚ ਪਾਣੀ ਉਬਲ ਰਿਹਾ ਸੀ। ਦੀਪੀ ਰਸੋਈ ਵਿੱਚੋਂ ਚਾਹ-ਪੱਤੀ ਵਾਲਾ ਡੱਬਾ ਲੱਭ ਰਹੀ ਸੀ ਤੇ ਸਵੀਰਾ ਚੀਨੀ। ਮੇਥੋਂ ਹੇਠਾਂ ਜਾਂਦੇ ਦੇ ਮੂੰਹੋਂ ਨਿਕਲ ਗਿਆ ਸੀ ਕਿ 'ਚਾਹ ਬਣਾ ਕੇ ਪੀਆਂਗੇ, ਜਾਣਾ ਨਾ।' ਮੇਰਾ ਸਮਾਂ ਤੇ ਘਾਲਣਾ ਬਚਾਉਣ ਦੇ ਭਾਵ ਨਾਲ ਉਹ ਕਿਵੇਂ ਇੱਕ ਜਾਨ ਹੋ ਕੇ ਕੰਮ ਕਰ ਰਹੀਆਂ ਸਨ ਮੈਂ ਹੈਰਾਨ ਰਹਿ ਗਿਆ।

"ਵਾਹ ਬਈ ਵਾਹ", ਮੈਂ ਖ਼ੁਸ਼ ਹੋ ਕੇ ਕਿਹਾ। "ਚਾਹਪੱਤੀ ਪਤਾ ਨਹੀਂ ਕਿੱਥੇ ਹੈ?" ਦੀਪੀ ਬੋਲੀ। "ਤੇ ਚੀਨੀ ਕਿੱਥੇ ਹੈ?" ਸਵੀਰਾ ਨੇ ਪੁੱਛਿਆ।

ਜਿਵੇਂ ਇੱਕ ਜਾਨ ਤੇ ਇੱਕ ਆਤਮਾ ਹੋ ਕੇ ਉਹ ਮੇਰੇ ਨਾਲ ਚਾਹ ਬਣਵਾ ਰਹੀਆਂ ਸਨ, ਉਸ ਤੋਂ ਮੇਰੇ ਮਨ ਵਿੱਚ ਕਈ ਸ਼ੰਕੇ ਪੈਦਾ ਹੋਏ। ਇਨ੍ਹਾਂ ਦੀ ਮੰਮੀ ਨੇ ਇਨ੍ਹਾਂ ਨੂੰ ਕੁੱਟ ਕੇ ਘਰੋਂ ਕੱਢ ਦਿੱਤਾ ਏ ਤੇ ਜਾਂ ਇਨ੍ਹਾਂ ਦੀ ਮੰਮੀ ਤੇ ਪਾਪਾ ਦੀ ਆਪੋ ਵਿੱਚ ਕੋਈ ਇਹੋ ਜੇਹੀ ਗੱਲ ਹੋ ਗਈ ਏ ਜਿਸ ਲਈ ਮੇਰੀ ਹਾਜ਼ਰੀ ਜ਼ਰੂਰੀ ਏ, ਪਰ ਕਿਸੇ ਕਾਰਨ ਉਹ ਕੁਝ ਦੱਸ ਨਹੀਂ ਰਹੀਆਂ। ਕੁੜੀਆਂ ਹਨ, ਸੋਚ-ਸਮਝ ਕੇ ਗੱਲ ਕਰਨੀ ਚਾਹੁੰਦੀਆਂ ਹਨ, ਮੈਂ ਸੋਚਿਆ।

"ਤੁਹਾਡੇ ਪਾਪਾ ਕੀ ਕਰ ਰਹੇ ਨੇ?" ਮੈਂ ਘੋਖਵਾਂ ਪ੍ਰਸ਼ਨ ਕੀਤਾ।

"ਪਤਾ ਨਹੀਂ।" ਉਨ੍ਹਾਂ ਇੱਕੋ ਸਾਹ ਉੱਤਰ ਦਿੱਤਾ।

"ਉਹ ਘਰ ਹੀ ਨੇ?" ਮੈਂ ਅਗਲਾ ਸਵਾਲ ਕੀਤਾ।

"ਘਰ ਹੀ ਹੋਣੇ ਨੇ" ਦੀਪੀ ਨੇ ਕਿਹਾ ਤੇ "ਸਾਨੂੰ ਕੀ ਪਤੈ?" ਸਵੀਰਾ ਬੋਲੀ।

"ਤੁਸੀਂ ਘਰੋਂ ਨਹੀਂ ਆਈਆਂ।"

"ਨਹੀਂ ਤਾਂ।"

"ਸਿਨਮੇ ਗਈਆਂ ਸੀ?"

"ਨਹੀਂ।"

"ਘਰ ਵਿੱਚ ਸੁਖ ਹੈ?" ਮੈਂ ਹੱਸ ਕੇ ਕਿਹਾ।

"ਕਿਉਂ? ਸੁਖ ਹੀ ਹੋਣੀ ਏ।"

ਮੈਂ ਜਿਹੜਾ ਵੀ ਪ੍ਰਸ਼ਨ ਕਰਦਾ ਸੀ ਉਹ ਦੋਵੇਂ ਉਸ ਦਾ ਇੱਕੋ ਉੱਤਰ ਦਿੰਦੀਆਂ ਸਨ।

"ਤੁਸੀਂ ਘਰੋਂ ਨਹੀਂ ਆਈਆਂ ਜਾਪਦੀਆਂ। ਕਿੱਥੇ ਗਈਆਂ ਸੀ?" ਮੈਂ ਚਾਹ ਪਾਉਂਦੇ ਨੇ ਪੁੱਛਿਆ।

"ਕਰੋਲ ਬਾਗ," ਉਨ੍ਹਾਂ ਨੇ ਸਾਂਝਾ ਉੱਤਰ ਦਿੱਤਾ ਤੇ ਖਿੜ-ਖਿੜਾ ਕੇ ਹੱਸ ਪਈਆਂ ਜਿਵੇਂ ਝੂਠ ਬੋਲ ਰਹੀਆਂ ਹੋਣ।

"ਕਰੋਲ ਬਾਗ ਕੀ ਸੀ?"

"ਕੁਝ ਵੀ ਨਹੀਂ।"

"ਕੁਝ ਤਾਂ ਹੋਵੇਗਾ।"

ਹੁਣ ਉਹ ਇੱਕ-ਦੂਜੇ ਦੇ ਮੂੰਹ ਵੱਲ ਵੇਖਣ ਲੱਗ ਪਈਆਂ ਜਿਵੇਂ ਬਿਆਨ ਬਦਲ ਜਾਣ ਤੋਂ ਡਰ ਰਹੀਆਂ ਹੋਣ।

ਫੇਰ ਥੋੜ੍ਹਾ ਜਿਹਾ ਝਕ ਕੇ ਉਨ੍ਹਾਂ ਦੱਸ ਹੀ ਦਿੱਤਾ।

ਉਹ ਸਵੇਰ ਦੀਆਂ ਘਰੋਂ ਤੁਰੀਆਂ ਹੋਈਆਂ ਸਨ। ਮੇਰੇ ਮਿੱਤਰ ਨੇ ਉਨ੍ਹਾਂ ਨੂੰ ਜੇਬ-ਖ਼ਰਚ ਦੇ ਕੇ ਘੁੰਮਣ ਦੀ ਛੁੱਟੀ ਦੇ ਦਿੱਤੀ ਸੀ। ਮਾਪਿਆਂ ਤੋਂ ਦੂਰ ਆਪਣੇ ਆਪ ਜਿਧਰ ਜੀਅ ਆਏ ਘੁੰਮਦੇ ਰਹਿਣ ਨਾਲ ਬੱਚੇ ਦਾ ਸਵੈ-ਵਿਸ਼ਵਾਸ ਵਧਦਾ ਹੈ, ਮੇਰੇ ਮਿੱਤਰ ਦਾ ਵਿਚਾਰ ਸੀ।

ਫੇਰ ਕੀ ਸੀ। ਉਹ ਬੱਸ ਚੜ੍ਹ ਕੇ ਇੰਡੀਆ ਗੇਟ ਚਲੀਆਂ ਗਈਆਂ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਈਸਕਰੀਮ ਖਾਧੀ। ਫੇਰ ਇੰਡੀਆ ਗੇਟ ਪਾਣੀ ਦੀਆਂ ਨਹਿਰਾਂ ਦੇ ਕੰਢੇ ਖੇਡਦੀਆਂ ਰਹੀਆਂ ਤੇ ਫੇਰ ਬੱਚਿਆਂ ਦੇ ਪਾਰਕ ਵਿੱਚ। ਉਨ੍ਹਾਂ ਨੂੰ ਭੁੱਖ ਲੱਗ ਆਈ, ਪਰ ਖਾਣ ਲਈ ਲਿਆਂਦੇ ਪੈਸਿਆਂ ਦੀ ਉਹ ਆਈਸਕਰੀਮ ਖਾ ਬੈਠੀਆਂ ਸਨ। ਇੱਕ-ਇੱਕ ਚੌਕੋ ਬਾਰ ਤੇ ਇੱਕ-ਇੱਕ ਓਰੇਂਜ। ਹੁਣ ਉਨ੍ਹਾਂ ਕੋਲ ਬੱਸ ਦਾ ਕਿਰਾਇਆ ਹੀ ਰਹਿ ਗਿਆ ਸੀ। ਭੁੱਖ ਤਾਂ ਦੀਪੀ ਨੂੰ ਵੀ ਲੱਗੀ ਹੋਈ ਸੀ, ਪਰ ਉਹ ਵੱਡੀ ਹੋਣ ਦੇ ਨਾਤੇ ਬੱਸ ਦੇ ਕਿਰਾਏ ਨੂੰ ਬਚਾ ਕੇ ਰੱਖਣਾ ਆਪਣੀ ਜ਼ਿੰਮੇਵਾਰੀ ਸਮਝਦੀ ਸੀ। ਸਵੀਰਾ ਦੇ ਮੂੰਹੋਂ ਸੁਝਾਅ ਨਿਕਲਣ ਦੀ ਦੇਰ ਸੀ ਕਿ ਦੀਪੀ ਨੇ ਦੋ-ਦੋ ਆਨੇ 'ਚਨਾ ਜ਼ੋਰ ਗਰਮ' ਦੇ ਲੇਖੇ ਲਾ ਦਿੱਤੇ। ਮਸਾਲੇਦਾਰ ਛੋਲੇ ਖਾ ਕੇ ਉਨ੍ਹਾਂ ਦਾ ਹੋਰ ਛੋਲੇ ਖਾਣ ਨੂੰ ਜੀਅ ਕਰ ਆਇਆ ਤੇ ਫੇਰ ਹੋਰ ਖਾਣ ਨੂੰ। ਸਭ ਤੋਂ ਪਹਿਲਾਂ ਉਨ੍ਹਾਂ ਨੇ ਬਾਰਾਂ ਆਨੇ ਬਚਾ ਕੇ ਰੱਖੇ ਸਨ ਤੇ ਫੇਰ ਅੱਠ ਆਨੇ। ਇਹ ਸੋਚ ਕੇ ਕਿ ਚਾਰ-ਚਾਰ ਆਨੇ ਵਿੱਚ ਜਿੱਥੋਂ ਤੱਕ ਬੱਸ ਲੈ ਜਾਵੇਗੀ ਠੀਕ ਹੈ, ਬਾਕੀ ਤੁਰ ਕੇ ਚਲੀਆਂ ਜਾਣਗੀਆਂ।

ਉਂਞ ਇੰਡੀਆ ਗੇਟ ਕੋਲੋਂ ਰਾਜਿੰਦਰ ਨਗਰ ਦੇ ਚਾਰ-ਚਾਰ ਆਨੇ ਲੱਗਦੇ ਸਨ। ਜਦੋਂ ਉਨ੍ਹਾਂ ਦਾ ਹੋਰ ਖਾਣ ਨੂੰ ਜੀਅ ਕੀਤਾ ਤਾਂ ਉਨ੍ਹਾਂ ਨੇ ਕੇਵਲ ਚੁਆਨੀ ਦਾ ਸਫ਼ਰ ਬੱਸ ਰਾਹੀਂ ਤੇ ਬਾਕੀ ਪੈਦਲ ਕਰਨ ਦਾ ਫ਼ੈਸਲਾ ਕਰਕੇ ਇੱਕ ਚੁਆਨੀ ਹੋਰ ਖ਼ਰਚ ਲਈ। ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦਾ ਪਾਪਾ ਕਈ ਵਾਰੀ ਦਫ਼ਤਰੋਂ ਬੱਸ ਲਏ ਬਿਨਾਂ ਹੀ ਤੁਰ ਕੇ ਆ ਜਾਂਦਾ ਹੈ ਤੇ ਪਾਪਾ ਦਾ ਦਫ਼ਤਰ ਇੰਡੀਆ ਗੇਟ ਤੋਂ ਅੱਧਾ-ਪੌਣਾ ਮੀਲ ਹੀ ਸੀ। ਦੋਹਾਂ ਨੇ ਪਾਪਾ ਵਾਂਗ ਤੁਰ ਕੇ ਜਾਣ ਦਾ ਫ਼ੈਸਲਾ ਕਰਕੇ ਰਹਿੰਦੇ ਪੈਸੇ ਵੀ ਖ਼ਰਚ ਲਏ।

ਉਨ੍ਹਾਂ ਨੂੰ ਆਪਣੇ ਇਸ ਫੁਰਨੇ ਦਾ ਬੜਾ ਚਾਅ ਸੀ। ਇਸ ਘੜੀ ਉਨ੍ਹਾਂ ਦੀ ਬੁੱਧੀ ਤੇ ਏਕਾ ਸਿਖਰ ਉੱਤੇ ਸੀ। ਉਹ ਇੱਕ-ਦੂਜੇ ਦੇ ਸਾਹ ਵਿੱਚ ਸਾਹ ਲੈਂਦੀਆਂ ਸਨ। ਦੀਪੀ ਦਾ ਕਿਹਾ ਸਵੀਰਾ ਮੰਨ ਲੈਂਦੀ ਤੇ ਸਵੀਰਾ ਦਾ ਕਿਹਾ ਦੀਪੀ। ਜਿਸ ਚਾਅ ਤੇ ਖ਼ੁਸ਼ੀ ਨਾਲ ਉਹ ਬਿਰਤਾਂਤ ਸੁਣਾ ਰਹੀਆਂ ਸਨ ਉਸ ਤੋਂ ਇਹ ਸਭ ਕੁਝ ਪਰਤੱਖ ਸੀ। ਦੋ ਮੂੰਹਾਂ ਦਾ ਬੋਲਿਆ ਇੱਕੋ ਮੂੰਹ ਦੀ ਆਵਾਜ਼ ਜਾਪਦਾ ਸੀ। ਮੈਂ ਗੱਲਾਂ ਸੁਣ-ਸੁਣ ਹੈਰਾਨ ਵੀ ਹੋ ਰਿਹਾ ਸੀ ਤੇ ਖ਼ੁਸ਼ ਵੀ।

ਮੇਰੇ ਮਿੱਤਰ ਦੇ ਦਫ਼ਤਰੋਂ ਉਸ ਦਾ ਘਰ ਸ਼ੰਕਰ ਰੋਡ ਰਾਹੀਂ ਢਾਈ ਮੀਲ ਸੀ, ਪਰ ਰਸਤੇ ਵਿੱਚ ਉਜਾੜ ਪਈ ਸੀ। ਦੂਜਾ ਮੋੜਾ-ਘੋੜਾਂ ਵਾਲਾ ਰਾਹ ਪੰਜ-ਛੇ ਮੀਲ ਪੈਂਦਾ ਸੀ। ਦੱਸਣ ਵਾਲੇ ਵੀ ਇੱਕੋ ਵਾਰੀ ਸਾਰਾ ਰਸਤਾ ਨਹੀਂ ਸੀ ਸਮਝਾ ਸਕਦੇ। ਬੱਚਿਆਂ ਦਾ ਵੀ ਬਹੁਤਾ ਪੁੱਛਿਆਂ ਸਵੈਮਾਣ ਘਟਦਾ ਸੀ। ਉਹ ਰਾਜਿੰਦਰ ਨਗਰ ਨੂੰ ਆਉਣ ਵਾਲੀਆਂ ਬੱਸਾਂ ਦਾ ਨੰਬਰ ਚੇਤੇ ਕਰਕੇ ਪਿੱਛੇ-ਪਿੱਛੇ ਤੁਰਦੀਆਂ ਚਲੀਆਂ ਆਈਆਂ ਸਨ।

ਇੱਕ ਬੱਸ ਜਾਂਦੀ ਦੂਜੀ ਆ ਜਾਂਦੀ। ਉਨ੍ਹਾਂ ਨੂੰ ਕਿਧਰੇ ਰੁਕਣਾ ਨਹੀਂ ਸੀ ਪਿਆ। ਮੇਰੇ ਘਰ ਦੇ ਨੇੜੇ ਪਹੁੰਚ ਕੇ ਹੀ ਉਨ੍ਹਾਂ ਨੂੰ ਇੰਝ ਲੱਗਿਆ ਸੀ ਕਿ ਉਹ ਮੰਜ਼ਿਲ 'ਤੇ ਅੱਪੜ ਗਈਆਂ ਸਨ। ਮੇਰੇ ਮਿੱਤਰ ਦਾ ਘਰ ਮੇਰੇ ਘਰ ਦੇ ਬਹੁਤ ਨੇੜੇ ਸੀ, ਪਰ ਉਨ੍ਹਾਂ ਦੇ ਚਿਹਰੇ ਉੱਤੇ ਥਕਾਵਟ ਨਹੀਂ ਸੀ। ਕੁਝ ਗਰਮੀ, ਕੁਝ ਚਾਅ ਤੇ ਕੁਝ ਮੰਤਵ ਦੀ ਪੂਰਤੀ ਦੇ ਨਸ਼ੇ ਨਾਲ ਉਨ੍ਹਾਂ ਦੀਆਂ ਗੱਲ੍ਹਾਂ ਲਾਲ ਹੋਈਆਂ ਪਈਆਂ ਸਨ। ਸਵੀਰਾ ਗੱਲ ਕਰਦੀ ਸੀ ਤਾਂ ਉਸ ਦੇ ਚਿਹਰੇ ਦੀਆਂ ਰਗਾਂ ਉਭਰ ਆਉਂਦੀਆਂ ਸਨ। ਦੀਪੀ ਦੀ ਗੱਲ ਤਾਂ ਮੂੰਹ ਤੱਕ ਪਹੁੰਚਣ ਤੋਂ ਪਹਿਲਾਂ ਸ਼ਾਹ ਰਗ ਦੀ ਫ਼ਰਕਣ ਤੋਂ ਹੀ ਸਾਫ਼ ਹੋ ਜਾਂਦੀ ਸੀ। ਉਹ ਥੱਕੀਆਂ ਹੋਈਆਂ ਤਾਂ ਜਾਪਦੀਆਂ ਸਨ, ਪਰ ਹਾਰੀਆਂ ਹੋਈਆਂ ਨਹੀਂ। ਜਿੱਤ ਦੇ ਅਹਿਸਾਸ ਵਿੱਚ ਖੀਵੀਆਂ ਹੋਈਆਂ ਉਹ ਹਸੂੰ-ਹਸੂੰ ਕਰਦੇ ਚਿਹਰੇ ਲੈ ਕੇ ਘਰ ਨੂੰ ਚਲੀਆਂ ਗਈਆਂ। ਮੇਰੀ ਇਕੱਲ ਟੁੱਟ ਚੁੱਕੀ ਸੀ। ਮੈਂ ਰੱਜਿਆ ਅਨੁਭਵ ਕਰ ਰਿਹਾ ਸਾਂ। ਘਰ ਵਿੱਚ ਇੱਕ ਤਰ੍ਹਾਂ ਦੀ ਮਹਿਕ ਫੈਲ ਗਈ ਸੀ।

ਨਹਾ-ਧੋ ਕੱਪੜੇ ਪਹਿਨ ਕੇ ਜਦੋਂ ਮੈਂ ਸ਼ਾਮ ਦੀ ਸੈਰ ਲਈ ਨਿਕਲਿਆ ਤਾਂ ਮੈਨੂੰ ਉਨ੍ਹਾਂ ਦੀ ਮੰਮੀ ਮਿਲ ਪਈ।

"ਬੱਚਿਆਂ ਦਾ ਕੀ ਹਾਲ ਹੈ," ਮੈਂ ਪੁੱਛਿਆ, "ਪਹੁੰਚ ਗਈਆਂ?"

"ਹਾਂ ਪਹੁੰਚ ਗਈਆਂ। ਮੇਰਾ ਤਾਂ ਇਨ੍ਹਾਂ ਨਿਆਣਿਆਂ ਨੇ ਲਹੂ ਪੀ ਲਿਐ," ਉਹ ਬੋਲੀ।

ਮੈਨੂੰ ਉਸ ਦੀ ਗੱਲ ਕੁਝ ਸਮਝ ਨਾ ਆਈ ਤੇ ਮੈਂ ਉਹਦੇ ਮੂੰਹ ਵੱਲ ਤੱਕਣ ਲੱਗ ਪਿਆ।

"ਇਹ ਦੋਵੇਂ ਨਿਆਣੇ ਤਾਂ ਘਰੋਂ ਬਾਹਰ ਹੀ ਰਹਿਣ ਤਾਂ ਸੁਖ ਦਾ ਸਾਹ ਆਉਂਦੈ। ਹੁਣ ਬਾਹਰੋਂ ਆਈਐਂ ਤੇ ਹੁਣੇ ਮਾਰ-ਕੁਟਾਈ ਸ਼ੁਰੂ ਹੋ ਗਈ ਹੈ।"

"ਅਜੇ ਹੁਣੇ ਤਾਂ ਮੇਰੇ ਕੋਲੋਂ ਗਈਆਂ ਨੇ ਚੰਗੀਆਂ-ਭਲੀਆਂ।"

"ਘਰ ਜਾ ਕੇ ਵੇਖ ਲੈ ਕਾਟ-ਕਟੀਲਾ ਹੋਈਆਂ ਪਈਐਂ।"

ਮੇਰੇ ਮਿੱਤਰ ਦੀ ਵਹੁਟੀ ਏਨਾ ਕਹਿ ਕੇ ਚੁੱਪ ਹੋ ਗਈ।

ਘਰ ਪਹੁੰਚਦਿਆਂ ਹੀ ਕੁੜੀਆਂ ਦੇ ਮਨ ਵਿੱਚ ਬਾਹਰ ਦੇ ਡਰ ਤੋਂ ਪੈਦਾ ਹੋਏ ਏਕੇ ਦੀ ਮੌਤ ਹੋ ਚੁੱਕੀ ਸੀ।

## ਮਿੰਨੀ ਕਹਾਣੀ


# ਗਲੀ ਨੰਬਰ ਕੋਈ ਨਹੀਂ ...!

ਭੁਪਿੰਦਰ ਫ਼ੌਜੀ

ਦੋ ਕੁ ਮਹੀਨੇ ਪਹਿਲਾਂ ਮੈਂ ਆਪਣੇ ਮਿੱਤਰ ਮਾਸਟਰ ਅਮਰੀਕ ਨੂੰ ਮਿਲਣ ਉਸ ਦੇ ਸਕੂਲ ਪਿੰਡ ਅਤਲਾ ਖੁਰਦ ਗਿਆ। ਉਹ ਪ੍ਰਾਇਮਰੀ ਦੇ ਬੱਚਿਆਂ ਨੂੰ ਪੜ੍ਹਾਉਂਦਾ ਹੈ। ਸਕੂਲ ਪਿੰਡ ਤੋਂ ਬਾਹਰ ਫਿਰਨੀ 'ਤੇ ਹੈ। ਬੱਚੇ ਬਾਹਰ ਗਰਾਊਂਡ ਵਿੱਚ ਖੇਡ ਰਹੇ ਸਨ। ਮੈਂ ਤੇ ਮੇਰਾ ਮਿੱਤਰ ਵੀ ਗਰਾਊਂਡ ਵਿੱਚ ਹੀ ਟਹਿਲ ਰਹੇ ਸਨ। ਅਸੀਂ ਆਪਣੀਆਂ ਗੱਲਾਂ ਕਰ ਰਹੇ ਸਾਂ ਕਿ ਸਕੂਲ ਦੇ ਬਾਹਰ ਗਲੀ ਵਿੱਚ ਇੱਕ ਨਿੱਕੇ ਸਪੀਕਰ 'ਤੇ ਸਾਨੂੰ ਇੱਕ ਹੋਕਾ ਸੁਣਾਈ ਦਿੱਤਾ, "ਸਿਲਾਈ ਮਸ਼ੀਨਾਂ ਠੀਕ ਕਰਵਾ ਲਓ...ਗੈਸੀ ਚੁੱਲ੍ਹੇ ਠੀਕ ਕਰਵਾ ਲਓ..."। ਅਮਰੀਕ ਨੇ ਮੈਨੂੰ ਪੁੱਛਿਆ, "ਤੂੰ ਹੋਕਾ ਸੁਣਿਆ ?" "ਹਾਂ" ਮੈਂ ਹੋਕੇ ਵੱਲ ਧਿਆਨ ਦਿੰਦਿਆਂ ਕਿਹਾ। "ਦੁਬਾਰਾ ਸੁਣ।" ਉਸ ਮੈਨੂੰ ਜ਼ੋਰ ਦੇ ਕੇ ਕਿਹਾ। ਜਦੋਂ ਅਗਲੀ ਵਾਰ ਹੋਕੇ ਦੀ ਆਵਾਜ਼ ਆਈ ਤਾਂ ਮੈਂ ਰਤਾ ਧਿਆਨ ਲਾ ਕੇ ਸੁਣੀ, ਪਰ ਹਾਲੇ ਵੀ ਮੇਰੇ ਪੱਲੇ ਕੋਈ ਖ਼ਾਸ ਗੱਲ ਨਾ ਪਈ। "ਕੀ ਪਤਾ ਲੱਗਿਆ...!" ਜੋ ਮੈਨੂੰ ਮਹਿਸੂਸ ਹੋਇਆ ਮੈਂ ਕਹਿ ਦਿੱਤਾ, "ਆਵਾਜ਼ ਕਾਫ਼ੀ ਪੱਕੀ ਹੈ ਤੇ ਕੁਝ ਸ਼ਬਦ ਨੱਕ ਵਿੱਚੋਂ ਬੋਲੇ ਗਏ ਹਨ।" "ਤੈਨੂੰ ਆਵਾਜ਼ ਦੀ ਪਛਾਣ ਨੀਂ ਆਈ...?" ਮੈਂ ਮੁੜ ਧਿਆਨ ਨਾਲ ਆਵਾਜ਼ ਸੁਣੀ। ਆਵਾਜ਼ ਜਾਣੀ-ਪਛਾਣੀ ਤਾਂ ਲੱਗ ਰਹੀ ਸੀ, ਪਰ ਹਾਲੇ ਵੀ ਸਿਆਣ ਨ੍ਹੀਂ ਸੀ ਆਈ। ਮੇਰੇ ਮਿੱਤਰ ਨੇ ਦੱਸਿਆ, "ਵੀਰ ਇਹ ਹੋਕਾ 'ਗਲੀ ਨੰਬਰ ਕੋਈ ਨਹੀਂ' ਦੇ ਰਿਹਾ ਹੈ।" ਮੇਰੇ ਦਿਮਾਗ ਦੇ ਘੋੜੇ ਦੌੜਨ ਲੱਗੇ, "ਹੈਂ... ਇਹ ਅਨੇਮਨ ਸਿੰਘ ਐ...। ਪੈਂਤੀ ਕਿਤਾਬਾਂ ਦਾ ਲੇਖਕ ਗਲੀਆਂ ਵਿੱਚ ਹੋਕੇ ਦਿੰਦਾ ਫਿਰਦੈ। ਕਿੰਨਾ ਉਹਦਾ ਪੰਜਾਬੀ ਮਾਂ ਬੋਲੀ ਲਈ ਸਾਹਿਤ 'ਤੇ ਕੀਤਾ ਕੰਮ ਬੋਲਦਾ ਹੈ।" ਥੋੜ੍ਹੀ ਦੇਰ ਲਈ ਤਾਂ ਮੈਂ ਸੁੰਨ ਹੀ ਹੋ ਗਿਆ ਸੀ।

ਅਮਰੀਕ ਨੇ ਉਸ ਨੂੰ ਬੁਲਾਉਣ ਬਾਰੇ ਸੁਲ੍ਹਾ ਮਾਰੀ, ਪਰ ਮੈਂ ਰੋਕ ਦਿੱਤਾ। ਉਹ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਮਿਹਨਤ ਦਾ ਹੋਕਾ ਦੇ ਰਿਹਾ ਸੀ। ਅਮਰੀਕ ਨੇ ਦੱਸਿਆ ਕਿ ਉਹ ਅਕਸਰ ਉਸ ਨੂੰ ਸਕੂਲ ਮਿਲਣ ਆ ਜਾਂਦਾ ਸੀ ਤੇ ਪਲ ਦੋ ਪਲ ਆਰਾਮ ਕਰਕੇ ਚਾਹ-ਪਾਣੀ ਪੀ ਕੇ ਚਲਾ ਜਾਂਦਾ ਸੀ। ਮੈਂ ਅਨੇਮਨ ਸਿੰਘ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ, ਉਹ ਮਾਨਸਾ ਬੱਸ ਅੱਡੇ ਕੋਲ ਹਕੀਮ ਦੇ ਕੰਮ ਕਰਦਾ ਸੀ। ਉਸ ਵੇਲੇ ਮੈਂ ਫ਼ੌਜ 'ਚ ਸੀ। ਬਾਅਦ ਵਿੱਚ ਉਹ ਹਕੀਮ ਦਾ ਦਵਾਖਾਨਾ ਬੰਦ ਹੋ ਗਿਆ ਸੀ। ਉਸ ਵੇਲੇ ਅਨੇਮਨ ਸਿੰਘ ਦੀਆਂ ਕਹਾਣੀਆਂ ਹਰਦੀਪ ਬੋਹਾ ਦੇ ਨਾਂਅ ਨਾਲ ਪੰਜਾਬੀ ਦੇ ਨਾਮਵਰ ਮੈਗਜ਼ੀਨਾਂ 'ਚ ਛਪਦੀਆਂ ਸਨ। ਜਦੋਂ ਉਸ ਦੀ ਕਹਾਣੀਆਂ ਦੀ ਪਹਿਲੀ ਕਿਤਾਬ 'ਗਲੀ ਨੰਬਰ ਕੋਈ ਨਹੀਂ...!' ਆਈ ਤਾਂ ਉਹ ਹਰਦੀਪ ਬੋਹਾ ਤੋਂ ਅਨੇਮਨ ਸਿੰਘ ਬਣ ਗਿਆ। ਉਸ ਦੀ ਇਸ ਕਿਤਾਬ ਨੇ ਸਾਹਿਤ ਪ੍ਰੇਮੀਆਂ ਵਿੱਚ ਉਸ ਦੀ ਚੰਗੀ ਪਛਾਣ ਬਣਾਈ। ਇਸ ਕਿਤਾਬ ਦੇ ਕਈ ਐਡੀਸ਼ਨ ਛਪੇ। ਉਸ ਨੂੰ ਬਹੁਤ ਮਾਣ-ਸਨਮਾਨ ਮਿਲੇ ਸਨ। ਉਸ ਨੇ ਬਾਲ ਸਾਹਿਤ 'ਤੇ ਵੀ ਕੰਮ ਕੀਤਾ। ਅਨੁਵਾਦ ਤੇ ਸੰਪਾਦਨਾ ਵੀ ਉਸ ਨੇ ਕਾਫ਼ੀ ਕੀਤੀ ਹੈ। ਮੈਂ ਥੋੜ੍ਹਾ ਪ੍ਰੇਸ਼ਾਨ ਸੀ ਕਿ ਗਲੀਆਂ 'ਚ ਮਸ਼ੀਨਾਂ ਤੇ ਗੈਸ ਚੁੱਲ੍ਹੇ ਠੀਕ ਕਰਨੇ ਉਸ ਨੇ ਕਦੋਂ ਤੋਂ ਸ਼ੁਰੂ ਕੀਤੇ ਸਨ।

ਮੈਨੂੰ ਯਾਦ ਹੈ ਉਸ ਨੇ ਮਾਨਸਾ ਵਿਖੇ ਰੋਜ਼ਾਨਾ ਛਪਦੇ ਵੱਡੇ ਅਖ਼ਬਾਰ ਦੇ ਦਫ਼ਤਰ ਵਿੱਚ ਵੀ ਕੰਮ ਕੀਤਾ ਸੀ, ਜੋ ਉਸ ਨੂੰ ਕੁਝ ਰਾਸ ਨਹੀਂ ਸੀ ਆਇਆ ਕਿਉਂਕਿ ਉਹ ਉਜਰਤ ਪੂਰੀ ਨਹੀਂ ਸੀ ਦਿੰਦੇ। ਢਿੱਡ ਦੀ ਅੱਗ ਲਈ ਇਨਸਾਨ ਨੂੰ ਬਹੁਤ ਕੁੱਝ ਕਰਨਾ ਪੈਂਦਾ। ਕਿਰਤ ਕਰਨੀ ਸਾਨੂੰ ਬਾਬੇ ਨਾਨਕ ਨੇ ਸਿਖਾਈ ਹੈ। ਕੰਮ ਕੋਈ ਵੱਡਾ ਛੋਟਾ ਨਹੀਂ ਹੁੰਦਾ... ਪਰ ਜਦੋਂ ਅਨੇਮਨ ਸਿੰਘ ਵਰਗੇ ਦਰਜਨਾਂ ਕਿਤਾਬਾਂ ਲਿਖਣ ਵਾਲਿਆਂ ਦੀ ਦਸ਼ਾ ਇਹ ਹੋਵੇ ਤਾਂ ਸਾਡੇ ਸਿਸਟਮ ਲਈ ਵੱਡੇ ਸਵਾਲ ਖੜ੍ਹੇ ਹੁੰਦੇ ਹਨ। ਕੀ ਸਾਡੀਆਂ ਸਰਕਾਰਾਂ ਨੂੰ ਅਜਿਹੇ ਲੇਖਕਾਂ ਦੀ ਬਾਂਹ ਨਹੀਂ ਫੜਨੀ ਚਾਹੀਦੀ ?ਅਨੇਮਨ ਵਰਗੇ ਲੇਖਕ ਗਲੀਆਂ ਦੀ ਖਾਕ ਛਾਣਦੇ ਇੱਕ ਦਿਨ ਇੰਝ ਹੀ ਦੁਨੀਆ ਤੋਂ ਕੂਚ ਕਰ ਜਾਣਗੇ। (ਬਾਕੀ ਸਫ਼ਾ 27 'ਤੇ)




## ਗ਼ਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਕਿੰਨੇ ਸੱਜਣ ਦੂਰ ਗਏ ਨੇ ਕਿੰਨੇ ਕੁ ਨਜ਼ਦੀਕ ਰਹੇ।
ਸੋਚ ਰਿਹਾ ਹਾਂ ਕਿੰਨੇ ਤੁਰ ਗਏ ਕਿੰਨੇ ਬਾਕੀ ਠੀਕ ਰਹੇ।
ਅਗਰ ਜ਼ਰੂਰਤ ਪੈ ਗਈ ਏ ਆਪਾਂ ਸਭ ਦਾ ਸਾਥ ਨਿਭਾਇਆ,
ਜੀਵਨ ਦੇ ਵਿੱਚ ਬੇਸ਼ੱਕ ਆਪਾਂ ਹਾਸ਼ੀਏ ਵਾਲੀ ਲੀਕ ਰਹੇ।
ਜਿਹੜੇ ਲੋਕੀਂ ਰਾਹ ਦਸੇਰਾ ਉਨ੍ਹਾਂ ਸ਼ੋਭਾ ਪਾਉਣੀ ਏ,
ਜੁਗਨੂੰ, ਦੀਪਕ, ਸੂਰਜ, ਤਾਰੇ ਨ੍ਹੇਰੇ ਦੇ ਪ੍ਰਤੀਕ ਰਹੇ।
ਤੇਜ਼ ਹਵਾਵਾਂ ਨੇ ਰੁੱਖਾਂ ਨੂੰ ਏਦਾਂ ਦੀ ਆਵਾਜ਼ ਹੈ ਬਖ਼ਸ਼ੀ,
ਬੰਦ ਗੁਫ਼ਾਵਾਂ ਦੇ ਵਿੱਚ ਰਹਿ ਕੇ ਜਿੱਦਾਂ ਲੋਕੀਂ ਚੀਕ ਰਹੇ।
ਨਾ ਉਡੀਕਾਂ ਨਾ ਉਮੀਦਾਂ ਨਾ ਮੰਗੀ ਮਦਦ ਕਿਸੇ ਤੋਂ,
ਮੇਰੇ ਦੁੱਖ ਵਿੱਚ ਮੇਰੇ ਹਾਸੇ ਅਪਣੇ ਆਪ ਸ਼ਰੀਕ ਰਹੇ।
ਫੁੱਲਾਂ ਉੱਤੇ ਸ਼ਬਨਮ ਏਦਾਂ ਪੱਥਰ ਹੋ ਕੇ ਰਹਿ ਗਈ ਏ,
ਅੱਜ ਵੀ ਤੜਕ ਸਵੇਰੇ ਤੈਨੂੰ ਗੁਲਸ਼ਨ ਵਿੱਚ ਉਡੀਕ ਰਹੇ।
ਮੇਰੀ ਇਹ ਕਮਜ਼ੋਰੀ ਨਈਂ ਏ ਸਿਰਫ਼ ਤਿਰਾ ਰਾਜ਼ ਛੁਪਾਇਆ,
ਮੇਰੇ ਹੰਝੂ ਤਾਂ ਹੀ ਦਿਲ ਵਿੱਚ ਰੁਕ ਕੇ ਪਲਕਾਂ ਤੀਕ ਰਹੇ।
ਹਾਕਮ ਦੇ ਦਰਬਾਰ 'ਚ ਸਾਰੇ ਨੇਤਾ ਅੰਨ੍ਹੇ ਬੋਲ਼ੇ ਨੇ,
ਬਸਤੀ ਦੇ ਵਿੱਚ ਕੀ ਕੁਝ ਹੋਇਆ ਕਿਉਂ ਲੋਕੀਂ ਫਿਰ ਚੀਕ ਰਹੇ।
ਬਾਲਮ ਉਹੋ ਹਰ ਸੱਚੇ ਵਿੱਚ ਢਲ ਨਾ ਹੋਏ ਆਖ਼ਿਰ ਤਕ,
ਜਿਹੜੇ ਲੋਕ ਵਿਚਾਰਾਂ ਅੰਦਰ ਰੇਤੇ ਵਾਂਗ ਬਾਰੀਕ ਰਹੇ।

## ਨਾ ਰੋਲੋ ਅਨਾਜ

ਹਰਪ੍ਰੀਤ ਪੱਤੋ

ਕਿਉਂ ਨੀ ਚੁੱਕਦੇ, ਦੇਰ ਕਿਉਂ ਲਾਈ ਜਾਂਦੇ,
ਰੁਲੇ ਮੰਡੀਆਂ ਵਿੱਚ ਅਨਾਜ ਬਾਬਾ।
ਟਰਾਲੀ ਲਾਹੁਣ ਨੂੰ ਮਿਲੇ ਨਾ ਥਾਂ ਕੋਈ,
ਕੰਮ ਕਰੇ ਨਾ, ਕੋਈ ਲਿਹਾਜ਼ ਬਾਬਾ।
ਕਿੰਨੇ ਦਿਨ ਹੋਏ ਕਿਸਾਨ ਬੈਠਿਆਂ ਨੂੰ,
ਲੜੀ ਜਾਂਵਦੀ ਪਿੰਡੇ ਖਾਜ ਬਾਬਾ।
ਫ਼ਸਲ ਆਉਣੋਂ ਪਹਿਲਾਂ ਨੀਂ ਪ੍ਰਬੰਧ ਕੀਤੇ,
ਉਦੋਂ ਸੁਣੀ ਨੀਂ ਕੋਈ ਆਵਾਜ਼ ਬਾਬਾ।
ਰੁਕੇ ਪਏ ਦੁਕਾਨਾਂ ਦੇ ਸਭ ਲੈਣ ਦੇਣੇ,
ਪਵੇ ਰਕਮ ਨੂੰ ਵਾਧੂ ਵਿਆਜ ਬਾਬਾ।
ਵੋਟਾਂ ਤੋਂ ਪਹਿਲਾਂ ਕਰੇ ਇਕਰਾਰ ਜਿਹੜੇ,
ਉੱਘੜਦੇ ਜਾਂਦੇ ਝੂਠੇ ਪਾਜ ਬਾਬਾ।
ਪੱਤੋ, ਚੁੱਕੋ ਫ਼ਸਲਾਂ ਹੋਣ ਕਿਸਾਨ ਵਿਹਲੇ,
ਕਰਨ ਆਪਣਾ ਕੋਈ ਕੰਮ ਕਾਜ ਬਾਬਾ।

## ਗ਼ਜ਼ਲ

ਰੋਜ਼ੀ ਸਿੰਘ

ਉਹ ਜੋ ਸ਼ਾਮ ਸੀ ਤੇਰੇ ਸ਼ਹਿਰ ਦੀ, ਮੇਰੇ ਸੁਪਨਿਆਂ ਵਿੱਚ ਆ ਗਈ।
ਇੱਕ ਨਸ਼ਾ ਰਗਾਂ 'ਚ ਉੱਤਰ ਗਿਆ, ਨਜ਼ਰ 'ਚ ਮਸਤੀ ਸਮਾ ਗਈ।
ਜਿਹੜੀ ਬਾਤ ਉਸਨੇ ਸੁਣੀ ਨਹੀਂ, ਮੇਰੀ ਉਮਰ ਭਰ ਦੀ ਸੀ ਜੁਸਤਜੂ,
ਉਹ ਘੜੀ ਦੋ ਪਲ ਦੀ ਸੀ ਆਰਜ਼ੂ ਮੈਨੂੰ ਖ਼ਾਬ ਕੀ-ਕੀ ਦਿਖਾ ਗਈ।
ਮੈਥੋਂ ਖ਼ਤ 'ਚ ਨਾ ਸਿਮਟ ਸਕੇ, ਮੇਰੇ ਦਿਲ 'ਚ ਜੋ ਵੀ ਸਵਾਲ ਸਨ,
ਤੇਰੇ ਦਿਲ 'ਚ ਸੀ ਜੋ ਨਾਰਾਜ਼ਗੀ, ਉਹ ਤਾਂ ਨੀਂਦ ਮੇਰੀ ਉਡਾ ਗਈ।
ਤੇਰਾ ਪਿਆਰ ਮੇਰਾ ਇਮਾਨ ਹੈ, ਮੇਰੇ ਦਿਲ 'ਚ ਤੇਰਾ ਸਥਾਨ ਹੈ,
ਮੇਰੀ ਤਾਂ ਤਬੀਅਤ ਬਦਲ ਗਈ, ਦਿਲ ਦੀ ਜ਼ਮੀਂ ਨਸ਼ਿਆ ਗਈ।
ਤੇਰੀ ਯਾਦ ਦਾ ਇਹ ਜੋ ਸਿਲਸਿਲਾ, ਮੇਰੇ ਜੀਣ ਦੇ ਲਈ ਏ ਹੌਂਸਲਾ,
ਮੇਰੇ ਮਨ 'ਚ ਸੀ ਜੋ ਵੀ ਦਾਸਤਾਨ ਉਹ ਤੇਰੀ ਜ਼ੁਬਾਨ 'ਤੇ ਆ ਗਈ।
ਉਹਦਾ ਵਾਹ ਰਕੀਬਾਂ ਦੇ ਨਾਲ ਹੈ, ਮੈਨੂੰ ਇਹੋ ਤਾਂ ਬਸ ਮਲਾਲ ਹੈ,
ਘੁਣ ਵਾਂਙ ਉਸ ਦੀ ਇਹ ਬੇਰੁਖ਼ੀ, ਮੈਨੂੰ ਖਾਂਦੀ ਖਾਂਦੀ ਖਾ ਗਈ।

## ਮਜਬੂਰੀ

ਭੁਪਿੰਦਰ ਸਿੰਘ ਭਿੰਡਾ

ਸੱਜਣ ਗੱਲ ਕਰਦੇ ਨੀ, ਕੀ ਹੈ ਮਜਬੂਰੀ,
ਦਿਲ 'ਚ ਵਸਾ ਕੇ ਕਿਉਂ, ਰੱਖਦੇ ਨੇ ਦੂਰੀ।
ਮਸਲੇ ਦਾ ਹੱਲ, ਮਿਹਨਤ ਨਾਲ ਹੁੰਦਾ ਹੈ,
ਸੌਖੀ ਨਹੀਂ ਹੁੰਦੀ, ਪੱਗ ਬੰਨਣੀ ਸੰਧੂਰੀ।
ਬਾਬਲ ਦਾ ਦੇਸ਼ ਛੱਡਕੇ, ਤੇਰੇ ਲੜ ਲਗੀ,
ਦੁਨੀਆਂ ਤੋਂ ਵਧਕੇ ਸਾਥ, ਦੋਵਾਂ ਦਾ ਜ਼ਰੂਰੀ।
ਪੇਕੇ ਘਰ ਧੀ ਰਾਣੀ, ਸਹੁਰੇ ਘਰ ਵਹੁਟੀ,
ਇਹ ਗੱਲ ਕਿਸ ਨੇ ਤੋਰੀ, ਪਾਤੀ ਭਸੂੜੀ।
ਗੁਝਾ ਇਹ ਭੇਤ ਧੀ ਦਾ, ਕੋਈ ਨਾ ਸਮਝੇ,
ਮਮਤਾ ਕਿਉਂ ਮਿਲਦੀ, ਦੋਹਾਂ ਪਾਸਿਓਂ ਅਧੂਰੀ।
ਹਕ ਬਰਾਬਰ ਰੱਖੀ, ਬਹੁਤਾ ਨਾ ਮੰਗਦੀ,
ਲਾਵਾਂ ਜੋ ਚਾਰ ਲਈਆਂ, ਇਹੀ ਗੱਲ ਪੂਰੀ॥

## ਗ਼ਜ਼ਲ

ਗੁਰਵਿੰਦਰ ਸਿੰਘ 'ਗੋਸਲ'

ਜਿਸ ਬੰਦੇ ਦਾ ਮੰਗ ਕੇ ਖੀਸਾ ਭਰ ਜਾਂਦਾ ਹੈ।
ਸਮਝੋ ਉਸ ਦਾ ਕੰਮ ਬਿਨਾਂ ਵੀ, ਸਰ ਜਾਂਦਾ ਹੈ।
ਦੁੱਖ 'ਚ ਅਪਣਾ ਹੋਵੇ ਜੇ ਕੋਈ ਨਾਲ ਖੜ੍ਹਾ,
ਤਾਂ ਫਿਰ ਬੰਦਾ ਲੱਖਾਂ ਦੁੱਖ ਵੀ ਜਰ ਜਾਂਦਾ ਹੈ।
ਬੰਦਾ ਇਹ ਨਾ ਸੋਚੇ ਮੈਂ ਗ਼ਲਤੀ ਕਰਦਾ ਨਈਂ,
ਜੀਵਨ ਦੇ ਵਿੱਚ ਬੰਦਾ ਗਲ਼ਤੀ ਕਰ ਜਾਂਦਾ ਹੈ।
ਜਿਉਂਦੇ ਜੀਅ ਤਾਂ ਜਿਸ ਨੂੰ ਮਾੜਾ ਆਖਣ ਲੋਕੀ,
ਐਪਰ ਚੰਗਾ ਆਖਣ ਜਦ ਉਹ ਮਰ ਜਾਂਦਾ ਹੈ।
ਉਸ ਨੂੰ ਚੇਤੇ ਰੱਖਣ ਲੋਕ ਕਦੇ ਨਾ ਭੁੱਲਣ,
ਸੱਚ ਲਈ ਜੋ ਜਾਨ ਤਲੀ 'ਤੇ ਧਰ ਜਾਂਦਾ ਹੈ।
ਜਿਹੜਾ ਮਨ ਚਿੱਤ ਲਾ ਕੇ ਪੜ੍ਹਦਾ ਨਿੱਤ ਗੁਰਬਾਣੀ,
'ਗੋਸਲ' ਉਸ ਦਾ ਡੁੱਬਦਾ ਬੇੜਾ ਤਰ ਜਾਂਦਾ ਹੈ।

## ਹਨ੍ਹੇਰੇ ਖ਼ਿਲਾਫ਼ ਜਗਦਾ ਦੀਵਾ

ਨਰਿੰਦਰ ਸਿੰਘ ਸੰਧੂ



ਜਿੱਥੇ ਜ਼ੁਲਮ ਨੇ ਪਾਈਆਂ ਸੀ ਅੰਨ੍ਹੀਆਂ ਰਾਤਾਂ,
ਉੱਥੇ ਦੀਵਾ ਬਣ ਕੇ ਤੂੰ ਜਗਿਆ ਸੀ।
ਲਾਵਾਰਿਸ ਕਹਿ ਕੇ ਜਿਹੜੇ ਫੂਕ ਦਿੱਤੇ,
ਤੂੰ ਉਹਨਾਂ ਦਰਦਾਂ ਦਾ ਵਾਰਿਸ ਬਣਿਆ ਸੀ।
ਖਾਲੜਾ ਪਿੰਡ ਦਾ ਉਹ ਸੂਰਮਾ ਯੋਧਾ,
ਹਿੱਕ ਤਣ ਕੇ ਜਬਰ ਦੇ ਮੂਹਰੇ ਖੜ੍ਹ ਗਿਆ।
ਸਰਕਾਰੀ ਤਸ਼ੱਦਦ ਵੀ ਜਿਹਨੂੰ ਝੁਕਾ ਨਾ ਸਕਿਆ,
ਉਹ ਹੱਕ-ਸੱਚ ਦੀ ਐਸੀ ਲੜਾਈ ਲੜ ਗਿਆ।
ਰਜਿਸਟਰਾਂ ਦੇ ਪੰਨਿਆਂ ਵਿੱਚੋਂ ਲੱਭ ਕੇ ਨਾਮ,
ਤੂੰ ਰੋਂਦੇ ਹੋਏ ਮਾਪਿਆਂ ਨੂੰ ਆਵਾਜ਼ ਦਿੱਤੀ।
ਜਿਹਨਾਂ ਦੇ ਪੁੱਤ ਪਾਣੀਆਂ ਵਿੱਚ ਗੁੰਮ ਹੋ ਗਏ,
ਤੂੰ ਉਹਨਾਂ ਬੇਜ਼ੁਬਾਨਾਂ ਨੂੰ ਇੱਕ ਪਰਵਾਜ਼ ਦਿੱਤੀ।
"ਜੇ ਸੂਰਜ ਡੁੱਬਣ ਲੱਗਾ ਹੈ ਤਾਂ ਕੀ ਹੋਇਆ,
ਇੱਕ ਦੀਵਾ ਤਾਂ ਹਨ੍ਹੇਰੇ ਖਿਲਾਫ਼ ਬਾਲਣਾ ਏ"
ਇਹ ਕਹਿ ਕੇ ਤੂੰ ਖ਼ੁਦ ਨੂੰ ਬਾਲ ਦਿੱਤਾ,
ਤੂੰ ਗੁੰਮਰਾਹਾਂ ਦੇ ਰਾਹ ਦਾ ਚਾਨਣਾ ਏ।
ਤੈਨੂੰ ਖ਼ਤਮ ਕਰਨ ਵਾਲੇ ਤਾਂ ਮਿੱਟੀ ਹੋ ਗਏ,
ਪਰ ਤੇਰਾ ਨਾਮ ਸਾਡੇ ਦਿਲਾਂ 'ਚ ਉਲੀਕ ਹੋ ਗਿਆ।
ਲਿਖੇ ਨਰਿੰਦਰ, ਜਸਵੰਤ ਸਿੰਘ ਖਾਲੜਾ ਸਦਾ ਅਮਰ ਰਹੂ,
ਜੋ ਮਨੁੱਖੀ ਹੱਕਾਂ ਲਈ ਜੂਝਦਾ-ਜੂਝਦਾ ਸ਼ਹੀਦ ਹੋ ਗਿਆ।

ਪਿੰਡ ਰਾਮਪੁਰਾ, ਜ਼ਿਲ੍ਹਾ ਬਠਿੰਡਾ ਮੋ: 98766-37839

## ਖਲਾਅ

ਅਮਰਜੀਤ ਦਸੂਆ



ਉੱਖੜੇ ਪੈਰ ਜ਼ਿੰਦਗੀ ਦੇ ਦੇਖ ਰਿਹਾ ਹਾਂ,
ਤਿੜਕੇ ਸ਼ੀਸ਼ੇ ਵਿੱਚ ਕਿਰਦਾਰ ਦੇਖ ਰਿਹਾ ਹਾਂ।
ਧੁੱਪ ਬਿਨਾਂ ਤਪਸ਼ ਤੇ ਬੱਦਲ ਬਿਨਾਂ ਬਿਜਲੀ,
ਮੌਸਮ ਦੇ ਅਜਬ ਇਸ਼ਾਰੇ ਦੇਖ ਰਿਹਾ ਹਾਂ।
ਮੈਂ ਪੱਥਰ ਦਾ ਰੱਬ ਆਪ ਤਰਾਸ਼ਿਆ ਸੀ,
ਹੁਣ ਬੰਜਰ ਹੋਈ ਜ਼ਮੀਰ ਦੇਖ ਰਿਹਾ ਹਾਂ।
ਦੋ ਪਰਛਾਵੇਂ ਇੱਕ ਬੰਦੇ ਦੇ ਦਿਸਦੇ ਨੇ,
ਬੰਦੇ ਨੂੰ ਬੰਦਾ ਖਾਂਦਾ ਦੇਖ ਰਿਹਾ ਹਾਂ।
ਮੇਰੇ ਕੱਖ ਡੁੱਬ ਗਏ ਵਿੱਚ ਪਾਣੀ ਦੇ,
ਪੱਥਰ ਤੇਰੇ ਤਰਦੇ ਮੈਂ ਦੇਖ ਰਿਹਾ ਹਾਂ।
ਰਾਤ ਪਰਛਾਵੇਂ ਦਿਨੇ ਘੁੱਪ ਹਨੇਰਾ ਹੈ,
ਪਾਣੀ ਨਾਲ ਤ੍ਰੇਹ ਲੜਦੇ ਦੇਖ ਰਿਹਾ ਹਾਂ।
ਉੱਚੇ ਹੋ ਰਹੇ ਮਹਿਲ ਮਕਾਨ ਪਿੰਡਾਂ ਦੇ,
ਮਰੇ ਹੋਏ ਕਿਰਦਾਰ ਮੈਂ ਦੇਖ ਰਿਹਾ ਹਾਂ।
ਜ਼ਾਲਮ ਪੋਹੀ ਰੱਤ ਉਬਾਲੇ ਮਾਰ ਰਹੀ,
ਮਜ਼ਲੂਮ ਢਿੱਡੀਂ ਅੱਗ ਮੈਂ ਦੇਖ ਰਿਹਾ ਹਾਂ।
ਲੋਕ ਸੌਣੋਂ ਮੁਨਕਰ ਡਰਦੇ ਸੁਪਨਿਆਂ ਤੋਂ,
ਸੁੰਨੀਆਂ ਅੱਖੀ 'ਚ ਹੰਝੂ ਦੇਖ ਰਿਹਾ ਹਾਂ।
'ਅਮਰ' ਖ਼ਾਹਿਸ਼ਾਂ ਦੇ ਬੂਟੇ ਪਾਲ ਰਿਹਾ ਹੈ,
ਹੁਸੀਨ ਰੁੱਤਾਂ ਉਡੀਕਦਾ ਦੇਖ ਰਿਹਾ ਹਾਂ।

## ਸਮੇਂ ਦੀ ਪਾਬੰਦੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

ਨਹੀਂ ਸਮੇਂ ਉੱਤੇ ਜਾਣਾ, ਕਰਨਾ ਸਦਾ ਹੀ ਬਹਾਨਾ,
ਕਰੇ ਇਤਰਾਜ਼ ਜਦੋਂ ਕੋਈ, ਅੱਗੋਂ ਠੁੱਠ ਹੀ ਦਿਖਾਣਾ,
ਹੱਦ ਢੀਠਤਾ ਦੀ ਲੰਘ, ਹਾਸੀ ਹੱਸਣੀ ਨਿਸੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

ਸਮਾਂ ਹੋਵੇ ਭਾਵੇਂ ਖ਼ੁਸ਼ੀ ਦਾ, ਤੇ ਭਾਵੇਂ ਹੋਵੇ ਗ਼ਮੀ,
ਜਿਹੜਾ ਲੇਟ ਹੋ ਕੇ ਘੜੇ, ਸਦਾ ਘਾੜਤ ਹੀ ਨਵੀਂ,
ਐਸੇ ਸੱਜਣਾ ਨੂੰ ਸਦਾ, ਕਿਹਾ ਜਾਂਵਦਾ ਪਖੰਡੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

ਚੜ੍ਹ ਸਟੇਜਾਂ ਉੱਤੇ ਜਦੋਂ, ਢੀਠ ਮਾਈਕ ਫੜ ਲੈਂਦੇ,
ਗੱਲ ਛੇਤੀ ਨਹੀਂ ਮੁਕਾਉਂਦੇ, ਸਗੋਂ ਚੌੜੇ ਹੁੰਦੇ ਰਹਿੰਦੇ,
ਲੱਖ ਮਿੰਨਤਾਂ ਵੀ ਕਰੋ, ਭੁੱਲ ਜਾਣ ਹਰ ਪਾਬੰਦੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

## ਮਾਂ

ਪ੍ਰਤਾਪ 'ਪਾਰਸ' ਗੁਰਦਾਸਪੁਰੀ



ਸਿਰ ਦੇ ਉੱਤੇ ਜਦ ਤੱਕ ਹੱਥ ਨੇ ਮਾਵਾਂ ਦੇ।
ਜ਼ੋਰ ਨਹੀਂ ਚੱਲਦੇ ਮਿੱਤਰੋ ਕਦੇ ਬਲਾਵਾਂ ਦੇ।
ਔਕੜ-ਮੁਸ਼ਕਿਲ ਪੁੱਤਾਂ ਨੂੰ ਕੋਈ ਆਵੇ ਨਾ,
ਖ਼ੈਰਾਂ ਮੰਗਣ ਮਾਵਾਂ ਵਿੱਚ ਦੁਆਵਾਂ ਦੇ।
ਧੁੱਪਾਂ-ਤਪਸ਼ਾਂ ਦੇ ਵਿੱਚ ਮਾਵਾਂ ਕੜਦੀਆਂ ਨੇ,
ਬੱਚਿਆਂ ਨੂੰ ਪਰ ਰੱਖਦੀਆਂ ਨੇ ਵਿੱਚ ਛਾਵਾਂ ਦੇ।
ਹਰ ਆਫ਼ਤ ਵੀ ਡਰ ਕੇ ਪਾਸੇ ਹੋ ਜਾਂਦੀ,
ਮਾਵਾਂ ਖੜ੍ਹੀਆਂ ਹੋਵਣ ਜਦ ਵਿੱਚ ਰਾਹਵਾਂ ਦੇ।
ਮਾਂ ਦੀ ਹੱਲਾਸ਼ੇਰੀ ਪੁੱਤਰ ਪਰਬਤ 'ਤੇ,
ਥਾਪੀ ਸ਼ਕਤੀ ਭਰ ਦਿੰਦੀ ਵਿੱਚ ਬਾਹਵਾਂ ਦੇ।
ਪੁੱਤਰ ਜਾ ਕੇ ਪਰਦੇਸਾਂ ਵਿੱਚ ਵੱਸੇ ਨੇ,
ਮਾਵਾਂ ਪੁੱਤ ਵਸਾਏ ਨੇ ਵਿੱਚ ਸਾਹਵਾਂ ਦੇ।
ਪੁੱਤਰ ਖ਼ੁਸ਼ੀਆਂ ਲੱਭਦੇ ਫਿਰਦੇ ਦੁਨੀਆਂ 'ਚੋਂ,
ਮਾਵਾਂ ਖ਼ੁਸ਼ ਨੇ ਵਿੱਚ ਪੁੱਤਾਂ ਦਿਆਂ ਚਾਵਾਂ ਦੇ।
'ਪਾਰਸ' ਜਿਹੜੀ ਥਾਂ 'ਤੇ ਮਾਂ ਦੇ ਪੈਰ ਪਏ,
ਮੈਂ ਸਦਕੇ ਬਲਿਹਾਰੇ ਉਨ੍ਹਾਂ ਥਾਵਾਂ ਦੇ।

## ਇਹੀ ਡਰ ਲੱਗਾ ਰਹੇ...

ਡਾ. ਲਾਭ ਸਿੰਘ ਖੀਵਾ

ਕੋਈ ਨਾ ਖ਼ਰੀਦੇ ਫੇਰ, ਵਿਕੇ ਹੋਏ ਬੰਦੇ ਨੂੰ।
ਕਰੇ ਨਾ ਸਲਾਮ ਕੋਈ, ਝੁਕੇ ਹੋਏ ਝੰਡੇ ਨੂੰ।
ਕਿਸੇ ਕਿਸੇ ਕਿਸੇ ਨੂੰ, ਉੱਡ ਗਲ਼ੇ ਲਾਈਦਾ।
ਕਿਸੇ ਵੱਲ ਪਿੱਠ ਫੇਰ, ਕੋਲੋਂ ਲੰਘ ਜਾਈਦਾ।
ਚੁੰਮਿਆ ਨਾ ਜਾਂਦਾ ਕਦੇ, ਪੈਰ ਚੁਭੇ ਕੰਡੇ ਨੂੰ।
ਕੁਝ ਵੀ ਸਥਾਈ ਨਹੀਂ, ਇਸ ਕਾਇਨਾਤ 'ਚ।
ਜਾਨੀ ਸ਼ਾਮ ਤੱਕ ਦਾ, ਰੰਗਲੀ ਬਰਾਤ 'ਚ।
ਪਿੰਡ ਪਿੱਛੋਂ ਯਾਦ ਰੱਖੂ, ਕੀਤੇ ਚੰਗੇ-ਮੰਦੇ ਨੂੰ।
ਜ਼ਮੀਰਾਂ ਨਾ ਸੰਭਾਲੀਆਂ, ਜ਼ਮੀਨਾਂ ਨਾ ਸੰਭਾਲੀਆਂ।
ਅਣਖੀ ਪੰਜਾਬ ਨੇ, ਵਿਦੇਸ਼ ਠੋਹੀਆਂ ਭਾਲੀਆਂ।
ਉੱਡ ਗਿਆ ਚੋਗ ਲਈ, ਮਿਹਣਾ ਕੀ ਪਰਿੰਦੇ ਨੂੰ?
ਕੰਡਮੇ ਦੇ ਕੱਟੇ-ਵੱਛੇ, ਮੋਟੇ-ਭਾਰੇ ਕਰਕੇ।
ਆਉਣ ਵਾਲੀ ਪੀੜ੍ਹੀ ਲਈ, ਗੁਦਾਮ-ਕੋਠੇ ਭਰ ਕੇ।
ਫੇਰ ਵੀ ਸੇਵਾ ਕਹਿੰਦੇ, ਸਿਆਸਤ ਦੇ ਧੰਦੇ ਨੂੰ।
ਇਸ਼ਾਰਾ ਕਿਸੇ ਹੋਰ ਦਾ, ਨਾਅਰਾ ਕਿਸੇ ਹੋਰ ਦਾ,
ਰਾਖੇ ਸਾਡੇ ਧੀਆਂ-ਪੁੱਤ, ਮਾਲ ਕਿਸੇ ਚੋਰ ਦਾ।
ਗੰਜਿਆਂ ਦੀ ਭੀੜ ਕਹਿੰਦੀ ਮੋਹਰ ਲਾਇਓ ਕੰਘੇ ਨੂੰ।
ਅੱਜ ਅਸਮਾਨੇ ਜਿਹੜੀ, ਗੁੱਡੀ ਚੜ੍ਹੀ ਹੋਈ ਹੈ।
ਉਹਨੂੰ ਵੀ ਪਤਾ ਹੈ, ਡੋਰ ਕੀਹਨੇ ਫੜੀ ਹੋਈ ਹੈ।
ਦੋਵਾਂ ਦਾ ਸਹੇਲਪੁਣਾ ਦਿਸਦਾ ਹੈ ਅੰਧੇ ਨੂੰ।
ਪੱਤੀ ਪੱਤੀ ਕਰਕੇ, ਹੁਸਨ ਖੋਹਿਆ ਫੁੱਲ ਦਾ।
ਪੰਜ ਆਬਾਂ ਵਾਲਿਆ, ਤੂੰ ਪਾਣੀ ਪੀਂਦਾ ਮੁੱਲ ਦਾ।
ਵਰਤ ਗਿਆ ਸ਼ਿਕਾਰੀ ਕੋਈ, ਤੇਰੇ ਸੁੰਨੇ ਕੰਧੇ ਨੂੰ।
ਭਾਵੇਂ ਕੁੱਜਾ ਟੁੱਟ ਜਾਵੇ, ਥੰਦਾ ਵੱਖ ਕਰੇ ਨਾ।
ਤੇਰੇ ਵਿੱਚੋਂ ਨਾਬਰੀ, ਪੰਜਾਬ ਸਿਆਂ ਮਰੇ ਨਾ।
ਇਹੀ ਡਰ ਲੱਗਾ ਰਹੇ, ਅੱਜ ਦੇ 'ਔਰੰਗੇ' ਨੂੰ।

# ਫ਼ੀਫ਼ਾ ਵਿਸ਼ਵ ਫ਼ੁੱਟਬਾਲ ਕੱਪ ਦਾ ਜੇਤੂ ਬਣਿਆ ਸਪੇਨ

## ਫਾਈਨਲ ਮੁਕਾਬਲੇ 'ਚ ਅਰਜਨਟੀਨਾ ਨੂੰ 1-0 ਨਾਲ ਹਰਾਇਆ, ਫੈਰਾਨ ਟੋਰੇਸ ਨੇ ਵਾਧੂ ਸਮੇਂ ਵਿੱਚ ਕੀਤਾ ਇਕਲੌਤਾ ਗੋਲ



ਈਸਟ ਰਦਰਫ਼ੋਰਡ (ਅਮਰੀਕਾ)/ ਏ.ਟੀ.ਨਿਊਜ਼: ਫ਼ੀਫ਼ਾ ਆਲਮੀ ਕੱਪ ਵਿੱਚ ਸਪੇਨ ਦੀ ਟੀਮ ਐਨੀ ਸ਼ਾਨਦਾਰ ਸੀ ਕਿ ਲਿਓਨਲ ਮੈਸੀ ਕੋਲ ਵੀ ਉਨ੍ਹਾਂ ਦਾ ਕੋਈ ਜਵਾਬ ਨਹੀਂ ਸੀ। ਜਦੋਂ ਮੈਚ ਖ਼ਤਮ ਹੋਇਆ, ਸਪੇਨ ਦੀ ਟੀਮ ਟਰਾਫ਼ੀ ਲੈ ਕੇ ਬਾਹਰ ਆਈ ਤੇ ਮੈਸੀ ਬੱਸ ਅੱਖਾਂ ਵਿੱਚ ਅੱਥਰੂ ਲੈ ਕੇ ਮੈਦਾਨ ਤੋਂ ਬਾਹਰ ਚਲਾ ਗਿਆ। ਸਪੇਨ ਦੂਜੀ ਵਾਰ ਫ਼ੁੱਟਬਾਲ ਦੀ ਦੁਨੀਆ ਦੇ ਸਿਖਰ 'ਤੇ ਪਹੁੰਚ ਗਿਆ, ਜਦੋਂ ਫ਼ੈਰਾਨ ਟੋਰੇਸ ਦੇ ਇਸ ਸਾਲ ਦੇ ਆਲਮੀ ਕੱਪ ਦੇ ਪਹਿਲੇ ਗੋਲ ਜੋ ਬਿਨਾਂ ਸ਼ੱਕ ਉਸ ਦੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਗੋਲ ਸੀ, ਨੇ ਪਿਛਲੇ ਦਿਨੀਂ ਖੇਡੇ ਗਏ ਫ਼ਾਈਨਲ ਵਿੱਚ ਉਸ ਦੇ ਦੇਸ਼ ਨੂੰ ਮੌਜੂਦਾ ਚੈਂਪੀਅਨ ਅਰਜਨਟੀਨਾ 'ਤੇ 1-0 ਨਾਲ ਜਿੱਤ ਦਿਵਾਈ।

ਟੋਰੇਸ ਨੇ ਸਪੇਨ ਦੀ ਆਬਾਦੀ ਦਾ ਹਵਾਲਾ ਦਿੰਦੇ ਹੋਏ ਕਿਹਾ, "ਇਹ 4.7 ਕਰੋੜ ਲੋਕਾਂ ਵੱਲੋਂ ਕੀਤਾ ਗਿਆ ਗੋਲ ਸੀ।" ਸ਼ਾਇਦ ਉਨ੍ਹਾਂ ਵੱਲੋਂ ਨਹੀਂ, ਪਰ ਨਿਸ਼ਚਿਤ ਤੌਰ 'ਤੇ ਉਨ੍ਹਾਂ ਲਈ ਸੀ। ਇਹ ਗੋਲ ਉਦੋਂ ਹੋਇਆ ਜਦੋਂ ਨਿਰਧਾਰਤ ਸਮੇਂ ਦੇ ਆਖ਼ਰੀ ਮਿੰਟਾਂ ਵਿੱਚ ਐਂਜ਼ੋ ਫ਼ਰਨਾਂਡੇਜ਼ ਨੂੰ ਰੈੱਡ ਕਾਰਡ ਦਿਖਾ ਕੇ ਬਾਹਰ ਭੇਜ ਦਿੱਤਾ ਗਿਆ ਸੀ, ਜਿਸ ਨਾਲ ਅਰਜਨਟੀਨਾ ਦੀ ਟੀਮ 10 ਖਿਡਾਰੀਆਂ ਨਾਲ ਖੇਡ ਰਹੀ ਸੀ। ਉਦੋਂ ਮਾਹੌਲ ਭਖ ਗਿਆ ਸੀ ਅਤੇ ਫ਼ਾਈਨਲ ਸੀਟੀ ਤੋਂ ਬਾਅਦ ਅਰਜਨਟੀਨਾ ਦੇ ਕੋਚ ਲਿਓਨਲ ਸਕਾਲੋਨੀ ਅਤੇ ਦੋਵਾਂ ਟੀਮਾਂ ਦੇ ਖਿਡਾਰੀਆਂ ਵਿਚਕਾਰ ਧੱਕਾਮੁੱਕੀ ਹੁੰਦੀ ਦੇਖੀ ਗਈ।

ਅਖੀਰ ਵਿੱਚ, ਸਪੇਨ ਨੇ ਮੈਸੀ ਨੂੰ ਉਸ ਦੇ ਸੰਭਾਵੀ ਆਖਰੀ ਆਲਮੀ ਕੱਪ ਮੈਚ ਵਿੱਚ ਲਗਾਤਾਰ ਦੂਜਾ ਖ਼ਿਤਾਬ ਜਿੱਤਣ ਤੋਂ ਰੋਕ ਦਿੱਤਾ। ਦੂਜੇ ਅੱਧ ਵਿੱਚ ਬਦਲਵੇਂ ਖਿਡਾਰੀ ਵਜੋਂ ਆਏ ਟੋਰੇਸ ਨੇ 106ਵੇਂ ਮਿੰਟ ਵਿੱਚ ਪੈਨਲਟੀ ਬਾਕਸ ਵਿੱਚ ਟੱਪਾ ਖਾਂਦੀ ਗੇਂਦ ਨੂੰ ਆਪਣੇ ਖੱਬੇ ਪੈਰ ਨਾਲ ਸ਼ਾਟ ਮਾਰ ਕੇ ਕਰਾਸਬਾਰ ਦੇ ਹੇਠਾਂ ਗੋਲ ਵਿੱਚ ਪਹੁੰਚਾ ਦਿੱਤਾ। ਉਸ ਤੋਂ ਬਾਅਦ, ਸਪੇਨ ਦੇ ਮਜ਼ਬੂਤ ਡਿਫ਼ੈਂਸ ਜਿਸ ਨੇ ਪੂਰੇ ਟੂਰਨਾਮੈਂਟ ਦੌਰਾਨ ਵਿਰੋਧੀ ਟੀਮਾਂ 'ਤੇ ਦਬਾਅ ਬਣਾ ਕੇ ਰੱਖਿਆ ਸੀ, ਆਖ਼ਰੀ ਵਾਰ ਆਪਣਾ ਕਮਾਲ ਦਿਖਾਇਆ। 2010 ਵਿੱਚ ਵੀ ਖ਼ਿਤਾਬ ਜਿੱਤਣ ਵਾਲੇ ਸਪੇਨ ਨੇ ਇਸ ਆਲਮੀ ਕੱਪ ਦੇ ਅੱਠ ਮੈਚਾਂ ਵਿੱਚ ਸਿਰਫ਼ ਇੱਕ ਗੋਲ ਹੋਣ ਦਿੱਤਾ, ਜੋ ਚੈਂਪੀਅਨ ਟੀਮ ਵੱਲੋਂ ਸਭ ਤੋਂ ਘੱਟ ਗੋਲ ਕਰਵਾਉਣ ਦਾ ਰਿਕਾਰਡ ਹੈ। ਉੱਧਰ, 65 ਸਾਲ ਦੀ ਉਮਰ ਵਿੱਚ ਆਲਮੀ ਕੱਪ ਖ਼ਿਤਾਬ ਜਿੱਤਣ ਵਾਲੇ ਸਭ ਤੋਂ ਉਮਰਦਰਾਜ਼ ਕੋਚ ਬਣੇ ਸਪੇਨ ਦੇ ਕੋਚ ਲੁਈਸ ਡੀ ਲਾ ਫ਼ੁਐਂਤੇ ਨੇ ਕਿਹਾ, "ਮੈਂ ਸੱਚਮੁੱਚ ਮਾਣ ਮਹਿਸੂਸ ਕਰ ਰਿਹਾ ਹਾਂ। ਇਸ ਸਫ਼ਰ ਵਿੱਚ ਉਨ੍ਹਾਂ ਦਾ ਸਾਥ ਦੇਣਾ ਮੇਰੇ ਲਈ ਮਾਣ ਵਾਲੀ ਗੱਲ ਹੈ।"

ਇਹ ਖ਼ਿਤਾਬ, 2023 ਵਿੱਚ ਸਪੇਨ ਵੱਲੋਂ ਜਿੱਤੇ ਗਏ ਮਹਿਲਾ ਆਲਮੀ ਕੱਪ ਦੇ ਨਾਲ ਮਿਲ ਕੇ, ਇਸ ਯੂਰੋਪੀਅਨ ਦੇਸ਼ ਨੂੰ ਇੱਕੋ ਸਮੇਂ ਪੁਰਸ਼ ਅਤੇ ਮਹਿਲਾ ਦੋਵਾਂ ਖ਼ਿਤਾਬਾਂ 'ਤੇ ਕਬਜ਼ਾ ਕਰਨ ਵਾਲਾ ਪਹਿਲਾ ਦੇਸ਼ ਬਣਾਉਂਦਾ ਹੈ। ਮੈਡ੍ਰਿਡ ਦੀਆਂ ਸੜਕਾਂ 'ਤੇ ਅਤੇ ਸ਼ਾਇਦ ਸਪੇਨ ਦੀਆਂ ਹੋਰ ਕਈ ਥਾਵਾਂ 'ਤੇ ਅਣਗਿਣਤ ਲੋਕ ਸੜਕਾਂ 'ਤੇ ਉਤਰ ਆਏ ਅਤੇ ਇਸ ਜਿੱਤ ਦਾ ਜਸ਼ਨ ਮਨਾਉਂਦੇ ਰਹੇ।

**ਮੈਸੀ ਭਰੇ ਮਨ ਨਾਲ ਵਿਦਾ ਹੋਇਆ**

ਈਸਟ ਰਦਰਫ਼ੋਰਡ (ਅਮਰੀਕਾ): ਲਿਓਨਲ ਮੈਸੀ ਹੋਰ ਕੋਈ ਜਾਦੂ ਨਹੀਂ ਚਲਾ ਸਕਿਆ। ਆਪਣੇ ਆਲਮੀ ਕੱਪ ਦੀ ਸ਼ੁਰੂਆਤ ਤੋਂ 20 ਸਾਲ ਬਾਅਦ ਅਤੇ ਅਜਿਹੇ ਕੈਰੀਅਰ ਮਗਰੋਂ ਜਿਸ ਨੇ ਉਨ੍ਹਾਂ ਨੂੰ ਫ਼ੁੱਟਬਾਲ ਦੇ ਮਹਾਨ ਖਿਡਾਰੀਆਂ ਪੇਲੇ ਅਤੇ ਡਿਏਗੋ ਮੈਰਾਡੋਨਾ ਤੋਂ ਵੀ ਉੱਪਰ ਪਹੁੰਚਾ ਦਿੱਤਾ, 39 ਸਾਲ ਦੀ ਉਮਰ ਵਿੱਚ ਉਹ ਅਰਜਨਟੀਨਾ ਨੂੰ ਅੱਧੀ ਸਦੀ ਤੋਂ ਵੀ ਵੱਧ ਸਮੇਂ ਵਿੱਚ ਲਗਾਤਾਰ ਦੂਜੀ ਵਾਰ ਚੈਂਪੀਅਨ ਨਹੀਂ ਬਣਾ ਸਕਿਆ। ਮੈਟਲਾਈਫ਼ ਸਟੇਡੀਅਮ ਵਿੱਚ ਪਹਿਲੀ ਸੀਟੀ ਵਜਣ ਤੋਂ ਹੀ ਸਪੇਨ ਨੇ ਅਰਜਨਟੀਨਾ 'ਤੇ ਦਬਾਅ ਬਣਾ ਕੇ ਰੱਖਿਆ, ਜਿੱਥੇ 80663 ਦਰਸ਼ਕਾਂ ਵਿੱਚੋਂ ਜ਼ਿਆਦਾਤਰ ਮੈਸੀ ਨੂੰ ਦੁਬਾਰਾ ਤਾਜ ਪਹਿਨਦੇ ਦੇਖਣਾ ਚਾਹੁੰਦੇ ਸਨ। ਵਾਧੂ ਸਮੇਂ ਦੇ ਦੂਜੇ ਅੱਧ ਵਿੱਚ ਸਿਰਫ਼ 37 ਸਕਿੰਟ ਬਾਅਦ ਫ਼ੈਰਾਨ ਟੋਰੇਸ ਨੇ ਗੋਲ ਕਰ ਕੇ ਸਪੇਨ ਨੂੰ 1-0 ਨਾਲ ਜਿੱਤ ਦਿਵਾਈ ਅਤੇ ਉਸ ਦਾ ਦੂਜਾ ਆਲਮੀ ਕੱਪ ਖ਼ਿਤਾਬ ਦਿਵਾਇਆ। ਮੈਸੀ ਦੇ ਦੂਜੀ ਵਾਰ ਚੈਂਪੀਅਨ ਬਣਨ ਦੀ ਬਜਾਏ, ਆਲਮੀ ਕੱਪ ਦਾ ਤਾਜ ਸਪੇਨ ਦੇ ਹੱਥਾਂ ਵਿੱਚ ਚਲਾ ਗਿਆ ਤੇ ਮੈਸੀ ਆਪਣੇ ਹੰਝੂ ਰੋਕਦੇ ਹੋਏ ਬਹੁਤ ਨਿਰਾਸ਼ ਨਜ਼ਰ ਆ ਰਿਹਾ ਸੀ।

## ਫਰਾਂਸ ਦੇ ਖਿਡਾਰੀ ਕਿਲੀਅਨ ਐਮਬਾਪੇ ਨੇ ਗੋਲਡਨ ਬੂਟ ਜਿੱਤ ਕੇ ਰਚ ਦਿੱਤਾ ਇਤਿਹਾਸ



ਬੇਸ਼ੱਕ ਫ਼ਰਾਂਸ ਦੀ ਟੀਮ ਫ਼ੀਫ਼ਾ ਵਰਲਡ ਕੱਪ-2026 ਦੇ ਫ਼ਾਈਨਲ ਵਿੱਚ ਨਹੀਂ ਪਹੁੰਚ ਸਕੀ ਪਰ ਉਸ ਦੇ ਸਟਾਰ ਖਿਡਾਰੀ ਕਿਲੀਅਨ ਐਮਬਾਪੇ ਨੇ ਇਤਿਹਾਸ ਜ਼ਰੂਰ ਰਚ ਦਿੱਤਾ ਹੈ। ਸਪੇਨ ਨੇ ਫ਼ਰਾਂਸ ਨੂੰ ਸੈਮੀਫ਼ਾਈਨਲ 'ਚ ਹਰਾ ਕੇ ਬਾਹਰ ਕਰ ਦਿੱਤਾ ਸੀ। ਫ਼ਰਾਂਸ ਨੇ ਫ਼ਿਰ ਤੀਜੇ ਸਥਾਨ ਲਈ ਇੰਗਲੈਂਡ ਨਾਲ ਮੁਕਾਬਲਾ ਕੀਤਾ ਜਿਸ ਵਿੱਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਇਸ ਮੁਕਾਬਲੇ 'ਚ ਉਨ੍ਹਾਂ ਨੇ ਦੋ ਗੋਲ ਕੀਤੇ ਸਨ ਅਤੇ ਇਹੀ ਗੋਲ ਉਨ੍ਹਾਂ ਲਈ ਇਤਿਹਾਸ ਰਚਣ ਲਈ ਕਾਫ਼ੀ ਸਾਬਤ ਹੋਏ। ਐਮਬਾਪੇ ਨੇ ਪੂਰੇ ਟੂਰਨਾਮੈਂਟ 'ਚ 10 ਗੋਲ ਕੀਤੇ ਅਤੇ ਇਸ ਦੇ ਨਾਲ ਹੀ ਉਹ ਸਭ ਤੋਂ ਵੱਧ ਗੋਲ ਕਰਕੇ ਗੋਲਡਨ ਬੂਟ ਐਵਾਰਡ ਜਿੱਤਣ ਵਿੱਚ ਸਫ਼ਲ ਰਹੇ। ਇਹ ਗੋਲਡਨ ਬੂਟ ਉਸ ਖਿਡਾਰੀ ਨੂੰ ਦਿੱਤਾ ਜਾਂਦਾ ਹੈ ਜਿਸ ਦੇ ਵਰਲਡ ਕੱਪ ਵਿੱਚ ਸਭ ਤੋਂ ਵੱਧ ਗੋਲ ਹੁੰਦੇ ਹਨ।

ਇਸ ਗੋਲਡਨ ਬੂਟ ਨੂੰ ਆਪਣੇ ਨਾਂਅ ਕਰਨ ਦੇ ਨਾਲ ਹੀ ਐਮਬਾਪੇ ਨੇ ਇਤਿਹਾਸ ਰਚ ਦਿੱਤਾ ਹੈ। ਉਹ ਲਗਾਤਾਰ ਦੋ ਵਾਰ ਇਹ ਗੋਲਡਨ ਬੂਟ ਜਿੱਤਣ ਵਾਲੇ ਇਤਿਹਾਸ ਦੇ ਪਹਿਲੇ ਖਿਡਾਰੀ ਬਣ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਤਰ 'ਚ ਸਾਲ 2022 'ਚ ਖੇਡੇ ਗਏ ਵਰਲਡ ਕੱਪ ਵਿੱਚ ਵੀ ਗੋਲਡਨ ਬੂਟ ਆਪਣੇ ਨਾਂਅ ਕੀਤਾ ਸੀ। ਇਸ ਸੀਜ਼ਨ ਐਮਬਾਪੇ ਨੇ ਅੱਠ ਮੈਚਾਂ 'ਚ 10 ਗੋਲ ਕੀਤੇ ਹਨ। ਉੱਥੇ ਹੀ ਕਤਰ ਵਿੱਚ ਉਨ੍ਹਾਂ ਨੇ ਅੱਠ ਗੋਲ ਕੀਤੇ ਸਨ ਅਤੇ ਆਪਣੀ ਟੀਮ ਨੂੰ ਫ਼ਾਈਨਲ ਵਿੱਚ ਲੈ ਗਏ ਸਨ ਪਰ ਉੱਥੇ ਅਰਜਨਟੀਨਾ ਤੋਂ ਹਾਰ ਗਏ ਸਨ।

ਇਸ ਦੇ ਨਾਲ ਹੀ ਐਮਬਾਪੇ 1970 ਤੋਂ ਬਾਅਦ ਫ਼ੀਫ਼ਾ ਵਰਲਡ ਕੱਪ ਵਿੱਚ ਦੋਹਰੀ ਗਿਣਤੀ 'ਚ ਗੋਲ ਕਰਨ ਵਾਲੇ ਪਹਿਲੇ ਖਿਡਾਰੀ ਬਣ ਗਏ ਹਨ। ਉਨ੍ਹਾਂ ਤੋਂ ਪਹਿਲਾਂ ਜਰਡ ਮੁਲਰ ਨੇ ਇਹ ਕਾਰਨਾਮਾ ਕੀਤਾ ਸੀ। ਇੱਕ ਵਰਲਡ ਕੱਪ ਵਿੱਚ ਐਮਬਾਪੇ ਤੋਂ ਵੱਧ ਗੋਲ 1958 ਵਿੱਚ ਫ਼ਰਾਂਸ ਦੇ ਹੀ ਜਸਟ ਫ਼ੋਂਟੇਨ ਅਤੇ 1954 ਵਿੱਚ ਹੰਗਰੀ ਦੇ ਸੈਂਡੂਰ ਕੋਕਸਿਸ ਨੇ ਕੀਤੇ ਸਨ। ਫ਼ੋਂਟੇਨ ਦੇ ਨਾਂ 13 ਗੋਲ ਸਨ ਜਦਕਿ ਸੈਂਡੂਰ ਦੇ ਨਾਂਅ 11 ਗੋਲ ਸਨ।

## ਸਪੇਨ ਨੂੰ ਟਰਾਫੀ ਦੇ ਨਾਲ ਮਿਲੇ 50 ਮਿਲੀਅਨ ਡਾਲਰ

ਵਾਧੂ ਸਮੇਂ ਦੇ ਦੂਜੇ ਹਾਫ ਵਿਚ ਫੇਰਾਨ ਟੋਰੇਸ ਦੇ ਕਮਾਲ ਦੇ ਗੋਲ ਨਾਲ ਸਪੇਨ ਨੇ ਅਰਜਨਟੀਨਾ ਨੂੰ 1-0 ਨਾਲ ਹਰਾ ਕੇ ਫੀਫਾ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਂ ਕਰ ਲਿਆ। ਸਪੇਨ ਨੇ 16 ਸਾਲ ਦੇ ਇੰਤਜ਼ਾਰ ਤੋਂ ਬਾਅਦ ਆਪਣਾ ਦੂਜਾ ਖਿਤਾਬ ਜਿੱਤਿਆ ਹੈ। ਚੈਂਪੀਅਨ ਬਣਦੇ ਹੀ ਸਪੇਨ ਨੂੰ ਫੀਫਾ ਦੀ ਚਮਕਦੀ ਹੋਈ ਟਰਾਫੀ ਦੇ ਨਾਲ ਇਨਾਮੀ ਰਾਸ਼ੀ ਦੇ ਤੌਰ 'ਤੇ ਵੀ ਭਾਰੀ ਰਕਮ ਮਿਲੀ। ਚੈਂਪੀਅਨ ਸਪੇਨ ਨੂੰ ਇਨਾਮੀ ਰਾਸ਼ੀ ਦੇ ਰੂਪ ਵਿਚ ਲਗਭਗ 50 ਮਿਲੀਅਨ ਡਾਲਰ ਯਾਨੀ 48140000000 ਰੁਪਏ (4814 ਕਰੋੜ ਰੁਪਏ) ਦੀ ਧਨਰਾਸ਼ੀ ਵੀ ਪ੍ਰਾਪਤ ਹੋਈ ਹੈ।

ਸਪੇਨ ਤੋਂ ਇਲਾਵਾ ਪਿਛਲੀ ਵਾਰ ਦੀ ਚੈਂਪੀਅਨ ਅਰਜਨਟੀਨਾ ਵੀ ਫਾਈਨਲ ਵਿਚ ਹਾਰ ਦੇ ਬਾਵਜੂਦ ਮਾਲਾਮਾਲ ਹੋਈ। ਉਪ-ਜੇਤੂ ਦੇ ਰੂਪ ਵਿਚ ਅਰਜਨਟੀਨਾ ਨੂੰ ਇਨਾਮੀ ਰਾਸ਼ੀ ਦੇ ਤੌਰ 'ਤੇ 33 ਮਿਲੀਅਨ ਅਮਰੀਕੀ ਡਾਲਰ (ਲਗਭਗ 3177 ਕਰੋੜ ਰੁਪਏ) ਮਿਲਣਗੇ। ਇਸ ਤੋਂ ਇਲਾਵਾ ਤੀਜੇ ਸਥਾਨ 'ਤੇ ਰਹਿਣ ਵਾਲੀ ਇੰਗਲੈਂਡ ਦੀ ਟੀਮ ਨੂੰ 29 ਮਿਲੀਅਨ ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਮਿਲੇਗੀ, ਜੋ ਭਾਰਤੀ ਕਰੰਸੀ ਵਿਚ ਲਗਭਗ 2792 ਕਰੋੜ ਰੁਪਏ ਹੈ। ਫੀਫਾ ਵੱਲੋਂ ਜੋ ਵੀ ਇਨਾਮ ਮਿਲੇਗਾ, ਉਸਨੂੰ ਟੀਮ ਦੇ ਸਾਰੇ ਖਿਡਾਰੀਆਂ ਅਤੇ ਸਪੋਰਟ ਸਟਾਫ ਵਿਚ ਵੰਡਿਆ ਜਾਵੇਗਾ।

## ਪ੍ਰਸ਼ੰਸਕਾਂ ਨੇ ਖੁੱਲ੍ਹ ਕੇ ਖਰਚਿਆ ਪੈਸਾ



ਈਸਟ ਰਦਰਫ਼ੋਰਡ (ਅਮਰੀਕਾ): ਟੌਮ ਕਰੂਜ਼ ਨੇ ਆਲਮੀ ਕੱਪ ਵਿੱਚ ਇਹ ਭਾਸ਼ਣ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਫ਼ੁੱਟਬਾਲ ਕਿਸ ਤਰ੍ਹਾਂ ਦੁਨੀਆ ਨੂੰ ਜੋੜਦਾ ਹੈ ਅਤੇ ਕਿਵੇਂ ਮਹਾਨ ਖਿਡਾਰੀਆਂ ਨੇ ਸਮੁੰਦਰਾਂ ਅਤੇ ਸਰਹੱਦਾਂ ਨੂੰ ਪਾਰ ਕੀਤਾ ਹੈ? ਅਰਜਨਟੀਨਾ ਅਤੇ ਸਪੇਨ ਦੇ ਪ੍ਰਸ਼ੰਸਕਾਂ ਦੀਆਂ ਘੰਟੀਆਂ, ਸੀਟੀਆਂ ਅਤੇ ਢੋਲ-ਧਮੱਕੇ ਦੇ ਸ਼ੋਰ-ਸ਼ਰਾਬੇ ਵਿਚਕਾਰ ਅਦਾਕਾਰ ਦੀ ਆਵਾਜ਼ ਸੁਣਨਾ ਲਗਪਗ ਅਸੰਭਵ ਸੀ। ਇਹ ਪ੍ਰਸ਼ੰਸਕ ਆਲਮੀ ਕੱਪ ਫ਼ਾਈਨਲ ਦੇਖਣ ਲਈ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰ ਕੇ ਆਏ ਸਨ ਅਤੇ ਟਿਕਟਾਂ, ਬੀਅਰਾਂ ਅਤੇ ਨਕਲੀ ਵਾਲਾਂ (ਵਿਗ) 'ਤੇ ਹਜ਼ਾਰਾਂ ਡਾਲਰ ਖਰਚ ਕਰ ਚੁੱਕੇ ਸਨ। ਲਿਓਨਲ ਮੈਸੀ ਜੋ ਸੰਭਾਵੀ ਤੌਰ 'ਤੇ ਆਪਣੇ ਆਖਰੀ ਆਲਮੀ ਕੱਪ ਮੈਚ ਵਿੱਚ ਖੇਡ ਰਿਹਾ ਸੀ, ਨੂੰ ਅਲਵਿਦਾ ਕਹਿਣ ਲਈ ਟਿਕਟ ਦੀ ਕੋਈ ਵੀ ਕੀਮਤ ਜ਼ਿਆਦਾ ਨਹੀਂ ਸੀ। ਅਰਜਨਟੀਨਾ ਦੇ ਪ੍ਰਸ਼ੰਸਕ ਮੈਨੂਅਲ ਲੋਪੇਜ਼ ਮੈਕੋਟਾ ਅਤੇ ਉਨ੍ਹਾਂ ਦਾ ਇੱਕ ਦੋਸਤ ਬਿਊਨਸ ਆਇਰਸ ਤੋਂ ਨਿਊ ਜਰਸੀ ਵਾਧੂ ਸਮੇਂ ਵਿੱਚ ਫ਼ੈਰਾਨ ਟੋਰੇਸ ਦੇ ਗੋਲ ਨਾਲ ਅਰਜਨਟੀਨਾ 'ਤੇ ਸਪੇਨ ਦੀ 1-0 ਦੀ ਜਿੱਤ ਦੇਖਣ ਆਏ ਸਨ। ਮੈਕੋਟਾ ਨੇ ਦੱਸਿਆ, "ਟਿਕਟ ਦੀ ਕੀਮਤ ਅਮਰੀਕੀ ਕਰੰਸੀ ਵਿੱਚ ਲਗਪਗ 10 ਹਜ਼ਾਰ ਡਾਲਰ ਸੀ।"

## 5 ਸਾਲਾਂ 'ਚ 16 ਖ਼ਿਤਾਬ ਜਿੱਤਣ ਵਾਲਾ ਪਹਿਲਾ ਦੇਸ਼ ਬਣਿਆ ਸਪੇਨ

ਇੱਕ ਸ਼ਬਦ ਅੱਜ-ਕੱਲ੍ਹ ਤੁਸੀਂ ਬਹੁਤ ਸੁਣਿਆ ਹੋਵੇਗਾ। ਇਹ ਸ਼ਬਦ ਹੈ 'ਔਰਾ' ਯਾਨੀ ਪ੍ਰਭਾਵ/ਆਭਾ। ਇਸ ਨੂੰ ਆਮ ਤੌਰ 'ਤੇ ਇਨਸਾਨ ਦੀ ਪਾਜ਼ੇਟਿਵਿਟੀ ਜਾਂ ਉਸ ਦੇ ਦਬਦਬੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਹੋ ਔਰਾ ਸਪੇਨ ਦਾ ਵਿਸ਼ਵ ਫ਼ੁੱਟਬਾਲ 'ਚ ਹੈ। ਇਹ ਸਿਰਫ਼ ਗੱਲਾਂ ਨਹੀਂ ਹਨ, ਅੰਕੜਿਆਂ ਦੀ ਕਹਾਣੀ ਹੈ ਜੋ ਜ਼ੋਰ-ਸ਼ੋਰ ਨਾਲ ਬਿਆਨ ਕਰ ਰਹੀ ਹੈ ਕਿ ਮੌਜੂਦਾ ਸਮੇਂ ਫ਼ੁੱਟਬਾਲ ਦਾ ਸਭ ਤੋਂ ਵੱਡਾ ਕਿੰਗ ਕੋਈ ਹੈ ਤਾਂ ਉਹ ਸਪੇਨ ਹੈ। ਅੰਕੜੇ ਇਹ ਹਨ... ਪੰਜ ਸਾਲਾਂ 'ਚ 16 ਖ਼ਿਤਾਬ।

ਇਹ ਆਸਾਨ ਨਹੀਂ ਹੈ। ਕਿਸੇ ਦੇਸ਼ ਦਾ ਇੰਨੇ ਖ਼ਿਤਾਬ ਜਿੱਤਣਾ ਉਹ ਵੀ ਫ਼ੁੱਟਬਾਲ ਵਰਗੇ ਖੇਡ 'ਚ ਜਿਸ ਨੂੰ ਦੁਨੀਆ ਦੇ ਸਭ ਤੋਂ ਵੱਧ ਦੇਸ਼ ਖੇਡਦੇ ਹਨ, ਦੱਸਦਾ ਹੈ ਕਿ ਸਪੇਨ ਨੇ ਕੀ ਕਮਾਲ ਕੀਤਾ। ਤਾਜ਼ਾ ਕਮਾਲ ਤਾਂ ਅਮਰੀਕਾ ਦੇ ਨਿਊਯਾਰਕ ਸ਼ਹਿਰ 'ਚ ਬਣੇ ਨਿਊਜਰਸੀ ਸਟੇਡੀਅਮ 'ਚ ਬੀਤੀ ਰਾਤ ਹੋਇਆ, ਜਿੱਥੇ ਸਪੇਨ ਨੇ ਫ਼ੀਫ਼ਾ ਵਰਲਡ ਕੱਪ-2026 ਦੇ ਫ਼ਾਈਨਲ 'ਚ ਅਰਜਨਟੀਨਾ ਨੂੰ ਮਾਤ ਦੇ ਕੇ 16 ਸਾਲਾਂ ਬਾਅਦ ਖ਼ਿਤਾਬ ਜਿੱਤਿਆ। ਇਸ ਤੋਂ ਪਹਿਲਾਂ ਸਪੇਨ ਦੀ ਪੁਰਸ਼ ਟੀਮ 2010 'ਚ ਵਿਸ਼ਵ ਵਿਜੇਤਾ ਬਣੀ ਸੀ।

**ਅਜਿਹਾ ਕਰਨ ਵਾਲਾ ਬਣਿਆ ਪਹਿਲਾ ਦੇਸ਼**

ਇਸੇ ਨਾਲ ਸਪੇਨ ਨੇ ਉਹ ਕੰਮ ਕਰ ਦਿੱਤਾ ਜੋ ਹੁਣ ਤੱਕ ਕੋਈ ਨਹੀਂ ਕਰ ਸਕਿਆ। ਸਪੇਨ ਦੀ ਪੁਰਸ਼ ਟੀਮ ਨੇ ਇਹ ਖ਼ਿਤਾਬ ਜਿੱਤਿਆ ਹੈ, ਜਦਕਿ ਉਸ ਦੀ ਮਹਿਲਾ ਟੀਮ ਨੇ ਸਾਲ 2023 'ਚ ਇੰਗਲੈਂਡ ਨੂੰ ਮਾਤ ਦੇ ਕੇ ਵਿਸ਼ਵ ਵਿਜੇਤਾ ਦਾ ਤਗਮਾ ਹਾਸਲ ਕੀਤਾ ਸੀ। ਇਸੇ ਨਾਲ ਸਪੇਨ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ ਜਿਸ ਕੋਲ ਇੱਕੋ ਸਮੇਂ ਮਹਿਲਾ ਤੇ ਪੁਰਸ਼ ਦੋਵਾਂ ਵਰਗਾਂ 'ਚ ਵਿਸ਼ਵ ਕੱਪ ਦੀ ਟਰਾਫ਼ੀ ਹੈ। ਉਸ ਤੋਂ ਪਹਿਲਾਂ ਇਹ ਕੰਮ ਕੋਈ ਨਹੀਂ ਕਰ ਸਕਿਆ। 2027 'ਚ ਸਪੇਨ ਦੀ ਮਹਿਲਾ ਟੀਮ ਆਪਣਾ ਖ਼ਿਤਾਬ ਬਚਾਉਣ ਉਤਰੇਗੀ।

ਸਪੇਨ ਦੀ ਪੁਰਸ਼ ਟੀਮ ਨੇ 2023 ਨੇਸ਼ਨਜ਼ ਲੀਗ ਅਤੇ 2024 'ਚ ਉਲੰਪਿਕ ਗੋਲਡ ਮੈਡਲ ਆਪਣੇ ਨਾਂਅ ਕੀਤਾ ਸੀ। ਉੱਥੇ ਹੀ ਮਹਿਲਾ ਟੀਮ ਨੇ 2024 ਅਤੇ 2025 'ਚ ਨੇਸ਼ਨਜ਼ ਲੀਗ ਦੀ ਟਰਾਫ਼ੀ ਚੁੱਕੀ। ਬੀਤੇ ਪੰਜ ਸਾਲਾਂ 'ਚ ਸਪੇਨ ਨੇ ਅੰਡਰ-17 ਤੋਂ ਲੈ ਕੇ ਸੀਨੀਅਰ ਟੀਮ ਤਕ ਮਹਿਲਾ ਅਤੇ ਰਸ਼ ਵਰਗ 'ਚ ਕੁੱਲ 16 ਖ਼ਿਤਾਬ ਆਪਣੇ ਨਾਂਅ ਕੀਤੇ ਹਨ।

ਮਹਿਲਾ ਫ਼ੁੱਟਬਾਲ 'ਚ ਸਪੇਨ- 11 ਖ਼ਿਤਾਬ

ਸੀਨੀਅਰ: ਇੱਕ ਵਰਲਡ ਕੱਪ (2023), ਦੋ ਨੇਸ਼ਨਜ਼ ਲੀਗ (2024 ਅਤੇ 2025)

ਅੰਡਰ-20: ਇੱਕ ਵਰਲਡ ਕੱਪ (2022)

ਅੰਡਰ-19: ਪੰਜ ਅੰਡਰ-19 ਯੂਰਪੀਅਨ ਚੈਂਪੀਅਨਸ਼ਿਪ (2022, 2023, 2024, 2025, 2026)

ਅੰਡਰ-17: ਇੱਕ ਵਰਲਡ ਕੱਪ (2022), ਇੱਕ ਯੂਰਪੀਅਨ ਚੈਂਪੀਅਨਸ਼ਿਪ (2024)

ਪੁਰਸ਼ ਟੀਮ ਦੇ ਖ਼ਿਤਾਬ- 5

ਸੀਨੀਅਰ ਟੀਮ: ਇੱਕ ਵਰਲਡ ਕੱਪ (2026), ਇੱਕ ਯੂਰਪੀਅਨ ਚੈਂਪੀਅਨਸ਼ਿਪ (2024), ਇੱਕ ਨੇਸ਼ਨਜ਼ ਲੀਗ (2023)

ਅੰਡਰ-23: ਇੱਕ ਉਲੰਪਿਕ ਗੋਲਡ ਮੈਡਲ (2024)

ਅੰਡਰ-19: ਇੱਕ ਯੂਰਪੀਅਨ ਚੈਂਪੀਅਨਸ਼ਿਪ (2026)



### ਆਪਣੀ ਕਲਾਕਾਰੀ ਰਾਹੀਂ ਵੱਖਰੀ ਪਛਾਣ ਬਣਾ ਚੁੱਕੀ

# ਸੁਨੀਤਾ ਧੀਰ



**ਵਿਕਾਸ ਵਰਮਾ ਧੂਰੀ**

ਪੰਜਾਬੀ ਫ਼ਿਲਮ ਜਗਤ ਦੀ ਗੱਲ ਕੀਤੀ ਜਾਵੇ ਤਾਂ ਕੁਝ ਅਜਿਹੇ ਕਲਾਕਾਰਾਂ ਦੇ ਨਾਮ ਆਪਣੇ ਆਪ ਜ਼ੁਬਾਨ 'ਤੇ ਆ ਜਾਂਦੇ ਹਨ ਜਿਨ੍ਹਾਂ ਨੇ ਆਪਣੀ ਕਲਾ, ਮਿਹਨਤ ਅਤੇ ਸਮਰਪਣ ਨਾਲ ਦਰਸ਼ਕਾਂ ਦੇ ਦਿਲਾਂ ਵਿੱਚ ਸਥਾਈ ਥਾਂ ਬਣਾਈ ਹੈ। ਸੁਨੀਤਾ ਧੀਰ ਵੀ ਉਨ੍ਹਾਂ ਚੋਣਵੇਂ ਕਲਾਕਾਰਾਂ ਵਿੱਚੋਂ ਇੱਕ ਹੈ ਜਿਸ ਨੇ ਪੰਜਾਬੀ ਸਿਨੇਮਾ ਦੇ ਸੁਨਹਿਰੀ ਦੌਰ ਤੋਂ ਲੈ ਕੇ ਆਧੁਨਿਕ ਯੁੱਗ ਤੱਕ ਆਪਣੀ ਅਦਾਕਾਰੀ ਦਾ ਸਫ਼ਰ ਸ਼ਾਨਦਾਰ ਢੰਗ ਨਾਲ ਜਾਰੀ ਰੱਖਿਆ ਹੈ। ਇੱਕ ਅਦਾਕਾਰਾ, ਰੰਗਮੰਚ ਕਲਾਕਾਰ, ਅਧਿਆਪਕਾ, ਲੇਖਿਕਾ ਅਤੇ ਨਿਰਦੇਸ਼ਕ ਵਜੋਂ ਉਸ ਦੀ ਪਛਾਣ ਪੰਜਾਬੀ ਕਲਾ ਜਗਤ ਵਿੱਚ ਬਹੁਤ ਮਾਣਯੋਗ ਹੈ।

ਪਟਿਆਲਾ ਵਿਖੇ ਪੈਦਾ ਹੋਈ ਸੁਨੀਤਾ ਧੀਰ ਨੇ ਬਚਪਨ ਤੋਂ ਹੀ ਕਲਾ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਸਕੂਲ ਅਤੇ ਕਾਲਜ ਦੇ ਦਿਨਾਂ ਵਿੱਚ ਉਹ ਨਾਟਕਾਂ, ਭਾਸ਼ਣ ਮੁਕਾਬਲਿਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸਰਗਰਮ ਰਹਿੰਦੀ ਸੀ। ਉਸ ਦੇ ਅੰਦਰ ਮੌਜੂਦ ਕਲਾਕਾਰ ਨੇ ਜਲਦੀ ਹੀ ਆਪਣੀ ਵੱਖਰੀ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ। ਉੱਚ ਸਿੱਖਿਆ ਦੌਰਾਨ ਉਸ ਨੇ ਨਾਟਕ ਕਲਾ ਅਤੇ ਸਾਹਿਤ ਦਾ ਗੰਭੀਰ ਅਧਿਐਨ ਕੀਤਾ। ਉਸ ਦਾ ਮੰਨਣਾ ਹੈ ਅਦਾਕਾਰੀ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਸਮਾਜ ਨੂੰ ਦਰਪਣ ਦਿਖਾਉਣ ਵਾਲੀ ਇੱਕ ਤਾਕਤ ਹੈ। ਇਹੀ ਸੋਚ ਉਸ ਦੇ ਪੂਰੇ ਕਲਾਤਮਕ ਸਫ਼ਰ ਵਿੱਚ ਨਜ਼ਰ ਆਉਂਦੀ ਹੈ।

ਫ਼ਿਲਮਾਂ ਵਿੱਚ ਆਉਣ ਤੋਂ ਪਹਿਲਾਂ ਸੁਨੀਤਾ ਧੀਰ ਨੇ ਪੰਜਾਬੀ ਰੰਗਮੰਚ ਵਿੱਚ ਆਪਣੀ ਥਾਂ ਮਜ਼ਬੂਤ ਪਛਾਣ ਬਣਾਈ। ਉਸ ਨੇ ਕਈ ਪ੍ਰਸਿੱਧ ਨਾਟਕਾਂ ਵਿੱਚ ਕੰਮ ਕੀਤਾ ਅਤੇ ਮੰਚ ਉੱਤੇ ਆਪਣੇ ਸੰਵਾਦਾਂ, ਹਾਵ-ਭਾਵ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਰੰਗਮੰਚ ਨੇ ਉਸ ਨੂੰ ਅਦਾਕਾਰੀ ਦੀਆਂ ਬਾਰੀਕੀਆਂ ਸਿਖਾਈਆਂ ਅਤੇ ਕਿਰਦਾਰ ਨੂੰ ਡੂੰਘਾਈ ਨਾਲ ਸਮਝਣ ਦੀ ਕਲਾ ਦਿੱਤੀ। ਉਸ ਦੇ ਨਾਟਕਾਂ ਵਿੱਚ ਨਿਭਾਏ ਕਿਰਦਾਰਾਂ ਨੇ ਇਹ ਸਾਬਤ ਕੀਤਾ ਕਿ ਉਹ ਸਿਰਫ਼ ਇੱਕ ਅਦਾਕਾਰਾ ਨਹੀਂ, ਸਗੋਂ ਇੱਕ ਗੰਭੀਰ ਕਲਾਕਾਰ ਹੈ ਜੋ ਹਰ ਭੂਮਿਕਾ ਨੂੰ ਜੀਵੰਤ ਬਣਾ ਸਕਦੀ ਹੈ।

ਸਾਲ 1980 ਦੇ ਦਹਾਕੇ ਵਿੱਚ ਆਈ ਪੰਜਾਬੀ ਫ਼ਿਲਮ 'ਚੰਨ ਪਰਦੇਸੀ' ਨੇ ਸੁਨੀਤਾ ਧੀਰ ਨੂੰ ਪੰਜਾਬੀ ਫ਼ਿਲਮ ਉਦਯੋਗ ਵਿੱਚ ਇੱਕ ਨਵੀਂ ਪਛਾਣ ਦਿੱਤੀ। ਇਸ ਫ਼ਿਲਮ ਵਿੱਚ ਉਸ ਦੀ ਅਦਾਕਾਰੀ ਨੂੰ ਦਰਸ਼ਕਾਂ ਅਤੇ ਫ਼ਿਲਮ ਸਮੀਖਿਆਕਾਰਾਂ ਨੇ ਬੇਹੱਦ ਸਰਾਹਿਆ। ਇਹ ਫ਼ਿਲਮ ਨਾ ਸਿਰਫ਼ ਵਪਾਰਕ ਤੌਰ 'ਤੇ ਸਫ਼ਲ ਰਹੀ, ਸਗੋਂ ਪੰਜਾਬੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਸਥਾਨ ਹਾਸਲ ਕਰਨ ਵਿੱਚ ਵੀ ਕਾਮਯਾਬ ਰਹੀ।

ਇਸ ਫ਼ਿਲਮ ਦੀ ਸਫ਼ਲਤਾ ਤੋਂ ਬਾਅਦ ਉਹ ਪੰਜਾਬੀ ਫ਼ਿਲਮ ਜਗਤ ਦਾ ਜਾਣਿਆ-ਪਛਾਣਿਆ ਨਾਮ ਬਣ ਗਈ ਅਤੇ ਉਸ ਦੀ ਗਿਣਤੀ ਪੰਜਾਬੀ ਸਿਨੇਮਾ ਦੀਆਂ ਪ੍ਰਮੁੱਖ ਅਭਿਨੇਤਰੀਆਂ ਵਿੱਚ ਹੋਣ ਲੱਗੀ।

ਸੁਨੀਤਾ ਧੀਰ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਸ ਨੇ ਸਮੇਂ ਦੇ ਨਾਲ ਆਪਣੇ ਆਪ ਨੂੰ ਬਦਲਿਆ ਅਤੇ ਹਰ ਯੁੱਗ ਦੇ ਸਿਨੇਮਾ ਵਿੱਚ ਆਪਣੀ ਪ੍ਰਸੰਗਿਕਤਾ ਬਣਾਈ ਰੱਖੀ। ਜਿੱਥੇ ਉਸ ਨੇ 1980 ਅਤੇ 1990 ਦੇ ਦਹਾਕੇ ਦੀਆਂ ਪਰੰਪਰਾਗਤ ਪੰਜਾਬੀ ਫ਼ਿਲਮਾਂ ਵਿੱਚ ਕੰਮ ਕੀਤਾ, ਉੱਥੇ ਹੀ ਆਧੁਨਿਕ ਪੰਜਾਬੀ ਸਿਨੇਮਾ ਵਿੱਚ ਵੀ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾਈ।

ਨਵੇਂ ਦੌਰ ਦੀਆਂ ਫ਼ਿਲਮਾਂ ਵਿੱਚ ਉਸ ਵੱਲੋਂ ਨਿਭਾਏ ਮਾਂ, ਦਾਦੀ, ਪਰਿਵਾਰਕ ਮੁਖੀ ਅਤੇ ਸਮਾਜਿਕ ਚੇਤਨਾ ਵਾਲੇ ਕਿਰਦਾਰਾਂ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਉਸ ਦੀ ਅਦਾਕਾਰੀ ਵਿੱਚ ਤਜਰਬੇ ਦੀ ਡੂੰਘਾਈ ਅਤੇ ਜੀਵਨ ਦੀ ਸੱਚਾਈ ਸਾਫ਼ ਨਜ਼ਰ ਆਉਂਦੀਹੈ। ਉਸ ਦੀ ਅਦਾਕਾਰੀ ਵਿੱਚ ਸਭ ਤੋਂ ਵੱਡੀ ਗੱਲ ਉਸਦੀ ਸਾਦਗੀ ਅਤੇ ਕੁਦਰਤੀਪਣ ਹੈ। ਉਸ ਦੀ ਅਦਾਕਾਰੀ ਵਿੱਚੋਂ ਕਦੇ ਵੀ ਬਣਾਉਟੀਪਣ ਨਹੀਂ ਝਲਕਿਆ। ਉਸ ਦੇ ਚਿਹਰੇ ਦੇ ਹਾਵ-ਭਾਵ, ਸੰਵਾਦ ਬੋਲਣ ਦਾ ਅੰਦਾਜ਼ ਅਤੇ ਭਾਵਨਾਵਾਂ ਦੀ ਪੇਸ਼ਕਾਰੀ ਦਰਸ਼ਕਾਂ ਨੂੰ ਸਿੱਧਾ ਕਹਾਣੀ ਨਾਲ ਜੋੜ ਦਿੰਦੀ ਹੈ। ਇਸੇ ਕਾਰਨ ਉਸ ਨੂੰ ਪੰਜਾਬੀ ਫ਼ਿਲਮ ਉਦਯੋਗ ਦੀਆਂ ਸਭ ਤੋਂ ਭਰੋਸੇਯੋਗ ਅਤੇ ਮਾਣਯੋਗ ਚਰਿੱਤਰ ਅਦਾਕਾਰਾਵਾਂ ਵਿੱਚ ਗਿਣਿਆ ਜਾਂਦਾ ਹੈ।


ਫ਼ਿਲਮਾਂ ਵਿੱਚ ਸਫ਼ਲਤਾ ਹਾਸਲ ਕਰਨ ਤੋਂ ਬਾਅਦ ਵੀ ਸੁਨੀਤਾ ਧੀਰ ਨੇ ਆਪਣੇ ਆਪ ਨੂੰ ਸਿਰਫ਼ ਅਦਾਕਾਰੀ ਤੱਕ ਸੀਮਿਤ ਨਹੀਂ ਰੱਖਿਆ। ਉਸ ਨੇ ਨਿਰਦੇਸ਼ਨ ਅਤੇ ਸਿੱਖਿਆ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ। ਉਹ ਨੌਜਵਾਨ ਕਲਾਕਾਰਾਂ ਨੂੰ ਅਦਾਕਾਰੀ ਦੀਆਂ ਬਾਰੀਕੀਆਂ ਸਿਖਾਉਣ ਅਤੇ ਉਨ੍ਹਾਂ ਦੀ ਰਹਿਨੁਮਾਈ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਉਸ ਦਾ ਮੰਨਣਾ ਹੈ ਕਿ ਕਲਾ ਸਿਰਫ਼ ਨਾਮ ਅਤੇ ਸ਼ੁਹਰਤ ਹਾਸਲ ਕਰਨ ਦਾ ਸਾਧਨ ਨਹੀਂ, ਸਗੋਂ ਸਮਾਜ ਨੂੰ ਬਿਹਤਰ ਬਣਾਉਣ ਦੀ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ।

ਸੁਨੀਤਾ ਧੀਰ ਹਮੇਸ਼ਾ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਵਿਰਸੇ ਦੇ ਪ੍ਰਚਾਰ ਨਾਲ ਜੁੜੀ ਰਹੀ। ਉਸ ਨੇ ਆਪਣੀਆਂ ਫ਼ਿਲਮਾਂ, ਨਾਟਕਾਂ ਅਤੇ ਜਨਤਕ ਮੰਚਾਂ ਰਾਹੀਂ ਪੰਜਾਬੀਅਤ ਨੂੰ ਉਤਸ਼ਾਹਿਤ ਕਰਨ ਦਾ ਕੰਮ ਕੀਤਾ। ਉਹ ਮੰਨਦੀ ਹੈ ਕਿ ਜੇਕਰ ਆਪਣੀ ਮਾਤ ਭਾਸ਼ਾ ਅਤੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਿਆ ਜਾਵੇ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਆਪਣੀਆਂ ਜੜ੍ਹਾਂ ਨਾਲ ਜੁੜੀਆਂ ਰਹਿ ਸਕਦੀਆਂ ਹਨ। ਉਸ ਦਾ ਜੀਵਨ ਸਫ਼ਰ ਇਹ ਸਿਖਾਉਂਦਾ ਹੈ ਕਿ ਲਗਾਤਾਰ ਮਿਹਨਤ, ਸਿੱਖਣ ਦੀ ਇੱਛਾ, ਅਨੁਸ਼ਾਸਨ ਅਤੇ ਕਲਾ ਪ੍ਰਤੀ ਸਮਰਪਣ ਇਨਸਾਨ ਨੂੰ ਲੰਬੇ ਸਮੇਂ ਤੱਕ ਸਫ਼ਲ ਬਣਾਈ ਰੱਖ ਸਕਦਾ ਹੈ।

ਚਾਰ ਦਹਾਕਿਆਂ ਤੋਂ ਵੱਧ ਦੇ ਆਪਣੇ ਕਲਾਤਮਕ ਸਫ਼ਰ ਦੌਰਾਨ ਸੁਨੀਤਾ ਧੀਰ ਨੇ ਜੋ ਸਨਮਾਨ, ਪਿਆਰ ਅਤੇ ਪ੍ਰਸਿੱਧੀ ਹਾਸਲ ਕੀਤੀ ਹੈ, ਉਹ ਕਿਸੇ ਵੀ ਕਲਾਕਾਰ ਲਈ ਮਾਣ ਵਾਲੀ ਗੱਲ ਹੈ। ਪੰਜਾਬੀ ਫ਼ਿਲਮ ਉਦਯੋਗ ਵਿੱਚ ਉਸ ਦਾ ਨਾਮ ਅੱਜ ਵੀ ਬਹੁਤ ਸਤਿਕਾਰ ਨਾਲ ਲਿਆ ਜਾਂਦਾ ਹੈ। ਉਸ ਦੀ ਅਦਾਕਾਰੀ, ਸਾਦਗੀ ਅਤੇ ਸੋਚ ਨੇ ਉਸ ਨੂੰ ਦਰਸ਼ਕਾਂ ਦੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਦਿਵਾਇਆ ਹੈ। ਸੁਨੀਤਾ ਧੀਰ ਸਿਰਫ਼ ਇੱਕ ਅਦਾਕਾਰਾ ਨਹੀਂ, ਸਗੋਂ ਪੰਜਾਬੀ ਸਿਨੇਮਾ ਦੀ ਇੱਕ ਅਜਿਹੀ ਸੰਸਥਾ ਹੈ, ਜਿਸ ਦਾ ਯੋਗਦਾਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਿਤ ਕਰਦਾ ਰਹੇਗਾ।

# ਪੰਜਾਬੀ ਸੰਗੀਤ ਦੀ ਮਹਿਕ ਬਿਖੇਰਨ ਵਾਲਾ ਦੀਦਾਰ ਸਿੰਘ ਪਰਦੇਸੀ

**ਬਲਦੇਵ ਸਿੰਘ ਬੇਦੀ**



ਪੰਜਾਬੀ ਗਾਇਕ ਦੀਦਾਰ ਸਿੰਘ ਪਰਦੇਸੀ ਨੇ ਆਪਣੀ ਸੁਰੀਲੀ ਆਵਾਜ਼ ਰਾਹੀਂ ਪਿੰਡ ਪੱਤੜ ਕਲਾਂ (ਜ਼ਿਲ੍ਹਾ ਜਲੰਧਰ) ਦੀ ਮਿੱਟੀ ਤੋਂ ਲੈ ਕੇ ਅਫ਼ਰੀਕਾ ਦੀ ਧਰਤੀ 'ਤੇ ਪੰਜਾਬੀ ਅਤੇ ਹਿੰਦੀ ਸੰਗੀਤ ਦੀ ਖੁਸ਼ਬੂ ਬਖੇਰੀ। ਦੀਦਾਰ ਸਿੰਘ ਪਰਦੇਸੀ ਦਾ ਜਨਮ 14 ਜੁਲਾਈ 1937 ਨੂੰ ਇਸੇ ਹੀ ਪਿੰਡ 'ਚ ਮੱਘਰ ਸਿੰਘ ਅਤੇ ਮਾਤਾ ਰਤਨ ਕੌਰ ਦੇ ਘਰ ਹੋਇਆ। ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੇ ਚਚੇਰੇ ਭਰਾ ਅਤੇ ਉਨ੍ਹਾਂ ਤੋਂ ਅੱਠ ਸਾਲ ਵੱਡੇ ਪਰਦੇਸੀ ਦੇ ਮਨ ਵਿੱਚ ਬਚਪਨ ਤੋਂ ਹੀ ਸੰਗੀਤ ਪ੍ਰਤੀ ਲਗਾਅ ਸੀ। ਕੇਵਲ ਪੰਜ ਸਾਲ ਦੀ ਉਮਰ 'ਚ ਹੀ ਉਹ ਗੁਰੂ-ਘਰਾਂ ਵਿੱਚ ਨਜ਼ਮ ਤੇ ਧਾਰਮਿਕ ਕਵਿਤਾਵਾਂ ਰਾਹੀਂ ਆਪਣੀ ਮਿੱਠੀ ਆਵਾਜ਼ ਦੀ ਛਾਪ ਛੱਡਣ ਲੱਗੇ। ਇੱਕ ਵਾਰ ਗੁਰਦੁਆਰੇ ਵਿੱਚ ਗਾਈ ਨਜ਼ਮ 'ਤੇ ਮਿਲੇ ਚਾਂਦੀ ਦੇ ਰੁਪਏ ਦੀ ਇਨਾਮੀ ਝਲਕ ਨੇ ਉਨ੍ਹਾਂ ਦੇ ਮਨ ਵਿੱਚ ਸੰਗੀਤ ਪ੍ਰਤੀ ਪਿਆਰ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ।

ਸਾਲ 1951 ਵਿੱਚ 14 ਸਾਲ ਦੀ ਉਮਰ ਵਿੱਚ ਦੀਦਾਰ ਸਿੰਘ ਆਪਣਾ ਕੈਰੀਅਰ ਬਣਾਉਣ ਲਈ ਪਿੰਡ ਛੱਡ ਕੀਨੀਆ ਆਪਣੇ ਪਿਤਾ ਅਤੇ ਭਰਾ ਕੋਲ ਚਲਾ ਗਿਆ। ਜਿੱਥੇ ਪੜ੍ਹਾਈ ਮੁਕੰਮਲ ਕਰਕੇ ਅਧਿਆਪਕ ਬਣਿਆ ਅਤੇ ਆਪਣੀ ਪੇਸ਼ਾਵਰ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਹਾਲਾਂਕਿ ਪੇਸ਼ਾ ਅਧਿਆਪਨ ਦਾ ਸੀ, ਪਰ ਦਿਲ ਗਾਇਕੀ ਦੇ ਰਾਹ 'ਤੇ ਉੱਡਣਾ ਚਾਹੁੰਦਾ ਸੀ।

ਉਸ ਦੀ ਆਵਾਜ਼ 'ਚ ਉਹ ਜਾਦੂ ਸੀ ਕਿ ਪੂਰਬੀ ਅਫ਼ਰੀਕਾ ਦੇ ਘਰ-ਘਰ 'ਚ ਉਸ ਦੀ ਗਾਇਕੀ ਦੀ ਗੂੰਜ ਰੇਡੀਓ ਰਾਹੀਂ ਗੂੰਜਣ ਲੱਗੀ। 'ਹੀਰ ਵਾਰਿਸ ਸ਼ਾਹ' ਦੀ ਰਚਨਾ ਨਾਲ ਉਸ ਨੇ ਆਪਣੀ ਗਾਇਕੀ ਦੀ ਸ਼ੁਰੂਆਤ ਅਫ਼ਰੀਕਾ ਤੋਂ ਕੀਤੀ। ਭੈਰਵੀ ਰਾਗ ਵਿੱਚ ਵਾਰਿਸ ਸ਼ਾਹ ਦੀ 'ਹੀਰ' ਸੁਣ ਕੇ ਉਸਤਾਦ ਅਲੀ ਅਕਬਰ ਖਾਂ ਪਰਦੇਸੀ ਤੋਂ ਇੰਨੇ ਖੁਸ਼ ਹੋਏ ਕਿ ਉਨ੍ਹਾਂ ਨੇ ਆਪਣੀ ਮੁੰਦਰੀ ਲਾਹ ਕੇ ਪਰਦੇਸੀ ਦੀ ਉਂਗਲ ਵਿੱਚ ਪਾ ਦਿੱਤੀ। ਪਰਦੇਸੀ ਨੇ ਅੱਜ ਵੀ ਉਸ ਨੂੰ ਬੜੇ ਸਤਿਕਾਰ ਨਾਲ ਸੰਭਾਲ ਕੇ ਰੱਖਿਆ ਹੋਇਆ ਹੈ।

ਨੈਰੋਬੀ ਦੇ ਇੱਕ ਸਮਾਗਮ ਵਿੱਚ ਜਦੋਂ ਪਰਦੇਸੀ ਨੇ ਮੁਹੰਮਦ ਰਫ਼ੀ ਤੋਂ ਇਜਾਜ਼ਤ ਲੈ ਕੇ ਉਨ੍ਹਾਂ ਦਾ ਹੀ ਗੀਤ 'ਚੌਦਵੀਂ ਕਾ ਚਾਂਦ ਹੋ' ਗਾਇਆ ਤਾਂ ਉਹ ਇੰਨੇ ਖੁਸ਼ ਹੋਏ ਕਿ ਉਨ੍ਹਾਂ ਨੇ ਪਰਦੇਸੀ ਨੂੰ ਗਲਵੱਕੜੀ ਵਿੱਚ ਲੈ ਕੇ ਕਿਹਾ "ਤੁਸੀਂ ਤਾਂ ਇੱਥੋਂ ਦੇ ਰਫ਼ੀ ਹੋ... ਪੂਰਬੀ ਅਫ਼ਰੀਕਾ ਦੇ ਰਫ਼ੀ!" ਇਹ ਉਪਾਧੀ ਪਰਦੇਸੀ ਲਈ ਸਿਰਫ਼ ਇੱਕ ਸਨਮਾਨ ਹੀ ਨਹੀਂ ਸੀ, ਸਗੋਂ ਉਸ ਦੀ ਮਿਹਨਤ ਅਤੇ ਕਲਾ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ।

ਦੀਦਾਰ ਸਿੰਘ ਪਰਦੇਸੀ ਨੇ ਉਰਦੂ, ਹਿੰਦੀ, ਪੰਜਾਬੀ ਦੀਆਂ ਗ਼ਜ਼ਲਾਂ, ਰੁਬਾਈਆਂ ਅਤੇ ਲੋਕਗੀਤਾਂ ਨੂੰ ਆਪਣੀ ਅਨਮੋਲ ਆਵਾਜ਼ ਦਿੱਤੀ, ਪਰ ਕਮਰਸ਼ੀਅਲ ਗਾਇਕੀ ਦੀਆਂ ਚਮਕਦਾਰ ਰਾਹਾਂ ਨੂੰ ਛੱਡ ਕੇ ਉਸ ਨੇ ਆਪਣਾ ਮਨ ਅਧਿਆਪਨ ਅਤੇ ਪ੍ਰਮਾਣਿਕ ਗਾਇਕੀ 'ਚ ਹੀ ਲਗਾਇਆ। ਮਹਾਨ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਉਹ ਮਹਿਫ਼ਲਾਂ ਦੀ ਰੌਣਕ ਬਣਾਉਂਦਾ। ਲੋਕ ਉਸ ਦੀ ਆਵਾਜ਼ 'ਤੇ ਵਾਹ ਵਾਹ ਕਰਦੇ ਅਤੇ ਇਹੀ ਤਾਰੀਫ਼ ਉਸ ਲਈ ਸਭ ਤੋਂ ਵੱਡਾ ਇਨਾਮ ਹੁੰਦੀ। ਮੁਹੰਮਦ ਰਫ਼ੀ ਦੇ ਸੈਂਕੜੇ ਗੀਤਾਂ ਤੋਂ ਇਲਾਵਾ ਉਸ ਨੇ ਪ੍ਰਕਾਸ਼ ਸਾਥੀ, ਸਾਹਿਰ ਲੁਧਿਆਣਵੀ, ਇਕਬਾਲ, ਮਿਰਜ਼ਾ ਗ਼ਾਲਿਬ, ਜਾਂ ਨਿਸਾਰ ਅਖ਼ਤਰ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਵਰਗੇ ਅਣਗਿਣਤ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਆਪਣੀ ਆਵਾਜ਼ ਦਿੱਤੀ। ਕਈ ਹਿੰਦੀ ਫਿਲਮਾਂ ਦੇ ਗੀਤਾਂ ਨੂੰ ਵੀ ਆਪਣੇ ਸੁਰਾਂ ਨਾਲ ਰੰਗਿਆ।

ਆਪਣੇ ਤਿੰਨੋਂ ਬੱਚਿਆਂ (ਦੋ ਧੀਆਂ ਤੇ ਇੱਕ ਪੁੱਤਰ) ਨੂੰ ਸੰਗੀਤ ਨਾਲ ਜੋੜਨ ਵਾਲੇ ਪਰਦੇਸੀ ਨੇ ਕਦੇ ਸੰਗੀਤ ਨੂੰ ਰੋਜ਼ੀ-ਰੋਟੀ ਨਹੀਂ ਬਣਾਇਆ, ਸਿਰਫ਼ ਆਪਣੇ ਮਨ ਦਾ ਸ਼ੌਕ ਹੀ ਬਣਾਇਆ। ਜਦੋਂ ਪੰਜਾਬੀ ਕਲਾਕਾਰ ਐੱਚ.ਐੱਮ.ਵੀ. ਤੋਂ ਆਪਣੇ ਗੀਤ ਰਿਕਾਰਡ ਹੋਣ ਦੀ ਖਾਹਿਸ਼ ਕਰਦੇ ਸਨ, ਉਦੋਂ ਪਰਦੇਸੀ ਵੱਲੋਂ ਇਸ ਕੰਪਨੀ ਨੂੰ ਨਾਂਹ ਕਰ ਦਿੱਤੀ ਗਈ। ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪਰਦੇਸੀ ਨੂੰ ਇਹ ਮਾਣ ਵੀ ਹਾਸਿਲ ਹੈ ਉਹ ਪੂਰਬੀ ਅਫ਼ਰੀਕਾ ਦਾ ਪਹਿਲਾ ਅਜਿਹਾ ਏਸ਼ਿਆਈ ਗਾਇਕ ਹੋਇਆ, ਜਿਸ ਦੇ ਗੀਤ 1967 'ਚ ਫਿਲਿਪਸ ਕੰਪਨੀ ਨੇ ਰਿਕਾਰਡ ਕੀਤੇ।

ਉਸ ਦੀਆਂ ਪ੍ਰਸਿੱਧ ਸੀ.ਡੀ. 'ਟੁੱਟੇ ਦਿਲ', 'ਇੱਕ ਬੂਟਾ ਅੰਬੀ ਦਾ', 'ਸਲਮਾ ਕੀ ਯਾਦ ਮੇਂ', 'ਪਿਆਸੀਆਂ ਰੂਹਾਂ' ਆਮ ਲੋਕਾਂ ਵਿੱਚ ਖੂਬ ਮਸ਼ਹੂਰ ਹੋਈਆਂ। ਆਪਣੀਆਂ ਸਾਰੀਆਂ ਰਚਨਾਵਾਂ ਨੂੰ ਉਸ ਨੇ ਆਪਣੀ ਕੰਪਨੀ 'ਪਰਦੇਸੀ ਆਰਟਸ' ਰਾਹੀਂ ਰਿਲੀਜ਼ ਕੀਤਾ ਅਤੇ ਸਾਰੇ ਅਧਿਕਾਰ ਆਪਣੇ ਕੋਲ ਰੱਖੇ।

1979 ਵਿੱਚ ਦੀਦਾਰ ਸਿੰਘ ਪਰਦੇਸੀ ਦਾ ਐੱਲ.ਪੀ. ਰਿਕਾਰਡ 'ਸਲਮਾ ਕੀ ਯਾਦ ਮੇਂ' ਰਿਲੀਜ਼ ਹੋਇਆ, ਜੋ ਬੇਹੱਦ ਮਕਬੂਲ ਹੋਇਆ। ਦਰਅਸਲ, 'ਸਲਮਾ' ਨੂੰ ਸ਼ੀਰਾਨੀ ਸਾਹਿਬ ਨੇ ਲਿਖਿਆ ਸੀ, ਪਰ ਪਰਦੇਸੀ ਦੀ ਰੂਹ ਨੂੰ ਛੂਹਣ ਵਾਲੀ ਆਵਾਜ਼ ਨੇ ਇਸ ਨੂੰ ਅਮਰ ਕਰ ਦਿੱਤਾ। ਜਦੋਂ ਉਸ ਨੇ ਇਹ ਗ਼ਜ਼ਲ ਗਾਈ 'ਬਹਾਰ ਬੀਤਨੇ ਵਾਲੀ ਹੈ ਆ ਭੀ ਜਾ ਸਲਮਾ' ਤਾਂ ਇਹ ਸੰਗੀਤ ਕਲਾ ਦੇ ਇਤਿਹਾਸ 'ਚ ਉਸ ਦੇ ਨਾਂਅ ਨਾਲ ਇੰਨੀ ਗੂੜ੍ਹੀ ਤਰ੍ਹਾਂ ਜੁੜ ਗਈ ਕਿ ਬਹੁਤ ਸਾਰੇ ਲੋਕ ਉਸ ਨੂੰ ਪਿਆਰ ਨਾਲ 'ਸਲਮਾ ਵਾਲਾ ਪਰਦੇਸੀ' ਕਹਿ ਕੇ ਵੀ ਬੁਲਾਉਣ ਲੱਗ ਪਏ।

ਰੇਡੀਓ 'ਤੇ ਗਾਇਆ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵੱਲੋਂ ਫਿਲਮਾਇਆ ਦੀਦਾਰ ਸਿੰਘ ਪਰਦੇਸੀ ਦਾ ਗੀਤ;

ਰਾਤ ਚਾਨਣੀ ਮੈਂ ਟੁਰਾਂ<br>
ਮੇਰਾ ਨਾਲ ਟੁਰੇ ਪਰਛਾਵਾਂ<br>
ਜਿੰਦੇ ਮੇਰੀਏ।<br>
ਗਲੀਏ ਗਲੀਏ ਚਾਨਣ ਸੁੱਤੇ<br>
ਮੈਂ ਕਿਸ ਗਲੀਏ ਆਵਾਂ<br>
ਜਿੰਦੇ ਮੇਰੀਏ।

ਇਸ ਦੀ ਰਚਨਾ ਸ਼ਿਵ ਕੁਮਾਰ ਬਟਾਲਵੀ ਨੇ ਕੀਤੀ, ਇਹ ਅੱਜ ਵੀ ਲੋਕਾਂ ਦੇ ਦਿਲਾਂ 'ਚ ਸਦਾਬਹਾਰ ਗੀਤ ਵਾਂਗ ਗੂੰਜ ਰਿਹਾ ਹੈ। ਲੰਮਾ ਅਰਸਾ ਕੀਨੀਆ ਅਤੇ ਇੰਗਲੈਂਡ 'ਚ ਅਧਿਆਪਕ, ਫਿਰ ਡਿਪਟੀ ਹੈੱਡ ਮਾਸਟਰ ਅਤੇ ਅੰਤ ਵਿੱਚ ਹੈੱਡ ਮਾਸਟਰ ਦੇ ਅਹੁਦੇ 'ਤੇ ਜ਼ਿੰਮੇਵਾਰੀਆਂ ਨਿਭਾਉਣ ਤੋਂ ਬਾਅਦ ਦੀਦਾਰ ਸਿੰਘ ਪਰਦੇਸੀ ਅੱਜਕੱਲ੍ਹ ਇੰਗਲੈਂਡ ਵਿੱਚ ਆਪਣੇ ਪੁੱਤਰ ਨਾਲ ਰਹਿ ਰਿਹਾ ਹੈ। ਉਨ੍ਹਾਂ ਦਾ ਘਰ ਲੋਕਾਂ ਵੱਲੋਂ ਮਿਲੇ ਐਵਾਰਡਾਂ ਅਤੇ ਸਨਮਾਨਾਂ ਨਾਲ ਚਮਕ ਰਿਹਾ ਹੈ ਅਤੇ ਸਰੋਤਿਆਂ ਵੱਲੋਂ ਮਿਲ ਰਹੀ ਪ੍ਰਸ਼ੰਸਾ 'ਤੇ ਉਹ ਹੁਣ ਵੀ ਉੱਡਦਾ ਹੈ।

ਜ਼ਿੰਦਗੀ ਦਾ ਵੱਡਾ ਤਜਰਬਾ ਸਾਂਭੀ ਬੈਠੇ ਪਰਦੇਸੀ ਹਾਲਾਂਕਿ ਸਰੀਰਕ ਤੌਰ 'ਤੇ ਪੰਜਾਬ ਦੀ ਧਰਤੀ ਤੋਂ ਦੂਰ ਹਨ, ਪਰ ਉਨ੍ਹਾਂ ਦੀ ਰੂਹ ਅੱਜ ਵੀ ਆਪਣੀ ਮਾਂ-ਧਰਤੀ ਦੀ ਖੁਸ਼ਬੂ ਨਾਲ ਰਮੀ ਹੋਈ ਹੈ। ਜਿਸ ਕਰਕੇ ਉਹ ਹਰ ਵਰ੍ਹੇ ਆਪਣੇ ਜੱਦੀ ਪਿੰਡ ਆਉਂਦੇ ਰਹਿੰਦੇ ਹਨ। ਮੇਰੀ ਮੁਲਾਕਤ ਵੀ ਉਨ੍ਹਾਂ ਦੇ ਪਿੰਡ ਵਿੱਚ ਹੋਈ। ਹੁਣ ਉਹ ਉਮਰ ਦੇ 90ਵੇਂ ਵਰ੍ਹੇ ਵਿੱਚ ਦਾਖਲ ਹੋ ਚੁੱਕੇ ਹਨ। ਉਮਰ ਦੇ ਇਸ ਪੜਾਅ 'ਤੇ ਵੀ ਉਨ੍ਹਾਂ ਦੀ ਆਵਾਜ਼ ਵਿੱਚ ਉਹੀ ਮਿਠਾਸ, ਉਹੀ ਦਰਦ ਅਤੇ ਉਹੀ ਰੂਹਾਨੀ ਅਹਿਸਾਸ ਹੈ, ਜਿਸ ਨੇ ਕਦੇ ਅਫ਼ਰੀਕਾ ਤੋਂ ਲੈ ਕੇ ਇੰਗਲੈਂਡ ਤੱਕ ਪੰਜਾਬੀ ਸੰਗੀਤ ਦੀ ਮਹਿਕ ਫੈਲਾਈ ਸੀ।

### ਟਰੰਪ ਦੇ ਐਲਾਨ ਨਾਲ 1.5 ਲੱਖ

ਨਵੰਬਰ 2025 ਦੌਰਾਨ ਓਰੇਗਨ ਵਿੱਚ ਇੱਕ ਦਰਦਨਾਕ ਹਾਦਸੇ ਵਿੱਚ ਨਵ-ਵਿਆਹੇ ਜੋੜੇ ਦੀ ਮੌਤ ਹੋ ਗਈ ਸੀ, ਜਿਸ ਵਿੱਚ ਭਾਰਤੀ ਮੂਲ ਦੇ ਡਰਾਈਵਰ ਰਾਜਿੰਦਰ ਕੁਮਾਰ 'ਤੇ ਲਾਪਰਵਾਹੀ ਨਾਲ ਹੱਤਿਆ ਦੇ ਦੋਸ਼ ਲੱਗੇ ਸਨ।

ਅਕਤੂਬਰ 2025 ਦੌਰਾਨ ਕੈਲੀਫ਼ੋਰਨੀਆ ਵਿੱਚ ਨਸ਼ੇ ਦੀ ਹਾਲਤ ਵਿੱਚ ਟਰੱਕ ਚਲਾਉਣ ਅਤੇ ਹਾਦਸੇ ਵਿੱਚ 3 ਲੋਕਾਂ ਦੀ ਜਾਨ ਲੈਣ ਦੇ ਦੋਸ਼ ਵਿੱਚ ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਫ਼ਰਵਰੀ 2026 ਦੌਰਾਨ ਇੰਡੀਆਨਾ ਸਟੇਟ ਪੁਲਿਸ ਨੇ ਰੁਟੀਨ ਚੈਕਿੰਗ ਦੌਰਾਨ ਦੋ ਭਾਰਤੀ ਟਰੱਕ ਡਰਾਈਵਰਾਂ ਕੋਲੋਂ ਲਗਭਗ 7 ਮਿਲੀਅਨ ਡਾਲਰ (ਕਰੀਬ 300 ਪੌਂਡ) ਦੀ ਕੋਕੀਨ ਬਰਾਮਦ ਕੀਤੀ ਸੀ ਮੇਅਰ ਸਵਰਨਜੀਤ ਸਿੰਘ ਖ਼ਾਲਸਾ ਨੇ ਇਨ੍ਹਾਂ ਮਾਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਕੁਝ ਕੁ ਨਸ਼ਾ ਤਸਕਰੀ ਅਤੇ ਲਾਪਰਵਾਹੀ ਵਾਲੇ ਹਾਦਸਿਆਂ ਦੇ ਮਾਮਲਿਆਂ ਨੇ ਪੰਜਾਬੀ ਭਾਈਚਾਰੇ ਦੇ ਅਕਸ ਨੂੰ ਵੱਡੀ ਢਾਹ ਲਾਈ ਹੈ, ਜਿਸ ਦਾ ਫ਼ਾਇਦਾ ਹੁਣ ਟਰੰਪ ਸਰਕਾਰ ਆਪਣੀ ਸਿਆਸਤ ਚਮਕਾਉਣ ਲਈ ਉਠਾ ਰਹੀ ਹੈ।

ਉਨ੍ਹਾਂ ਭਾਈਚਾਰੇ ਨੂੰ ਅਪੀਲ ਕੀਤੀ ਕਿ ਨੌਰਥ ਅਮੈਰੀਕਨ ਪੰਜਾਬੀ ਟਰੱਕਰਜ਼ ਐਸੋਸੀਏਸ਼ਨ ਅਤੇ ਹੋਰ ਸੰਸਥਾਵਾਂ ਨੂੰ ਅਮਰੀਕੀ ਪ੍ਰਸ਼ਾਸਨ ਸਾਹਮਣੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਾ ਪਵੇਗਾ ਕਿ ਸਿੱਖ ਡਰਾਈਵਰ ਅਮਰੀਕੀ ਆਰਥਿਕਤਾ ਦਾ ਅਹਿਮ ਹਿੱਸਾ ਹਨ। ਇਸ ਦੇ ਨਾਲ ਹੀ, ਡਰਾਈਵਰਾਂ ਨੂੰ ਆਪਣੇ ਕਾਨੂੰਨੀ ਦਸਤਾਵੇਜ਼ਾਂ ਦੀ ਦਰੁਸਤੀ ਅਤੇ ਸੜਕੀ ਸੁਰੱਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਹੋਵੇਗੀ। ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਨੂੰ ਆਪਣੀ ਹੋਂਦ ਅਤੇ ਸਨਮਾਨ ਨੂੰ ਬਚਾਉਣ ਲਈ ਹੁਣ ਕਾਨੂੰਨੀ ਸੂਝ-ਬੂਝ, ਏਕਤਾ ਅਤੇ ਜ਼ਿੰਮੇਵਾਰੀ ਦਿਖਾਉਣ ਦੀ ਸਭ ਤੋਂ ਵੱਧ ਲੋੜ ਹੈ।

***

### ਓਂਟਾਰੀਓ 'ਚ ਅੰਮ੍ਰਿਤਧਾਰੀ ਸਿੱਖ ਟਿਕਟੌਕ

ਜੋ ਸਥਾਨਕ ਨਾਗਰਿਕਾਂ ਅਤੇ ਨਿੱਜੀ ਕੰਪਨੀਆਂ ਦੇ ਸਟਾਫ਼ ਵਿੱਚੋਂ ਕਿਰਪਾਨ ਪ੍ਰਤੀ ਗਲਤਫ਼ਹਿਮੀਆਂ ਨੂੰ ਦੂਰ ਕੀਤਾ ਜਾ ਸਕੇ।

ਪ੍ਰਸਿੱਧ ਵਿਦਵਾਨ ਤੇ ਪੰਥਕ ਆਗੂ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਕੈਨੇਡਾ ਵਰਗੇ ਅਗਾਂਹਵਧੂ ਅਤੇ ਬਹੁ-ਸੱਭਿਆਚਾਰਕ ਦੇਸ਼ ਵਿੱਚ, ਜਿੱਥੇ ਸਿੱਖ ਸਿਆਸਤ, ਆਰਥਿਕਤਾ ਅਤੇ ਸਮਾਜ ਸੇਵਾ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ, ਉੱਥੇ ਅਜਿਹੀ ਘਟਨਾ ਦਾ ਵਾਪਰਨਾ ਬੇਹੱਦ ਚਿੰਤਾਜਨਕ ਹੈ।'ਗੁੱਡ ਲਾਈਫ਼ ਫਿਟਨੈੱਸ' ਵਰਗੇ ਕਾਰਪੋਰੇਟ ਅਦਾਰਿਆਂ ਨੂੰ ਇਹ ਸਮਝਣਾ ਹੋਵੇਗਾ ਕਿ ਸੁਰੱਖਿਆ ਦੇ ਨਿਯਮ ਸਪਸ਼ਟ ਹੋਣੇ ਚਾਹੀਦੇ ਹਨ, ਨਾ ਕਿ ਕਨੂੰਨ ਵਿਰੋਧੀ। ਕੈਨੇਡੀਅਨ ਸਰਕਾਰ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਨਿੱਜੀ ਖੇਤਰ ਲਈ ਸਪਸ਼ਟ ਗਾਈਡਲਾਈਨਜ਼ ਜਾਰੀ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਧਾਰਮਿਕ ਆਜ਼ਾਦੀ ਦੇ ਦਾਅਵੇ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰਹਿਣ।

***

### ਪੱਤਰਕਾਰ ਨਹੀਂ, ਹੁਣ ਇਨਫਲੂਐਂਸਰ ਚਾਹੀਦੇ !

ਜਦਕਿ ਇੱਕ ਇਨਫਲੂਐਂਸਰ ਬਿਨਾਂ ਕਿਸੇ ਫਿਲਟਰ ਦੇ ਸਰਕਾਰ ਦੇ ਪੱਖ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਤੱਕ ਰੀਚ ਪਹੁੰਚਾ ਦੇਵੇਗਾ। ਪਰ ਇਸ ਡਿਜੀਟਲ ਚਮਕ-ਦਮਕ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਵੀ ਹੈ, ਜੋ ਹਾਲ ਹੀ ਵਿੱਚ ਸੁਪਰੀਮ ਕੋਰਟ ਦੇ ਇੱਕ ਫੈਸਲੇ ਨਾਲ ਸਾਹਮਣੇ ਆਇਆ ਹੈ। ਪ੍ਰਧਾਨ ਮੰਤਰੀ ਨਾਲ ਮੰਚ ਸਾਂਝਾ ਕਰਨ ਵਾਲੇ ਦੇਸ਼ ਦੇ ਇੱਕ ਪ੍ਰਸਿੱਧ ਇਨਫਲੂਐਂਸਰ ਰਣਵੀਰ ਅੱਲ੍ਹਾਬਾਦੀਆ 'ਤੇ ਅਦਾਲਤ ਵੱਲੋਂ ਲਾਪਰਵਾਹੀ ਦੇ ਮਾਮਲੇ ਵਿੱਚ ਤਿੰਨ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਜਾਣਾ ਅਤੇ ਭਵਿੱਖ ਵਿੱਚ ਇਸ ਨੂੰ ਤੀਹ ਲੱਖ ਕਰਨ ਦੀ ਚਿਤਾਵਨੀ ਦੇਣਾ, ਇਹ ਸਾਬਤ ਕਰਦਾ ਹੈ ਕਿ ਇਨ੍ਹਾਂ ਕ੍ਰਿਏਟਰਾਂ ਦੀ ਸਮਾਜਿਕ ਅਤੇ ਕਾਨੂੰਨੀ ਜਵਾਬਦੇਹੀ ਬਹੁਤ ਕਮਜ਼ੋਰ ਹੈ। ਰਵਾਇਤੀ ਪੱਤਰਕਾਰੀ ਜਿੱਥੇ ਕਾਨੂੰਨ, ਸੰਪਾਦਕੀ ਨੀਤੀ, ਤੱਥਾਂ ਦੀ ਜਾਂਚ ਅਤੇ ਆਚਾਰ ਸੰਹਿਤਾ ਦੇ ਸਖ਼ਤ ਦਾਇਰੇ ਵਿੱਚ ਕੰਮ ਕਰਦੀ ਹੈ, ਉੱਥੇ ਹੀ ਇਨਫਲੂਐਂਸਰਾਂ ਦੀ ਦੁਨੀਆ ਸਿਰਫ਼ ਸੋਸ਼ਲ ਮੀਡੀਆ ਦੇ 'ਐਲਗੋਰਿਦਮ', ਲਾਇਕਸ, ਵਿਊਜ਼ ਅਤੇ ਕਲਿੱਕਬੇਟ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਲਈ ਸੱਚ ਨਾਲੋਂ ਜ਼ਿਆਦਾ ਜ਼ਰੂਰੀ ਇਹ ਹੁੰਦਾ ਹੈ ਕਿ 'ਅੱਜ ਦਾ ਟ੍ਰੈਂਡ' ਕੀ ਹੈ।

ਪੱਤਰਕਾਰ ਅਤੇ ਇਨਫਲੂਐਂਸਰ ਦੇ ਕੰਮ ਕਰਨ ਦੇ ਤਰੀਕੇ ਅਤੇ ਉਨ੍ਹਾਂ ਦੇ ਪ੍ਰਭਾਵ ਵਿੱਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਇੱਕ ਪੱਤਰਕਾਰ ਆਪਣੀ ਪੂਰੀ ਜ਼ਿੰਦਗੀ ਤੱਥਾਂ, ਦਸਤਾਵੇਜ਼ਾਂ ਅਤੇ ਜ਼ਮੀਨੀ ਸੱਚਾਈ ਦੇ ਆਧਾਰ 'ਤੇ ਆਪਣੀ ਸਾਖ ਬਣਾਉਣ ਵਿੱਚ ਲਗਾ ਦਿੰਦਾ ਹੈ। ਉਸ ਦੀ ਇੱਕ ਖ਼ਬਰ ਸਰਕਾਰਾਂ ਨੂੰ ਹਿਲਾਉਣ, ਨੀਤੀਆਂ ਬਦਲਣ ਅਤੇ ਇਤਿਹਾਸ ਦਾ ਹਿੱਸਾ ਬਣਨ ਦੀ ਤਾਕਤ ਰੱਖਦੀ ਹੈ। ਭਾਰਤੀ ਪੱਤਰਕਾਰੀ ਦੇ ਇਤਿਹਾਸ ਵਿੱਚ ਰਾਜੇਂਦਰ ਮਾਥੁਰ, ਪ੍ਰਭਾਸ਼ ਜੋਸ਼ੀ, ਮਾਰਕ ਟਾਲੀ ਜਾਂ ਐਸ.ਪੀ. ਸਿੰਘ ਵਰਗੇ ਨਾਮ ਇਸ ਲਈ ਅਮਰ ਹਨ ਕਿਉਂਕਿ ਉਨ੍ਹਾਂ ਦੀ ਲਿਖਤ ਵਿੱਚ ਜਨਤਾ ਪ੍ਰਤੀ ਜਵਾਬਦੇਹੀ ਸੀ। ਦੂਜੇ ਪਾਸੇ, ਭਾਵੇਂ ਕੋਈ ਡਿਜੀਟਲ ਕ੍ਰਿਏਟਰ ਕਿੰਨਾ ਵੀ ਵੱਡਾ ਕਿਉਂ ਨਾ ਹੋ ਜਾਵੇ, ਉਸ ਦੀ ਪ੍ਰਸਿੱਧੀ ਵਾਇਰਲ ਵੀਡੀਓਜ਼ ਤੱਕ ਸੀਮਤ ਰਹਿੰਦੀ ਹੈ, ਪਰ ਉਸ ਦੀ ਗੰਭੀਰਤਾ ਅਤੇ ਭਰੋਸੇਯੋਗਤਾ ਹਮੇਸ਼ਾ ਸ਼ੱਕ ਦੇ ਘੇਰੇ ਵਿੱਚ ਰਹਿੰਦੀ ਹੈ।

***

### ਟਰੰਪ ਪ੍ਰਸ਼ਾਸਨ ਦਾ ਸਖ਼ਤ ਫ਼ੈਸਲਾ

ਇਹ ਬਾਂਡ ਰਾਸ਼ੀ ਅਮਰੀਕਾ ਵਿੱਚ ਰਹਿ ਰਹੇ ਪਰਿਵਾਰਕ ਮੈਂਬਰ ਵੀ ਜਮ੍ਹਾ ਕਰਵਾ ਸਕਦੇ ਹਨ। ਪਹਿਲੇ ਪੜਾਅ ਵਿੱਚ ਇਹ ਨਿਯਮ ਕੁਝ ਚੋਣਵੇਂ ਦੇਸ਼ਾਂ 'ਤੇ ਲਾਗੂ ਹੋਵੇਗਾ, ਜਿਨ੍ਹਾਂ ਦੀ ਸੂਚੀ ਅਜੇ ਜਨਤਕ ਨਹੀਂ ਕੀਤੀ ਗਈ।

**ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ 'ਤੇ ਕੀ ਪ੍ਰਭਾਵ ਪਵੇਗਾ ?**

ਇਨ੍ਹਾਂ ਦੋਵਾਂ ਨਿਯਮਾਂ ਦਾ ਸਭ ਤੋਂ ਵੱਡਾ ਅਤੇ ਸਿੱਧਾ ਅਸਰ ਭਾਰਤੀਆਂ 'ਤੇ ਪੈਣ ਦੀ ਸੰਭਾਵਨਾ ਹੈ। ਜਿਹੜੇ ਭਾਰਤੀ ਵਿਦਿਆਰਥੀ ਲੰਬੇ ਸਮੇਂ ਦੇ ਕੋਰਸ (ਜਿਵੇਂ ਕਿ ਪੀਐੱਚ.ਡੀ. ਜਾਂ ਦੋਹਰੀ ਡਿਗਰੀਆਂ) ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਹੁਣ 4 ਸਾਲਾਂ ਬਾਅਦ ਵੀਜ਼ਾ ਵਧਾਉਣਾ ਇੱਕ ਗੁੰਝਲਦਾਰ ਅਤੇ ਤਣਾਅਪੂਰਨ ਪ੍ਰਕਿਰਿਆ ਹੋਵੇਗੀ ਗ੍ਰੇਸ ਪੀਰੀਅਡ 60 ਦਿਨਾਂ ਤੋਂ ਘਟਾ ਕੇ 30 ਦਿਨ ਕਰਨ ਨਾਲ ਵਿਦਿਆਰਥੀਆਂ ਕੋਲ ਪੜ੍ਹਾਈ ਖ਼ਤਮ ਹੁੰਦਿਆਂ ਹੀ ਨੌਕਰੀ ਲੱਭਣ ਜਾਂ ਅੱਗੇ ਦੀ ਤਿਆਰੀ ਲਈ ਬਹੁਤ ਘੱਟ ਸਮਾਂ ਬਚੇਗਾ ਜੇਕਰ ਗ੍ਰੀਨ ਕਾਰਡ ਲਈ 1 ਕਰੋੜ ਰੁਪਏ ਦਾ ਬਾਂਡ ਨਿਯਮ ਭਾਰਤ 'ਤੇ ਵੀ ਲਾਗੂ ਹੁੰਦਾ ਹੈ, ਤਾਂ ਐੱਚ-1ਬੀ (8-12) ਵਰਕ ਵੀਜ਼ਾ 'ਤੇ ਸਾਲਾਂ ਤੋਂ ਪੀ.ਆਰ. ਦੀ ਉਡੀਕ ਕਰ ਰਹੇ ਲੱਖਾਂ ਮੱਧ-ਵਰਗੀ ਭਾਰਤੀ ਪੇਸ਼ੇਵਰਾਂ ਲਈ 1 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਇੱਕ ਬਹੁਤ ਵੱਡੀ ਚੁਣੌਤੀ ਬਣ ਜਾਵੇਗਾ।

ਅਮਰੀਕਾ ਜਾਣ ਦੇ ਚਾਹਵਾਨ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਨੂੰ ਹੁਣ ਬਦਲਦੇ ਵੀਜ਼ਾ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਠੋਸ ਵਿੱਤੀ ਤੇ ਵਿੱਦਿਅਕ ਰਣਨੀਤੀ ਦੇ ਨਾਲ ਹੀ ਆਪਣੀ ਤਿਆਰੀ ਕਰਨੀ ਹੋਵੇਗੀ।

***

### ਕੈਨੇਡਾ 'ਚ ਇਲਾਜ਼ ਕਰਵਾ ਕੇ ਬਿਨਾਂ ਬਿੱਲ

ਵੱਲੋਂ ਨਾ ਚੁਕਾਏ ਜਾ ਰਹੇ ਹਸਪਤਾਲ ਬਿੱਲਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਨੂੰ ਤੁਰੰਤ ਸਖ਼ਤ ਅਤੇ ਪ੍ਰਭਾਵਸ਼ਾਲੀ ਨੀਤੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ। ਮਾਹਿਰਾਂ ਨੇ ਸੁਝਾਅ ਦਿੱਤਾ ਹੈ ਕਿ ਯੂਰਪੀ ਦੇਸ਼ਾਂ ਦੀ ਤਰ੍ਹਾਂ ਕੈਨੇਡਾ ਆਉਣ ਵਾਲੇ ਹਰ ਵਿਦੇਸ਼ੀ ਸੈਲਾਨੀ ਲਈ ਐਂਟਰੀ ਵੀਜ਼ਾ ਜਾਰੀ ਕਰਨ ਤੋਂ ਪਹਿਲਾਂ ਟਰੈਵਲ ਹੈਲਥ ਇੰਸ਼ੋਰੈਂਸ ਲਾਜ਼ਮੀ ਕੀਤਾ ਜਾਵੇ। ਇਸ ਦੇ ਨਾਲ ਹੀ ਜਾਨ ਬਚਾਉਣ ਵਾਲੀਆਂ ਐਮਰਜੈਂਸੀ ਸਥਿਤੀਆਂ ਤੋਂ ਇਲਾਵਾ ਹੋਰ ਸਾਰੇ ਮਾਮਲਿਆਂ ਵਿੱਚ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਹੀ ਹਸਪਤਾਲੀ ਫ਼ੀਸ ਅਗਾਊਂ ਵਸੂਲ ਕਰਨ ਦੀ ਵਿਵਸਥਾ ਕੀਤੀ ਜਾਵੇ।

ਮਾਹਿਰਾਂ ਨੇ ਇਹ ਵੀ ਸਿਫ਼ਾਰਸ਼ ਕੀਤੀ ਹੈ ਕਿ ਜੋ ਗ਼ੈਰ-ਕੈਨੇਡੀਅਨ ਨਾਗਰਿਕ ਹਸਪਤਾਲਾਂ ਦੇ ਬਿੱਲ ਅਦਾ ਕੀਤੇ ਬਿਨਾਂ ਦੇਸ਼ ਛੱਡ ਜਾਂਦੇ ਹਨ, ਉਨ੍ਹਾਂ ਦੇ ਕੈਨੇਡਾ ਵਿੱਚ ਮੁੜ ਦਾਖ਼ਲੇ 'ਤੇ ਫੈਡਰਲ ਸਰਕਾਰ ਵੱਲੋਂ ਪਾਬੰਦੀ ਲਗਾਈ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਦੀ ਸਿਹਤ ਪ੍ਰਣਾਲੀ ਪਹਿਲਾਂ ਹੀ ਬਜਟ ਦੀ ਘਾਟ ਅਤੇ ਸਿਹਤ ਕਰਮਚਾਰੀਆਂ ਦੀ ਕਮੀ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਅਜਿਹੇ ਹਾਲਾਤ ਵਿੱਚ ਅਦਾਇਗੀ ਤੋਂ ਬਿਨਾਂ ਰਹਿ ਜਾਂਦੇ ਹਸਪਤਾਲੀ ਬਿੱਲ ਮੈਨੀਟੋਬਾ ਦੇ ਸਿਹਤ ਢਾਂਚੇ 'ਤੇ ਵਾਧੂ ਵਿੱਤੀ ਬੋਝ ਪਾ ਰਹੇ ਹਨ, ਜਿਸ ਦਾ ਅੰਤਿਮ ਭਾਰ ਆਮ ਟੈਕਸ ਦਾਤਾ ਵਾਂ ਨੂੰ ਝੱਲਣਾ ਪੈਂਦਾ ਹੈ।

***

### 'ਜ਼ੌਂਬੀ ਲੈਂਡ' ਕਿਉਂ ਬਣ ਗਿਆ ਵਿਨੀਪੈਗ ਦਾ ਦਿਲ

ਉੱਥੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਨਸ਼ੇੜੀਆਂ ਦੀ ਰਿਹਾਈ ਲਈ ਨਸ਼ਾ-ਛੁਡਾਊ ਕੇਂਦਰਾਂ ਵਿੱਚ ਲਾਜ਼ਮੀ ਇਲਾਜ ਦੀ ਸ਼ਰਤ ਰੱਖੀ ਜਾਂਦੀ ਹੈ। ਦੂਜੇ ਪਾਸੇ, ਵਿਨੀਪੈਗ ਪ੍ਰਸ਼ਾਸਨ ਨੇ 'ਹਮਦਰਦੀ' ਦਾ ਅਜਿਹਾ ਨਾਕਾਮ ਰਾਹ ਚੁਣਿਆ ਹੈ ਜਿੱਥੇ ਕਿਸੇ ਦੀ ਕੋਈ ਜਵਾਬਦੇਹੀ ਨਹੀਂ ਹੈ। ਜਦੋਂ ਤੁਸੀਂ ਬਿਨਾਂ ਕਿਸੇ ਸ਼ਰਤ ਜਾਂ ਜ਼ਿੰਮੇਵਾਰੀ ਦੇ ਅਜਿਹੇ ਗੰਭੀਰ ਸੰਕਟ ਨੂੰ ਹਵਾ ਦਿੰਦੇ ਹੋ, ਤਾਂ ਨਤੀਜੇ ਉਹੀ ਹੁੰਦੇ ਹਨ ਜੋ ਅੱਜ ਅਸੀਂ ਭੁਗਤ ਰਹੇ ਹਾਂ। ਸਰਕਾਰਾਂ ਦੀ ਸੁਸਤੀ, ਵੋਟ-ਬੈਂਕ ਦੀ ਸਿਆਸਤ ਅਤੇ ਫੋਕੀ ਹਮਦਰਦੀ ਨੇ ਵਿਨੀਪੈਗ ਦੇ ਦਿਲ (ਡਾਊਨ ਟਾਊਨ) ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਸ਼ਹਿਰ ਨੂੰ ਮੁੜ ਸੁਰਜੀਤ ਕਰਨ ਲਈ ਹੁਣ ਲੀਡਰਾਂ ਦੇ ਭਾਸ਼ਣਾਂ ਦੀ ਨਹੀਂ, ਬਲਕਿ ਸੜਕਾਂ 'ਤੇ ਸਖ਼ਤ ਕਾਨੂੰਨ ਅਤੇ ਲਾਜ਼ਮੀ ਇਲਾਜ ਪ੍ਰਣਾਲੀ ਲਾਗੂ ਕਰਨ ਦੀ ਤੁਰੰਤ ਲੋੜ ਹੈ।

***

### ਅਮਰੀਕਾ ਵਾਂਗ ਪਾਕਿਸਤਾਨ ਭਾਈ ਪੰਜਵੜ

ਕਿਹਾ ਹੈ ਭਾਈ ਪਰਮਜੀਤ ਸਿੰਘ ਪੰਜਵੜ ਕੋਈ ਆਮ ਵਿਅਕਤੀ ਨਹੀਂ ਸੀ। ਉਹ ਸਿੱਖ ਕੌਮ ਦਾ ਜਰਨੈਲ ਸੀ ਅਤੇ ਉਸਦੀ 28 ਸਾਲ ਤੋਂ ਲਗਾਤਾਰ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿੱਚ ਰਿਹਾਇਸ਼ ਰਹੀ ਹੈ। ਜ਼ਿਕਰਯੋਗ ਹੈ ਕਿ ਭਾਈ ਪਰਮਜੀਤ ਸਿੰਘ ਪੰਜਵੜ ਨੂੰ 6 ਮਈ 2023 ਵਾਲੇ ਦਿਨ ਲਾਹੌਰ ਦੇ ਇੱਕ ਪਾਰਕ ਵਿੱਚ ਸੈਰ ਕਰਦੇ ਵਕਤ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਵੱਲੋਂ ਅਮਰੀਕਾ ਸਰਕਾਰ ਅਤੇ ਐੱਫ.ਬੀ.ਆਈ ਦੀ ਪ੍ਰਸ਼ੰਸਾ ਕਰਦਿਆਂ ਧੰਨਵਾਦ ਕੀਤਾ ਗਿਆ, ਜਿਸ ਨੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਕਾਤਲਾਂ ਅਤੇ ਕਾਤਲਾਂ ਦੇ ਆਕਾਵਾਂ ਨੂੰ ਬੇਨਕਾਬ ਕੀਤਾ ਹੈ। ਇਹਨਾਂ ਹੀ ਗੈਂਗਸਟਰਾਂ ਵੱਲੋਂ ਆਜ਼ਾਦੀ ਪਸੰਦ ਸਿੱਖ ਕਾਰਕੁਨਾਂ ਤੇ ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਕਾਤਲਾਨਾ ਹਮਲੇ ਕਰਨ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਅਤੇ ਕੁੱਝ ਥਾਵਾਂ 'ਤੇ ਅਮਲ ਵਿੱਚ ਲਿਆਂਦੀਆਂ ਗਈਆਂ ਹਨ। ਐੱਫ.ਬੀ.ਆਈ ਨੇ ਸਿੱਖ ਕਾਰਕੁਨਾਂ ਨੂੰ ਧਮਕਾਉਣ, ਬਿਜਨਸਮੈਨ ਸਿੱਖਾਂ ਤੋਂ ਫਿਰੌਤੀਆਂ ਮੰਗਣ ਵਾਲੇ ਗ੍ਰੋਹ ਦਾ ਪਰਦਾਫਾਸ਼ ਕੀਤਾ ਹੈ ਜੋ ਕਿ ਬਹੁਤ ਸ਼ਲਾਘਾਯੋਗ ਕਾਰਵਾਈ ਹੈ।

***

### ਸੱਤ ਸਾਲਾ ਤੇਗਬੀਰ ਸਿੰਘ ਨੇ ਆਪਣੀਆਂ ਪਰਬਤਾਰੋਹੀ

ਇਸ ਸਾਲ ਅਪ੍ਰੈਲ ਵਿੱਚ, ਉਹ ਨੇਪਾਲ ਵਿੱਚ 235 ਕਿਲੋਮੀਟਰ ਅੰਨਪੂਰਨਾ ਸਰਕਟ ਟ੍ਰੈਕ ਨੂੰ ਪੂਰਾ ਕਰਨ ਵਾਲਾ ਦੁਨੀਆ ਦਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਬਣ ਗਿਆ।

ਜੂਨ 2025 ਵਿੱਚ, ਛੇ ਸਾਲ ਅਤੇ ਸੱਤ ਮਹੀਨਿਆਂ ਦੀ ਉਮਰ ਵਿੱਚ, ਉਹ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਲਬਰਸ ਨੂੰ ਸਰ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਬਣ ਗਿਆ, ਜਿਸ ਨੇ ਪੰਜਾਬ ਰਾਜ ਪੁਰਸਕਾਰ ਹਾਸਲ ਕੀਤਾ। ਇਸ ਤੋਂ ਪਹਿਲਾਂ, ਅਗਸਤ 2024 ਵਿੱਚ, ਉਹ ਅਫਰੀਕਾ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲੀਮੰਜਾਰੋ 'ਤੇ ਚੜ੍ਹਨ ਵਾਲਾ ਸਭ ਤੋਂ ਛੋਟੀ ਉਮਰ ਦਾ ਏਸ਼ੀਅਨ ਬਣ ਗਿਆ, ਜਿਸ ਨੇ ਏਸ਼ੀਆ ਬੁੱਕ ਆਫ ਰਿਕਾਰਡਜ਼ ਅਤੇ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਐਂਟਰੀਆਂ ਸੁਰੱਖਿਅਤ ਕੀਤੀਆਂ। ਉਹ ਪੰਜ ਸਾਲ ਅਤੇ ਸੱਤ ਮਹੀਨਿਆਂ ਦੀ ਉਮਰ ਵਿੱਚ ਅਪਰੈਲ 2024 ਵਿੱਚ ਨੇਪਾਲ ਵਿੱਚ ਐਵਰੈਸਟ ਬੇਸ ਕੈਂਪ ਵੀ ਪਹੁੰਚ ਚੁੱਕਾ ਹੈ।

ਨੌਜਵਾਨ ਪਰਬਤਾਰੋਹੀ ਨੂੰ ਸਿੱਖ ਭਾਈਚਾਰੇ ਦਾ ਨਾਮ ਰੌਸ਼ਨ ਕਰਨ ਲਈ ਜੁਲਾਈ 2025 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਨਮਾਨਿਤ ਕੀਤਾ ਗਿਆ ਸੀ।

***

### ਪੰਜਾਬ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਲਈ 'ਟਰੁਥ ਕਮਿਸ਼ਨ'

ਬਾਬਾ ਬੇਦੀ ਤੇ ਸਰਦਾਰ ਗੁਰਤੇਜ ਸਿੰਘ ਦੀ ਭਾਵਪੂਰਤ ਅਪੀਲ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਦਾ ਵਾਸਤਾ ਪਾਉਣ 'ਤੇ ਜਸਟਿਸ ਕੁਲਦੀਪ ਸਿੰਘ ਇਸ ਲੋਕ ਕਮਿਸ਼ਨ ਦੀ ਅਗਵਾਈ ਕਰਨ ਲਈ ਮੰਨ ਗਏ। ਉਨ੍ਹਾਂ ਦੇ ਨਾਲ ਕਲਕੱਤਾ, ਬੰਬੇ ਅਤੇ ਦਿੱਲੀ ਹਾਈਕੋਰਟਾਂ ਦੇ ਸਾਬਕਾ ਜੱਜ (ਜਸਟਿਸ ਡੀਐੱਮ ਤਿਵਾੜਿਆ, ਜਸਟਿਸ ਸੁਰੇਸ਼, ਜਸਟਿਸ ਜਸਪਾਲ ਸਿੰਘ) ਵੀ ਆ ਜੁੜੇ।

ਗੁਰਤੇਜ ਸਿੰਘ (ਸਾਬਕਾ ਆਈ.ਏ.ਐਸ.) ਦਾ ਰਣਨੀਤਕ ਰੋਲ

ਗੁਰਤੇਜ ਸਿੰਘ ਦਾ ਚੰਡੀਗੜ੍ਹ ਸਥਿਤ ਘਰ ਇਸ ਮਨੁੱਖੀ ਅਧਿਕਾਰਾਂ ਦੀ ਪੂਰੀ ਲਹਿਰ ਦਾ 'ਹੈੱਡਕੁਆਰਟਰ' ਬਣ ਗਿਆ ਸੀ।

ਜਸਟਿਸ ਕੁਲਦੀਪ ਸਿੰਘ, ਰਾਮ ਨਰਾਇਣ ਕੁਮਾਰ,ਜਸਟਿਸ ਅਜੀਤ ਸਿੰਘ ਬੈਂਸ,ਨਵਕਿਰਨ ਸਿੰਘ ਐਡਵੋਕੇਟ,ਐਡਵੋਕੇਟ ਅਮਰ ਸਿੰਘ ਚਾਹਲ ਅਤੇ ਹੋਰ ਬੁੱਧੀਜੀਵੀ ਇਸੇ ਘਰ ਵਿੱਚ ਬੈਠ ਕੇ ਕਮਿਸ਼ਨ ਦੀ ਰੂਪ-ਰੇਖਾ ਤਿਆਰ ਕਰਦੇ ਸਨ। ਪੰਜਾਬ ਦੇ ਪਿੰਡਾਂ-ਪਿੰਡਾਂ ਵਿੱਚੋਂ ਮਨੁੱਖੀ ਅਧਿਕਾਰ ਨਾਲ ਸਬੰਧਿਤ ਸੰਸਥਾਵਾਂ ਦੀਆਂ ਟੀਮਾਂ ਜੋ ਵੀ ਬਿਆਨ, ਹਲਫ਼ਨਾਮੇ ਸ਼ਮਸ਼ਾਨਘਾਟਾਂ ਦੇ ਰਿਕਾਰਡ ਅਤੇ ਪੁਲਿਸ ਜ਼ਿਆਦਤੀਆਂ ਦੇ ਸਬੂਤ ਇਕੱਠੇ ਕਰਕੇ ਗੁਰਤੇਜ ਸਿੰਘ ਦੇ ਘਰ ਵਿੱਚ ਦਫ਼ਤਰ ਲਿਆਉਂਦੀਆਂ ਸਨ, ਉੱਥੇ ਰਾਮ ਨਰਾਇਣ ਕੁਮਾਰ ਹਰਸ਼ਿੰਦਰ ਸਿੰਘ ਅਤੇ ਅਮਰੀਕ ਸਿੰਘ ਮੁਕਤਸਰ ਦੀ ਅਗਵਾਈ ਹੇਠ ਇਨ੍ਹਾਂ ਦਸਤਾਵੇਜ਼ਾਂ ਨੂੰ ਕਾਨੂੰਨੀ ਭਾਸ਼ਾ ਵਿੱਚ ਕ੍ਰਮਬੱਧ ਕੀਤਾ ਜਾਂਦਾ ਸੀ। ਪੰਜਾਬ ਭਰ ਵਿੱਚੋਂ ਆਏ ਹਲਫ਼ਨਾਮੇ, ਸ਼ਮਸ਼ਾਨਘਾਟਾਂ ਦੇ ਰਿਕਾਰਡ ਅਤੇ ਸ਼ਿਕਾਇਤਾਂ ਇੱਥੇ ਹੀ ਕਾਨੂੰਨੀ ਭਾਸ਼ਾ ਵਿੱਚ ਕ੍ਰਮਬੱਧ ਕੀਤੀਆਂ ਜਾਂਦੀਆਂ ਸਨ। ਜਦੋਂ ਰੇਡਾਂ ਦਾ ਖ਼ਦਸ਼ਾ ਵਧਿਆ, ਤਾਂ ਇਨ੍ਹਾਂ ਦਸਤਾਵੇਜ਼ਾਂ ਦੇ ਡਿਜੀਟਲ ਬੈਕਅੱਪ (ਫ਼ਲਾਪੀ ਡਿਸਕਾਂ) ਅਤੇ ਫ਼ੋਟੋਕਾਪੀਆਂ ਨੂੰ ਗੁਰਤੇਜ ਸਿੰਘ, ਰਾਮ ਨਾਰਾਇਣ ਕੁਮਾਰ ਦੇ ਯਤਨਾਂ ਨਾਲ ਦਿੱਲੀ ਅਤੇ ਹੋਰ ਸੁਰੱਖਿਅਤ ਥਾਂਵਾਂ 'ਤੇ ਭੇਜਿਆ ਗਿਆ। ਇਸ ਕਾਰਨ ਬਾਅਦ ਵਿੱਚ ਅਮਰੀਕ ਸਿੰਘ ਮੁਕਤਸਰ ਦੇ ਸਹਿਯੋਗ ਨਾਲ ਰਾਮ ਨਾਰਾਇਣ ਕੁਮਾਰ ਦੀ ਇਤਿਹਾਸਕ ਪੁਸਤਕ 'ਰੀਡੀਊਸਡ ਟੂ ਐਸ਼ੇਸ' ਛਪ ਸਕੀ।

**ਪਹਿਲੀ ਮੀਟਿੰਗ ਅਤੇ ਜਥੇਬੰਦੀਆਂ ਦੀ ਭੂਮਿਕਾ**

ਲੋਕ ਕਮਿਸ਼ਨ ਦੀ ਪਹਿਲੀ ਤਿੰਨ-ਰੋਜ਼ਾ ਜਨਤਕ ਸੁਣਵਾਈ ਅਗਸਤ 1998 ਵਿੱਚ ਚੰਡੀਗੜ੍ਹ ਵਿਖੇ (ਸੈਕਟਰ 34 ਦੇ ਗੁਰਦੁਆਰਾ ਸਾਹਿਬ) ਹੋਈ। ਇੱਥੇ 524 ਸ਼ਿਕਾਇਤਾਂ ਪੁੱਜੀਆਂ, ਜਿਨ੍ਹਾਂ ਵਿੱਚੋਂ 422 ਸਵੀਕਾਰ ਕੀਤੀਆਂ ਗਈਆਂ।

ਇਸ ਇਤਿਹਾਸਕ ਕਾਰਜ ਨੂੰ ਸਫ਼ਲ ਬਣਾਉਣ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਸੁਝਵਾਨ ਸ਼ਖ਼ਸੀਅਤਾਂ ਦੀ ਭੂਮਿਕਾ ਅਹਿਮ ਰਹੀ। 18 ਜਥੇਬੰਦੀਆਂ ਦੇ ਸਾਂਝੇ ਮੰਚ 'ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ' (ਸੀ.ਸੀ.ਡੀ.ਪੀ.) ਨੇ ਇਸ ਪੂਰੇ ਅੰਦੋਲਨ ਨੂੰ ਇੱਕ ਮਜ਼ਬੂਤ ਜਥੇਬੰਦਕ ਢਾਂਚਾ ਪ੍ਰਦਾਨ ਕੀਤਾ। ਉਸ ਦੌਰ ਵਿੱਚ ਜਦੋਂ ਚਾਰ ਚੁਫ਼ੇਰੇ ਸਰਕਾਰੀ ਦਹਿਸ਼ਤ ਦਾ ਮਾਹੌਲ ਸੀ, ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠ 'ਪੰਜਾਬ ਹਿਊਮਨ ਰਾਇਟਸ ਆਰਗ਼ੇਨਾਈਜੇਸ਼ਨ' ਨੇ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਦੇ ਮਨਾਂ ਵਿੱਚੋਂ ਭੈਅ ਦੂਰ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦਾ ਹੌਂਸਲਾ ਦਿੱਤਾ।

ਇਸੇ ਤਰ੍ਹਾਂ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਅਧੂਰੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ 'ਮਨੁੱਖੀ ਅਧਿਕਾਰ ਵਿੰਗ (ਅਕਾਲੀ ਦਲ)' ਦੇ ਆਗੂਆਂ ਅਮਰੀਕ ਸਿੰਘ ਮੁਕਤਸਰ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਪੀੜਤ ਪਰਿਵਾਰਾਂ ਦੀ ਬਾਂਹ ਫੜੀ। ਰਾਮ ਨਰਾਇਣ ਕੁਮਾਰ ਵਰਗੇ ਖੋਜੀ ਅਤੇ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ, ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਅੰਮ੍ਰਿਤਸਰ, ਬਾਬਾ ਮੱਖਣ ਸਿੰਘ, ਭਾਈ ਜਸਵੀਰ ਸਿੰਘ ਰੋਡੇ ਅਤੇ ਭਾਈ ਮੋਹਕਮ ਸਿੰਘ ਵਰਗੀਆਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੇ ਇਸ ਮੁਹਿੰਮ ਨੂੰ ਸਿਆਸੀ ਅਤੇ ਸਮਾਜਿਕ ਥਾਪੜਾ ਦਿੱਤਾ। ਇਸ ਦੇ ਨਾਲ ਹੀ, ਕਾਨੂੰਨੀ ਮੋਰਚੇ 'ਤੇ ਦੇਸ਼ ਦੀ ਮੰਨੀ-ਪ੍ਰਮੰਨੀ ਕਾਨੂੰਨਦਾਨ ਇੰਦਿਰਾ ਜੈਸਿੰਘ ਵੱਲੋਂ ਮੁਫ਼ਤ ਕਾਨੂੰਨੀ ਸਲਾਹ ਦੇਣਾ ਅਤੇ ਐਡਵੋਕੇਟ ਆਰ.ਐਸ. ਬੈਂਸ, ਨਵਕਿਰਨ ਸਿੰਘ ਤੇ ਅਮਰ ਸਿੰਘ ਚਾਹਲ ਵਰਗੇ ਵਕੀਲਾਂ ਵੱਲੋਂ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰਨਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹ ਲਹਿਰ ਕਾਨੂੰਨੀ ਅਤੇ ਸੰਵਿਧਾਨਕ ਦਾਇਰੇ ਦੇ ਅੰਦਰ ਰਹਿ ਕੇ ਬੜੀ ਸੰਜੀਦਗੀ ਨਾਲ ਖੜੀ ਕੀਤੀ ਗਈ।

**ਲੋਕ ਕਮਿਸ਼ਨ ਉੱਪਰ ਪਾਬੰਦੀ ਕਿਵੇਂ ਲਗੀ ?**

ਲੋਕ ਕਮਿਸ਼ਨ ਦੇ ਮਾਮਲੇ ਨਾਲ ਜੁੜੇ ਅਮਰੀਕ ਸਿੰਘ ਮੁਕਤਸਰ ਨੇ ਦੱਸਿਆ ਕਿ ਕਮਿਸ਼ਨ ਦੀ ਸਿਰਫ਼ ਇੱਕ ਸੁਣਵਾਈ ਚੰਡੀਗੜ੍ਹ ਦੇ ਸੈਕਟਰ 34 ਸਥਿਤ ਇੱਕ ਗੁਰਦੁਆਰਾ ਸਾਹਿਬ ਵਿੱਚ ਹੋ ਸਕੀ ਸੀ। ਇਸ ਤੋਂ ਬਾਅਦ ਕਮਿਸ਼ਨ ਵੱਲੋਂ ਲੁਧਿਆਣਾ ਵਿਖੇ ਅਦਾਲਤ ਲਗਾਉਣ ਦੀ ਯੋਜਨਾ ਬਣਾਈ ਗਈ ਸੀ। ਪਰ ਇਸੇ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕਮਿਸ਼ਨ ਉੱਤੇ ਪਾਬੰਦੀ ਲਗਾਉਣ ਦੀ ਮੰਗ ਕਰਦੀਆਂ ਕਈ ਪਟੀਸ਼ਨਾਂ ਦਾਇਰ ਕਰ ਦਿੱਤੀਆਂ ਗਈਆਂ।

ਅਦਾਲਤ ਨੇ ਸ਼ੁਰੂਆਤੀ ਤੌਰ 'ਤੇ ਮੁਕੱਦਮੇ ਦਾ ਫ਼ੈਸਲਾ ਆਉਣ ਤੱਕ ਕਮਿਸ਼ਨ ਦੀ ਅਗਲੀ ਸੁਣਵਾਈ 'ਤੇ ਰੋਕ ਲਗਾ ਦਿੱਤੀ ਸੀ। ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲੀ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ, ਹਾਈਕੋਰਟ ਨੇ 20 ਦਸੰਬਰ 1999 ਨੂੰ ਲੋਕ ਕਮਿਸ਼ਨ ਉੱਤੇ ਪੱਕੇ ਤੌਰ 'ਤੇ ਪਾਬੰਦੀ ਲਗਾ ਦਿੱਤੀ, ਜਿਸ ਨਾਲ ਇਹ ਕਮਿਸ਼ਨ ਹਮੇਸ਼ਾ ਲਈ ਬੰਦ ਹੋ ਗਿਆ।

ਜਤਿੰਦਰ ਪੰਨੂੰ, ਸੁਦਰਸ਼ਨ ਗੋਇਲ ਅਤੇ ਉਨ੍ਹਾਂ ਵਰਗੇ ਹੋਰ ਵਿਚਾਰਧਾਰਕ ਵਿਰੋਧੀਆਂ ਨੇ 'ਖਲਨਾਇਕ' ਵਾਲਾ ਰੋਲ ਨਿਭਾਇਆ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨਾਂ ਦਾਇਰ ਕਰਵਾਈਆਂ ਅਤੇ ਮਾਹੌਲ ਸਿਰਜਿਆ ਕਿ ਗ਼ੈਰ-ਸਰਕਾਰੀ ਜੱਜਾਂ ਦਾ ਪੈਨਲ ਸੰਮਨ ਜਾਰੀ ਕਰਕੇ ਦੇਸ਼ ਦੀ ਸਥਾਪਿਤ ਅਦਾਲਤੀ ਵਿਵਸਥਾ ਨੂੰ ਚੁਣੌਤੀ ਦੇ ਰਿਹਾ ਹੈ। ਤਰਕ ਦਿੱਤਾ ਗਿਆ ਕਿ ਪੰਜਾਬ ਮਸਾਂ ਸ਼ਾਂਤੀ ਵੱਲ ਪਰਤਿਆ ਹੈ, ਪੁਰਾਣੇ ਮੁੱਦੇ ਉਛਾਲਣ ਨਾਲ ਮੁੜ ਸ਼ਾਂਤੀ ਭੰਗ ਹੋ ਸਕਦੀ ਹੈ।

ਐਡਵੋਕੇਟ ਰਾਜਵਿੰਦਰ ਬੈਂਸ ਦਾ ਕਹਿਣਾ ਹੈ ਕਿ ਅਸਲ ਵਿੱਚ ਇਹ ਦੋਸ਼ੀ ਪੁਲਿਸ ਅਫ਼ਸਰਾਂ ਅਤੇ ਹਾਕਮਾਂ ਨੂੰ ਬਚਾਉਣ ਦਾ ਇੱਕ ਕਵਚ ਸੀ। ਇਸੇ ਬੌਧਿਕ ਅਤੇ ਸਿਆਸੀ ਸਾਜ਼ਿਸ਼ ਦਾ ਨਤੀਜਾ ਸੀ ਕਿ ਕਾਨੂੰਨੀ ਤਕਨੀਕਾਂ ਦਾ ਸਹਾਰਾ ਲੈ ਕੇ 20 ਦਸੰਬਰ 1999 ਨੂੰ ਹਾਈਕੋਰਟ ਨੇ ਇਸ ਲੋਕ ਕਮਿਸ਼ਨ 'ਤੇ ਪੱਕੇ ਤੌਰ 'ਤੇ ਪਾਬੰਦੀ ਲਗਾ ਦਿੱਤੀ ਸੀ।

ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਅਮਰੀਕ ਸਿੰਘ ਮੁਕਤਸਰ ਦਾ ਕਹਿਣਾ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਇਸ ਇਤਿਹਾਸਕ ਮੋੜ 'ਤੇ ਅੱਗੇ ਆ ਕੇ ਪੀੜਤਾਂ ਦੀ ਬਾਂਹ ਫੜਨੀ ਚਾਹੀਦੀ ਹੈ, ਤਾਂ ਜੋ ਅਤੀਤ ਦੀ ਰਾਖ ਹੇਠ ਦੱਬੇ ਹੋਏ ਸੱਚ ਨੂੰ ਬਾਹਰ ਲਿਆਂਦਾ ਜਾ ਸਕੇ ਅਤੇ ਪੰਜਾਬ ਦੇ ਇਤਿਹਾਸ ਦੇ ਇਸ ਸਭ ਤੋਂ ਦੁਖਦਾਈ ਹਿੱਸੇ ਨੂੰ ਹਮੇਸ਼ਾ ਲਈ ਇੱਕ ਨਿਰਪੱਖ ਇਤਿਹਾਸਕ ਦਸਤਾਵੇਜ਼ ਵਜੋਂ ਸੁਰੱਖਿਅਤ ਕੀਤਾ ਜਾ ਸਕੇ। ਅੱਜ ਜਦੋਂ ਬੀਬੀ ਪਰਮਜੀਤ ਕੌਰ ਖਾਲੜਾ ਨੇ ਮੁੜ ਇਸ ਮੁੱਦੇ ਨੂੰ ਅਕਾਲ ਤਖ਼ਤ ਸਾਹਿਬ 'ਤੇ ਉਠਾਇਆ ਹੈ, ਤਾਂ ਪੰਜਾਬ ਦੇ ਬੁੱਧੀਜੀਵੀਆਂ ਅਤੇ ਸਮਾਜ ਨੂੰ ਸਮਝਣਾ ਪਵੇਗਾ ਕਿ ਅਸਲੀ ਭਾਈਚਾਰਕ ਸਾਂਝ ਤਦ ਹੀ ਬਣੇਗੀ ਜਦੋਂ ਸਟੇਟ ਆਪਣੇ ਗੁਨਾਹ ਕਬੂਲ ਕਰੇਗੀ ਅਤੇ ਪੀੜਤਾਂ ਦਾ ਇਤਿਹਾਸ ਨਿਰਪੱਖ ਢੰਗ ਨਾਲ ਦਸਤਾਵੇਜ਼ੀ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇਗਾ।

**ਇੰਦਿਰਾ ਜੈ ਸਿੰਘ ਦਾ ਰੋਲ**

ਜਸਟਿਸ ਕੁਲਦੀਪ ਸਿੰਘ ਦੇ ਜ਼ਰੀਏ ਹੀ ਇੰਦਿਰਾ ਜੈਸਿੰਘ ਨੂੰ ਪੰਜਾਬ ਵਿੱਚ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਤੋਂ ਬਾਅਦ ਲਾਪਤਾ ਲੋਕਾਂ ਅਤੇ ਲਾਵਾਰਿਸ ਲਾਸ਼ਾਂ ਦੇ ਇਕੱਠੇ ਕੀਤੇ ਗਏ ਠੋਸ ਸਬੂਤਾਂ ਬਾਰੇ ਪਤਾ ਲੱਗਿਆ। ਇੰਦਿਰਾ ਜੈਸਿੰਘ ਨਿੱਜੀ ਤੌਰ 'ਤੇ ਸਟੇਟ ਜਬਰ ਅਤੇ ਨਾਗਰਿਕ ਅਧਿਕਾਰਾਂ ਦੇ ਘਾਣ ਵਿਰੁੱਧ ਲੜਨ ਲਈ ਜਾਣੀ ਜਾਂਦੀ ਸੀ। ਜਦੋਂ ਜਸਟਿਸ ਕੁਲਦੀਪ ਸਿੰਘ ਅਤੇ ਸੀ.ਸੀ.ਡੀ.ਪੀ. ਨੇ ਇਸ ਕਮਿਸ਼ਨ ਦਾ ਖਰੜਾ ਤਿਆਰ ਕੀਤਾ, ਤਾਂ ਇੰਦਿਰਾ ਜੈਸਿੰਘ ਨੇ ਇਸ ਦੀ ਕਾਨੂੰਨੀ ਪ੍ਰਮਾਣਿਕਤਾ ਦੇਕੇ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਰੱਖ ਕੇ ਕੌਮਾਂਤਰੀ ਕਾਨੂੰਨਾਂ ਮੁਤਾਬਕ ਢਾਲਣ ਵਿੱਚ ਮੁਫ਼ਤ ਕਾਨੂੰਨੀ ਸਲਾਹਕਾਰ ਵਜੋਂ ਵੱਡੀ ਮਦਦ ਕੀਤੀ। ਜਦੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਲੋਕ ਕਮਿਸ਼ਨ ਨੂੰ ਬੰਦ ਕਰਨ ਲਈ ਪਟੀਸ਼ਨਾਂ ਪਈਆਂ, ਤਾਂ ਇੰਦਿਰਾ ਜੈਸਿੰਘ ਵਰਗੇ ਵੱਡੇ ਨਾਂਵਾਂ ਨੇ ਅਦਾਲਤ ਵਿੱਚ ਕਮਿਸ਼ਨ ਦਾ ਪੱਖ ਪੂਰਿਆ। ਉਨ੍ਹਾਂ ਨੇ ਤਰਕ ਦਿੱਤਾ ਕਿ ਲੋਕਾਂ ਨੂੰ ਆਪਣੇ ਦੁੱਖ ਸਾਂਝੇ ਕਰਨ ਅਤੇ ਸਬੂਤ ਇਕੱਠੇ ਕਰਨ ਦਾ ਜਮਹੂਰੀ ਹੱਕ ਹੈ, ਅਤੇ ਇਸ ਨੂੰ 'ਸਮਾਨੰਤਰ ਅਦਾਲਤ' ਕਹਿ ਕੇ ਬੰਦ ਕਰਨਾ ਨਾਗਰਿਕ ਸੁਤੰਤਰਤਾ ਦਾ ਗਲਾ ਘੁੱਟਣ ਵਾਂਗ ਹੈ।

## ਗਲ਼ੀ ਨੰਬਰ ਕੋਈ

ਮਗਰੋਂ ਹੋ ਸਕਦੈ ਕੋਈ ਸਾਹਿਤ ਸਭਾ ਉਸ ਦੀ ਯਾਦ ਵਿੱਚ ਪ੍ਰੋਗਰਾਮ ਰੱਖ ਲਵੇ। ਲੋੜ ਤਾਂ ਹੁਣ ਹੈ, ਉਸ ਦੀ ਹਿੰਮਤ ਵਧਾਉਣ ਦੀ ਤਾਂ ਜੋ ਉਹ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ ਸਕੇ ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਵੀ ਜਾਰੀ ਰੱਖ ਸਕੇ। ਮੈਨੂੰ ਇਹ ਵੀ ਪਤਾ ਲੱਗਿਆ ਉਹ ਅੱਜ-ਕੱਲ੍ਹ ਮਾਨਸਾ ਵਿੱਚ ਆਪਣੇ ਪਰਿਵਾਰ ਨਾਲ ਇੱਕ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਹੈ। ਦਿਲ ਉਦਾਸ ਹੋਇਆ ਇਹ ਸੋਚ ਕੇ ਕਿ ਜਿਸ ਕੋਲ ਆਪਣਾ ਘਰ ਹੀ ਨਹੀਂ ਉਸ ਕੋਲ ਗਲੀ ਨੰਬਰ ਕਿੱਥੋਂ ਹੋਵੇਗਾ। ਸੱਚ ਹੀ ਅਨੇਮਨ ਦਾ ਗਲ਼ੀ ਨੰਬਰ ਕੋਈ ਨਹੀਂ।

***

## ਸਾਉਣ ਦਾ ਮਹੀਨਾ ਬਾਗਾਂ

ਜੇ ਬੱਚੇ ਕਿਤਾਬਾਂ ਦੇ ਨਾਲ-ਨਾਲ ਆਪਣੇ ਲੋਕ-ਵਿਰਸੇ ਨੂੰ ਵੀ ਸਮਝਣਗੇ ਤਾਂ ਉਹ ਆਧੁਨਿਕਤਾ ਅਤੇ ਪਰੰਪਰਾ ਵਿਚਕਾਰ ਸੰਤੁਲਨ ਕਾਇਮ ਰੱਖ ਸਕਣਗੇ।

ਅੱਜ ਜਲਵਾਯੂ ਪਰਿਵਰਤਨ ਪੂਰੀ ਦੁਨੀਆ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਕਦੇ ਅਣ ਕਿਆਸੇ ਸਮੇਂ ਦੀ ਵਰਖਾ ਅਤੇ ਕਦੇ ਲੰਬਾ ਸੋਕਾ ਖੇਤੀ ਅਤੇ ਆਮ ਜੀਵਨ ਦੋਵਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਸਾਉਣ ਸਾਨੂੰ ਕੁਦਰਤ ਦੇ ਨਿਯਮਾਂ ਦਾ ਸਤਿਕਾਰ ਕਰਨ ਅਤੇ ਵਾਤਾਵਰਨ ਨਾਲ ਸੰਤੁਲਿਤ ਰਿਸ਼ਤਾ ਬਣਾਉਣ ਦੀ ਪ੍ਰੇਰਨਾ ਦਿੰਦਾ ਹੈ। ਜੇ ਅਸੀਂ ਅੱਜ ਜਾਗਰੂਕ ਨਾ ਹੋਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਲੋਕ-ਗੀਤਾਂ ਵਾਲਾ ਉਹ ਸਾਉਣ ਸ਼ਾਇਦ ਸਿਰਫ਼ ਕਿਤਾਬਾਂ ਵਿੱਚ ਹੀ ਪੜ੍ਹ ਸਕਣ।

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਸਾਉਣ ਪੰਜਾਬ ਦੀ ਰੂਹ ਦਾ ਸਭ ਤੋਂ ਸੁੰਦਰ ਰੂਪ ਹੈ। ਇਹ ਹਰਿਆਵਲ, ਉਮੀਦ, ਪਿਆਰ, ਮਿਲਾਪ, ਮਿਹਨਤ, ਲੋਕ-ਕਲਾ ਅਤੇ ਆਧਿਆਤਮਿਕਤਾ ਦਾ ਅਦਭੁੱਤ ਮੇਲ ਹੈ। ਇਹ ਕਿਸਾਨ ਦੀਆਂ ਉਮੀਦਾਂ ਨੂੰ ਸਿੰਜਦਾ ਹੈ, ਧੀਆਂ ਦੇ ਚਿਹਰਿਆਂ 'ਤੇ ਮੁਸਕਾਨ ਲਿਆਉਂਦਾ ਹੈ, ਲੋਕ-ਗੀਤਾਂ ਨੂੰ ਨਵੇਂ ਸੁਰ ਦਿੰਦਾ ਹੈ, ਗੁਰਬਾਣੀ ਦੇ ਸੰਦੇਸ਼ ਨੂੰ ਹੋਰ ਡੂੰਘਾਈ ਨਾਲ ਮਹਿਸੂਸ ਕਰਵਾਉਂਦਾ ਹੈ ਅਤੇ ਮਨੁੱਖ ਨੂੰ ਕੁਦਰਤ ਨਾਲ ਆਪਣੇ ਅਟੁੱਟ ਰਿਸ਼ਤੇ ਦੀ ਯਾਦ ਦਿਵਾਉਂਦਾ ਹੈ।

ਜਦੋਂ ਤੱਕ ਵਰਖਾ ਦੀ ਪਹਿਲੀ ਫੁਹਾਰ ਨਾਲ ਮਿੱਟੀ ਮਹਿਕਦੀ ਰਹੇਗੀ, ਬਾਗਾਂ ਵਿੱਚ ਮੋਰ ਪੈਲ ਪਾਉਂਦੇ ਰਹਿਣਗੇ, ਪਰ ਪਿੱਪਲਾਂ ਦੀਆਂ ਟਾਹਣੀਆਂ ਉੱਤੇ ਪੀਂਘਾਂ ਝੂਲਦੀਆਂ ਰਹਿਣਗੀਆਂ, ਗਿੱਧੇ ਦੇ ਪਿੜਾਂ ਵਿੱਚ ਬੋਲੀਆਂ ਗੂੰਜਦੀਆਂ ਰਹਿਣਗੀਆਂ ਅਤੇ ਪੰਜਾਬੀ ਲੋਕ-ਮਨ ਕੁਦਰਤ ਨਾਲ ਪਿਆਰ ਕਰਦਾ ਰਹੇਗਾ, ਉਦੋਂ ਤੱਕ ਸਾਉਣ ਦੀ ਰੁਣਝੁਣ ਕਦੇ ਮੱਧਮ ਨਹੀਂ ਪਵੇਗੀ।

***

## ਖਾਕੀ ਦੀ ਸਾਖ 'ਤੇ ਸਵਾਲ: ਗੈਂਗਸਟਰਾਂ ਅਤੇ ਅਫ਼ਸਰਾਂ

ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਡੀ.ਐੱਸ.ਪੀ. ਜਸਪਾਲ ਸਿੰਘ ਅਤੇ ਥਾਣਾ ਟਾਂਡਾ ਦੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ, ਜਿਸ ਨੂੰ ਕਿ ਹੁਣ ਲਾਈਨ ਨਜ਼ਰ ਕੀਤਾ ਗਿਆ ਹੈ, ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਕਈ ਸਾਰੇ ਪੁਲਿਸ ਅਫ਼ਸਰਾਂ ਅਤੇ ਸਿਆਸੀ ਲੀਡਰਾਂ ਦੇ ਹੱਥ ਪੈਰ ਫ਼ੁੱਲਣ ਲੱਗ ਪਏ ਹਨ। ਇੱਕ ਗੱਲ ਤਾਂ ਸਮਝ ਆਉਂਦੀ ਹੈ ਕਿ ਇੰਸਪੈਕਟਰ ਅਤੇ ਡੀ.ਐੱਸ.ਪੀ. ਰੈਂਕ ਦਾ ਅਧਿਕਾਰੀ ਉਦੋਂ ਤਕ ਹੱਦਾਂ ਪਾਰ ਨਹੀਂ ਕਰਦਾ ਜਦੋਂ ਤਕ ਉੱਪਰਲਿਆਂ ਦਾ ਸਿਰ 'ਤੇ ਹੱਥ ਨਾ ਹੋਵੇ ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਇਸ ਬਾਰੇ ਇੱਕ ਬੜੀ ਰੋਚਕ ਟਿੱਪਣੀ ਕਰਦਿਆਂ ਕਿਹਾ ਸੀ ਕਿ ਪੁਲਿਸ ਮੁਲਾਜ਼ਮਾਂ ਦੀ ਕੌਂਸਲਿੰਗ ਦੀ ਲੋੜ ਹੈ। ਪੁਲਿਸ ਨੂੰ ਇਹ ਟ੍ਰੇਨਿੰਗ ਦੇਣ ਦੀ ਲੋੜ ਹੈ ਕਿ ਆਮ ਲੋਕਾਂ ਨਾਲ ਕਿਵੇਂ ਦਾ ਵਰਤਾਵ ਕੀਤਾ ਜਾਵੇ। ਹੁਣ ਉਹ ਜ਼ਮਾਨਾ ਤਾਂ ਬੀਤ ਗਿਆ ਜਦੋਂ ਲੋਕ ਆਪਣੇ ਮਨ ਨੂੰ ਇਹ ਕਹਿ ਕੇ 'ਮੀਂਹ ਵਿੱਚ ਤਿਲਕੇ ਦਾ ਅਤੇ ਪੁਲਿਸ ਦੇ ਕੁੱਟੇ ਦਾ ਬੁਰਾ ਨਹੀਂ ਮਨਾਉਣਾ ਚਾਹੀਦਾ' ਸਮਝਾ ਲਿਆ ਕਰਦੇ ਸਨ। ਸਮਾਜ ਜਾਗ ਪਿਆ ਹੈ।

## ਕੀ ਸਿੱਖਿਆ ਦਾ ਮਿਆਰ ਸੁਧਰੇਗਾ

ਅਸਿੱਧੇ ਤੌਰ 'ਤੇ ਕੇਂਦਰ ਨੇ ਆਪਣੇ ਹੱਥ ਵਿਚ ਲੈ ਲਈਆਂ ਸਨ ਅਤੇ ਜੇ ਸੂਬੇ ਵਿੱਚ ਕੇਂਦਰ ਦੀ ਸਰਕਾਰ ਵਾਲੀ ਪਾਰਟੀ ਦੀ ਸਰਕਾਰ ਨਹੀਂ ਤਾਂ ਕੇਂਦਰ ਨੇ ਪੈਸੇ ਵਲੋਂ ਵੀ ਹੱਥ ਘੁੱਟ ਲੈਣਾ ਹੈ। ਦੂਜੇ ਪਾਸੇ ਸੂਬੇ ਨੇ ਪੈਸਾ ਇਸ ਲਈ ਨਹੀਂ ਦੇਣਾ, ਕਿਉਂਕਿ ਵੀ.ਸੀ ਤੋਂ ਲੈ ਕੇ ਸਾਰੀ ਭਰਤੀ ਹੀ ਕੇਂਦਰ ਦੇ ਇਸ਼ਾਰੇ 'ਤੇ ਹੋਣੀ ਹੈ।

ਇਥੇ ਸਭ ਤੋਂ ਵੱਧ ਫਾਇਦਾ ਹੋਣਾ ਹੈ ਪ੍ਰਾਈਵੇਟ ਯੂਨੀਵਰਸਿਟੀਆਂ ਦਾ ਜਿਹੜੀਆਂ ਕਾਰਪੋਰੇਟਰਾਂ ਵਲੋਂ ਚਲਾਈਆਂ ਜਾ ਰਹੀਆਂ ਹਨ ਜਾਂ ਫਿਰ ਸਿਆਸਤਦਾਨਾਂ ਦੀਆਂ ਹਨ। ਖਾਸ ਕਰਕੇ ਉਨ੍ਹਾਂ ਸਿਆਸਤਦਾਨਾਂ ਦੀਆਂ ਯੂਨੀਵਰਸਿਟੀਆਂ, ਜਿਹੜੇ ਸੱਤਾ ਧਿਰ ਦੇ ਨਾਲ ਹੋਣਗੇ। ਇਸ ਦੇ ਨਾਲ ਰਿਸਰਚ ਕਿੰਨੀ ਵਧੀਆ ਹੋਵੇਗੀ ਇਹ ਤਾਂ ਸਮਾਂ ਦੱਸੇਗਾ। ਕਿਉਂਕਿ ਹਾਲ ਹੀ ਵਿਚ ਹੋਈ ਏ.ਆਈ. ਸਮਿਟ ਵਿੱਚ ਜੋ ਗਲਗੋਟੀਆ ਯੂਨੀਵਰਸਿਟੀ ਨੇ ਸਰਕਾਰ ਤੇ ਦੇਸ਼ ਦਾ ਦੁਨੀਆ ਭਿਰ ਵਿੱਚ ਜਲੂਸ ਕੱਢਿਆ, ਉਸ ਬਾਰੇ ਸਾਰੇ ਜਾਣਦੇ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਇਨ੍ਹਾਂ ਨੂੰ, ਦੇਸ਼ ਨੂੰ ਭੰਡਣ ਕਾਰਨ ਸਖਤ ਸਜ਼ਾ ਦਿੱਤੀ ਜਾਂਦੀ, ਪਰ ਅਫਸੋਸ ਇੱਕ ਛੋਟੇ ਜਿਹੇ ਮੁਆਫੀਨਾਮੇ 'ਤੇ ਹੀ ਮਾਮਲਾ ਰਫਾ-ਦਫਾ ਕਰ ਦਿੱਤਾ ਗਿਆ।

ਯੂਨੀਵਰਸਿਟੀਆਂ ਦੀ ਖੁਦਮੁਖਤਿਆਰੀ ਦੇ ਖੋਰੇ ਨਾਲ ਗੱਲ ਕੇਂਦਰ ਦੀ ਚੱਲੇਗੀ, ਕੀ ਪੜ੍ਹਾਉਣਾ, ਕਿਸ ਤਰ੍ਹਾਂ ਪੜ੍ਹਾਉਣਾ ਹੈ ਇਹ ਸਭ ਉਤੋਂ ਹੀ ਆਏਗਾ। ਬਸ ਖੁਦਮੁਖਤਿਆਰੀ ਦਾ ਤਾਂ ਜਾਮਾ ਹੀ ਰਹਿ ਜਾਏਗਾ। ਹੌਲੀ-ਹੌਲੀ ਸਰਕਾਰੀ ਯੂਨੀਵਰਸਿਟੀਆਂ ਵਿਚੋਂ ਪੈਰ ਪਿੱਛੇ ਖਿੱਚ ਕੇ ਸਰਕਾਰ ਇਨ੍ਹਾਂ ਨੂੰ ਪ੍ਰਾਈਵੇਟ ਜਾਂ ਵਿਦੇਸ਼ੀ ਯੂਨੀਵਰਸਿਟੀਆਂ ਦੇ ਹੱਥ ਫੜਾ ਦੇਵੇਗੀ। ਇਹ ਸਭ ਕੁਝ ਨਵਾਂ ਨਹੀਂ ਪਹਿਲਾਂ ਵੀ ਕਰਨ ਦੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ ਪਰ ਰੋਕ ਲੱਗ ਜਾਂਦੀ ਰਹੀ ਹੈ, ਜਦੋਂ ਸੂਬੇ ਦੀ ਸਰਕਾਰ ਅਤੇ ਲੋਕ ਅੜਿੱਕਾ ਡਾਹ ਦਿੰਦੇ ਸਨ। ਹੁਣ ਸੂਬਿਆਂ ਤੋਂ ਹੀ ਕੇਂਦਰੀਕਰਨ ਸ਼ੁਰੂ ਗਿਆ ਹੈ, ਤਾਂ ਇਹ ਸਭ ਸੌਖਾ ਹੋ ਜਾਵੇਗਾ। ਆਉਣ ਵਾਲੇ ਸਮੇਂ ਵਿਚ ਨਿੱਜੀਕਰਨ ਨੇ ਸਿੱਖਿਆ ਖੇਤਰ ਨੂੰ ਆਪਣੀ ਜਕੜ ਵਿਚ ਲੈ ਲੈਣਾ ਹੈ। ਛੋਟੇ-ਛੋਟੇ ਪ੍ਰਾਈਵੇਟ ਕਾਲਜ, ਯੂਨੀਵਰਸਿਟੀਆਂ, ਵੱਡੇ ਕਾਰਪੋਰੇਟਰਾਂ ਨੇ ਖਰੀਦ ਲੈਣੀਆਂ ਹਨ। ਗੁਣਵੱਤਾ ਦੇ ਨਾਂਅ 'ਤੇ ਫੀਸਾਂ ਵਧ ਜਾਣੀਆਂ ਹਨ ਅਤੇ ਪੜ੍ਹਾਈ ਆਮ ਇਨਸਾਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਣੀ ਹੈ। ਇਹ ਬਿੱਲ ਸਾਨੂੰ ਸਿੱਖਿਆ ਦੇ ਨਿੱਜੀਕਰਨ ਅਤੇ ਕੇਂਦਰੀਕਰਨ ਵੱਲ ਧੱਕਦਾ ਹੈ ਅਤੇ ਇਸ ਦੇ ਨਾਲ-ਨਾਲ ਸਿੱਖਿਆ ਦੇ ਖੇਤਰ ਵਿਚ ਕੇਂਦਰ ਦੀ ਵਿਚਾਰਧਾਰਾ ਨੂੰ ਸਿੱਖਿਆ ਅਦਾਰਿਆਂ 'ਤੇ ਠੋਸਣ ਦਾ ਵੀ ਰਾਹ ਖੋਲ੍ਹਦਾ ਹੈ।

***

## ਕਿਤੇ ਟਾਈਮ ਬੰਬ ਨਾ ਬਣ

'ਪਿੱਤਲ ਨਗਰੀ' ਦੇ ਨਾਂਅ ਨਾਲ ਮਸ਼ਹੂਰ ਇਹ ਸ਼ਹਿਰ ਲੰਮੇ ਸਮੇਂ ਤੋਂ ਬਿਜਲਈ ਕੂੜੇ ਦਾ ਬਦਨਾਮ ਕੇਂਦਰ ਬਣਿਆ ਹੋਇਆ ਹੈ, ਜਿੱਥੇ ਰੋਜ਼ਾਨਾ ਤਕਰੀਬਨ 9 ਟਨ ਨਵਾਂ ਬਿਜਲਈ ਕੂੜਾ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਢੰਗਾਂ ਨਾਲ ਆਉਂਦਾ ਹੈ ਅਤੇ ਇੱਥੋਂ ਦੀਆਂ ਅਨੇਕਾਂ ਗ਼ੈਰ-ਕਾਨੂੰਨੀ ਇਕਾਈਆਂ ਇਸ ਕੂੜੇ ਦੀ ਤੋੜ-ਭੰਨ ਦੇ ਕੰਮ ਵਿੱਚ ਲੱਗੀਆਂ ਹੋਈਆਂ ਹਨ। ਇਨ੍ਹਾਂ ਇਕਾਈਆਂ ਵੱਲੋਂ ਇਸ ਕਚਰੇ ਦਾ ਵੱਡਾ ਹਿੱਸਾ ਰਾਮ ਗੰਗਾ ਨਦੀ ਵਿੱਚ ਸੁੱਟ ਕੇ ਪਾਣੀ ਨੂੰ ਜ਼ਹਿਰੀਲਾ ਬਣਾਇਆ ਜਾ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 2018 ਵਿੱਚ ਕੀਤੇ ਇੱਕ ਸਰਵੇਖਣ ਵਿੱਚ ਰਾਮ ਗੰਗਾ ਦੇ ਕੰਢੇ 'ਤੇ 25,586 ਕਿਊਬਿਕ ਮੀਟਰ ਬਿਜਲਈ ਕੂੜੇ 'ਚੋਂ ਨਿਕਲੇ ਕਾਲੇ ਪਾਊਡਰ ਦੇ ਢੇਰ ਦਾ ਜ਼ਿਕਰ ਕੀਤਾ ਗਿਆ ਸੀ ਅਤੇ ਅਦਾਰੇ ਵੱਲੋਂ ਪ੍ਰਸ਼ਾਸਨ ਨੂੰ ਚੇਤੰਨ ਕੀਤਾ ਗਿਆ ਸੀ ਕਿ ਇਸ ਨੂੰ ਨਦੀ ਦੇ ਪਾਣੀ ਵਿੱਚ ਸੁੱਟਣ ਨਾਲ ਜਲ ਜੀਵਾਂ ਅਤੇ ਇਸ ਪਾਣੀ ਦੀ ਵਰਤੋਂ ਕਰਨ ਵਾਲੇ ਇਨਸਾਨਾਂ ਦਾ ਜੀਵਨ ਖ਼ਤਰੇ ਵਿੱਚ ਪੈ ਜਾਵੇਗਾ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਕੀਤੀ ਗਈ ਖੋਜ ਵਿੱਚ ਪਤਾ ਲੱਗਿਆ ਹੈ ਕਿ ਕੁਝ ਲਾਲਚੀ ਲੋਕਾਂ ਵੱਲੋਂ ਸੋਨਾ ਤੇ ਚਾਂਦੀ ਵਰਗੀਆਂ ਧਾਤਾਂ ਕੱਢਣ ਖ਼ਾਤਰ ਈ-ਕੂੜੇ ਨੂੰ ਅੱਗ ਲਗਾਈ ਜਾਂਦੀ ਹੈ। ਇਉਂ ਚੰਦ ਰੁਪੱਈਆਂ ਖ਼ਾਤਰ ਇਹ ਲੋਕ ਸਮੁੱਚੇ ਇਲਾਕੇ ਦੀ ਆਬੋ-ਹਵਾ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਵਿਗਿਆਨੀ ਦੱਸਦੇ ਹਨ ਕਿ ਈ-ਕੂੜੇ ਨੂੰ ਜ਼ਮੀਨ ਹੇਠ ਦਬਾਏ ਜਾਣ 'ਤੇ ਇਹ ਡਾਈਆਕਸਿਨ ਅਤੇ ਫੁਰਾਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਛੱਡਦਾ ਹੈ ਅਤੇ ਇਹ ਜ਼ਮੀਨ ਵਿੱਚੋਂ ਹੀ ਪੀਣ ਵਾਲੇ ਪਾਣੀ ਅੰਦਰ ਦਾਖ਼ਲ ਹੋ ਕੇ ਭਿਆਨਕ ਰੋਗਾਂ ਦਾ ਕਾਰਨ ਵੀ ਬਣਦਾ ਹੈ। ਇਸ ਵਿਚਲੀਆਂ ਲੈੱਡ ਅਤੇ ਪਾਰੇ ਵਰਗੀਆਂ ਭਾਰੀਆਂ ਧਾਤਾਂ ਗੁਰਦੇ ਅਤੇ ਜਿਗਰ ਦੇ ਰੋਗਾਂ ਦਾ ਕਾਰਨ ਬਣਦੀਆਂ ਹਨ। ਬਿਜਲਈ ਕੂੜੇ ਦੇ ਨਿਪਟਾਰੇ ਲਈ ਵਿਚਾਰ-ਵਟਾਂਦਰਾ ਲੰਮੇ ਸਮੇਂ ਤੋਂ ਚੱਲ ਰਿਹਾ ਸੀ, ਪਰ ਇਸ ਨੂੰ ਬਣਦੀ ਤਵੱਜੋ ਉਦੋਂ ਮਿਲੀ ਸੀ ਜਦੋਂ ਸੰਯੁਕਤ ਰਾਸ਼ਟਰ ਸੰਘ ਦੀ ਖ਼ਤਰਨਾਕ ਕੂੜੇ ਦੇ ਨਿਪਟਾਰੇ ਲਈ ਹੋਈ 'ਬੇਸਲ ਕਨਵੈਨਸ਼ਨ' ਨਾਂਅ ਦੀ ਕੌਮਾਂਤਰੀ ਸੰਧੀ ਦੇ ਦਾਇਰੇ ਵਿੱਚ ਬਿਜਲਈ ਕੂੜੇ ਦੀ ਸਾਂਭ-ਸੰਭਾਲ ਨੂੰ ਸ਼ਾਮਿਲ ਕਰ ਲਿਆ ਗਿਆ। ਜੂਨ 2022 ਵਿੱਚ ਕਨਵੈਨਸ਼ਨ ਦੇ ਉਦੇਸ਼ਾਂ ਵਿੱਚ ਤਰਮੀਮ ਕਰਦਿਆਂ ਸਪੱਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਦੇਸ਼ ਨੂੰ ਬਿਜਲਈ ਕੂੜੇ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਭੇਜਣ ਤੋਂ ਪਹਿਲਾਂ ਉਕਤ ਅਦਾਰੇ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ। ਅਜਿਹਾ ਕਰਨ ਨਾਲ ਇਹ ਕੂੜਾ ਗ਼ੈਰ-ਸਮਾਜਿਕ ਲੋਕਾਂ ਦੇ ਹੱਥ ਨਹੀਂ ਲੱਗ ਸਕੇਗਾ। ਬੇਸਲ ਕਨਵੈਨਸ਼ਨ ਦਾ ਇਹ ਉਪਰਾਲਾ ਵੱਡੀ ਸਮੱਸਿਆ ਨੂੰ ਹੱਲ ਕਰਨ ਲਈ ਮਹਿਜ਼ ਇੱਕ ਛੋਟੀ ਜਿਹੀ ਪਹਿਲਕਦਮੀ ਹੈ, ਪਰ ਇਹ ਸਹੀ ਦਿਸ਼ਾ ਵੱਲ ਵਧਾਇਆ ਗਿਆ ਇੱਕ ਅਹਿਮ ਤੇ ਜ਼ਰੂਰੀ ਕਦਮ ਹੈ। ਸਾਨੂੰ ਸਾਰਿਆਂ ਇਸ ਸਮੱਸਿਆ ਨੂੰ ਘਟਾਉਣ ਵਿੱਚ ਆਪੋ-ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

***

## ਕੰਧ ਓਹਲੇ ਪਰਦੇਸ

ਏਜੰਟ ਆਪਣੇ ਜੁਗਾੜਾਂ ਨਾਲ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੂੰ ਬਾਹਰ ਤਾਂ ਭੇਜ ਦਿੰਦੇ ਹਨ, ਪਰ ਉਸ ਤੋਂ ਬਾਅਦ ਜੋ ਨਰਕ ਉਹ ਵਿਦੇਸ਼ੀ ਧਰਤੀ 'ਤੇ ਇਕੱਲੇ ਹੰਢਾਉਂਦੇਹਨ। ਖਾੜੀ ਦੇਸ਼ਾਂ ਵਿੱਚ ਮਜ਼ਦੂਰਾਂ ਦੇ ਪਾਸਪੋਰਟ ਜ਼ਬਤ ਕਰਕੇ ਬੰਧੂਆ ਮਜ਼ਦੂਰ ਬਣਾਉਣਾ ਅਤੇ ਵਿਦਿਆਰਥੀਆਂ ਵੱਲੋਂ ਅੰਨ੍ਹੇਵਾਹ ਮਿਹਨਤ ਕਰਨਾ-ਇਹ ਉਹ ਨਰਕ ਹੈ ਜਿਸ ਦਾ ਵਿਦਿਆਰਥੀ, ਕਾਮੇ ਉੱਥੇ ਇਕੱਲੇ ਹੀ ਸਾਹਮਣਾ ਕਰਦੇ ਹਨ।

ਜਿਹੜਾ ਪਰਵਾਸ ਕਦੇ ਪੰਜਾਬੀਆਂ ਦੀ ਅਣਖ, ਸਖ਼ਤ ਮਿਹਨਤ ਅਤੇ ਉੱਨਤੀ ਦਾ ਪ੍ਰਤੀਕ ਹੁੰਦਾ ਸੀ, ਅੱਜ ਉਹ ਸਾਡੀ ਆਪਣੀ ਭੇਡ ਚਾਲ, ਪੰਜਾਬੀਆਂ ਦੀ ਗ਼ਲਤ ਸੋਚ, ਲਾਲਚੀ ਏਜੰਟਾਂ ਦੇ ਜਾਲ, ਬਾਹਰਲੇ ਮੁਲਕਾਂ ਦੇ ਲੁਟੇਰੇ ਸਿੱਖਿਆ ਸਿਸਟਮ ਅਤੇ ਪ੍ਰਸ਼ਾਸਨ ਦੀ ਨਾਕਾਮੀ ਕਾਰਨ ਦਲਦਲ ਦਾ ਰੂਪ ਧਾਰ ਚੁੱਕਾ ਹੈ। ਜਦੋਂ ਤੱਕ ਪ੍ਰਸ਼ਾਸਨ ਅਤੇ ਕਾਨੂੰਨ ਅਜਿਹੇ ਠੱਗ ਏਜੰਟਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪੱਕੇ ਤੌਰ 'ਤੇ ਬੰਦ ਨਹੀਂ ਕਰਦਾ, ਉਦੋਂ ਤੱਕ ਇਹ ਜਾਰੀ ਰਹੇਗਾ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆ ਕੇ ਰੁਜ਼ਗਾਰ ਦੇ ਨਵੇਂ ਮੌਕੇ ਮੁਹੱਈਆ ਕਰਵਾਏ। ਜਦੋਂ ਤੱਕ ਅਸੀਂ ਖੁਦ ਇਸ 'ਭੇਡ ਚਾਲ' ਵਿੱਚੋਂ ਬਾਹਰ ਨਿਕਲ ਕੇ ਆਪਣੀ ਜ਼ਮੀਨ, ਆਪਣੇ ਵਤਨ ਅਤੇ ਹੱਥੀਂ ਕਿਰਤ ਦੀ ਕਦਰ ਨਹੀਂ ਕਰਦੇ, ਉਦੋਂ ਤੱਕ ਪੰਜਾਬ ਅੰਦਰੂਨੀ ਤੌਰ 'ਤੇ ਇੰਜ ਹੀ ਖਾਲੀ ਹੁੰਦਾ ਰਹੇਗਾ। ਸਾਨੂੰ ਇਹ ਗੱਲ ਗੰਭੀਰਤਾ ਨਾਲ ਸਮਝਣੀ ਹੋਵੇਗੀ ਕਿ ਆਪਣੀ ਜਨਮ ਭੂਮੀ 'ਤੇ ਇੱਜ਼ਤ ਨਾਲ ਕੀਤੀ ਮਿਹਨਤ, ਬੇਗਾਨੇ ਮੁਲਕ ਦੀ ਚਾਕਰੀ ਅਤੇ ਉੱਥੋਂ ਦੇ ਸ਼ੋਸ਼ਣ ਨਾਲੋਂ ਹਜ਼ਾਰ ਗੁਣਾ ਬਿਹਤਰ ਹੈ ਕਿਉਂਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।

***

## ਕਾਲੇ ਦੌਰ ਦੌਰਾਨ ਸਿੱਖ ਨੌਜਵਾਨੀ ਦਾ ਸਰਕਾਰੀ ਤੌਰ

ਉਨ੍ਹਾਂ ਕਿਹਾ ਕਿ ਇਹ ਸਿਲਸਿਲਾ ਸਰਕਾਰੀ ਅੱਤਿਆਚਾਰ ਦੀ ਸਿਖਰ ਸੀ, ਜਿਸ ਨੂੰ ਚੇਤੇ ਕਰਕੇ ਅੱਜ ਵੀ ਪੰਜਾਬ ਦੇ ਲੋਕ ਸੁੰਨ ਹੋ ਜਾਂਦੇ ਹਨ। ਪਾਸ ਕੀਤੇ ਮਤੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਸ਼ਹੀਦਾਂ ਲਈ ਹਰੀਕੇ ਪੱਤਣ ਵਿਖੇ ਸਮੂਹਿਕ ਅਰਦਾਸ ਕਰਨ ਦੇ ਉਪਰਾਲੇ ਦਾ ਸਤਿਕਾਰ ਕੀਤਾ ਗਿਆ ਅਤੇ ਇਸ ਮੌਕੇ ਕੀਤੇ ਗਏ ਆਦੇਸ਼ ਪ੍ਰਤੀ ਵਚਨਬੱਧਤਾ ਪ੍ਰਗਟਾਈ ਗਈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸੇ ਤਰ੍ਹਾਂ ਇੱਕ ਹੋਰ ਮਤਾ ਪਾਸ ਕਰਦਿਆਂ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਸਿੱਖ ਨੌਜਵਾਨਾਂ ਲਈ ਇਨਸਾਫ਼ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 1980 ਤੋਂ ਬਾਅਦ ਪੰਜਾਬ ਵਿੱਚ ਵਾਪਰੀਆਂ ਸਿੱਖ ਵਿਰੋਧੀ ਘਟਨਾਵਾਂ ਦੌਰਾਨ ਸਰਕਾਰਾਂ ਵੱਲੋਂ ਸਿੱਖਾਂ ਦੇ ਪਾਵਨ ਅਸਥਾਨਾਂ ਅਤੇ ਸਿੱਖ ਨੌਜਵਾਨਾਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਸੇ ਦੇ ਵਿਰੋਧ ਵਿੱਚ ਕਈ ਨੌਜਵਾਨ ਸੰਘਰਸ਼ ਦੇ ਰਾਹ ਪੈਣ ਲਈ ਮਜ਼ਬੂਰ ਹੋਏ। ਇਨ੍ਹਾਂ ਵਿੱਚੋਂ ਕਈ ਅੱਜ ਤਿੰਨ-ਤਿੰਨ ਦਹਾਕੇ ਦੀਆਂ ਸਜ਼ਾਵਾਂ ਭੁਗਤਣ ਦੇ ਬਾਅਦ ਵੀ ਜੇਲ੍ਹ ਵਿੱਚ ਬੰਦ ਹਨ।

ਧਾਮੀ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੇ ਭਾਰਤੀ ਕਾਨੂੰਨ ਅਨੁਸਾਰ ਮਿਲੀਆਂ ਸਜ਼ਾਵਾਂ ਤੋਂ ਕਿਤੇ ਵਧੇਰੇ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਿਆ ਹੈ ਪਰ ਲੰਮੇ ਸਮੇਂ ਤੋਂ ਕੈਦ ਰਹਿਣ ਦੇ ਬਾਵਜੂਦ ਉਨ੍ਹਾਂ ਦੀ ਰਿਹਾਈ ਸਬੰਧੀ ਸਿੱਖ ਕੌਮ ਵੱਲੋਂ ਕੀਤੀ ਜਾ ਰਹੀ ਮੰਗ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੂਜੇ ਪਾਸੇ, ਸਿੱਖ ਨੌਜਵਾਨਾਂ 'ਤੇ ਤਸ਼ੱਦਦ ਕਰਨ ਅਤੇ ਬੇਦੋਸ਼ਿਆਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਧਿਕਾਰੀ, ਜਿਨ੍ਹਾਂ ਨੂੰ ਅਦਾਲਤਾਂ ਨੇ ਦੋਸ਼ੀ ਮੰਨਿਆ ਹੈ, ਉਨ੍ਹਾਂ ਨੂੰ ਮੌਜੂਦਾ ਸਰਕਾਰ ਵੱਲੋਂ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਸਮੇਂ ਤੋਂ ਪਹਿਲਾਂ ਰਿਹਾਈ ਲਈ ਹਰ ਤਰੀਕਾ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਦੋਹਰੀ ਨੀਤੀ ਸਰਕਾਰਾਂ ਦੇ ਸਿੱਖ ਵਿਰੋਧੀ ਚਿਹਰੇ ਨੂੰ ਨੰਗਾ ਕਰਦੀ ਹੈ।

ਇਸ ਦੌਰਾਨ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿੱਚ ਸਿੱਖੀ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਲਈ ਵਿਚਾਰਾਂ ਹੋਈਆਂ।

### ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ

ਪੱਤਰ ਵਿੱਚ ਇਹ ਵੀ ਯਾਦ ਕਰਵਾਇਆ ਗਿਆ ਕਿ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਕੋਈ ਨਵੀਂ ਨਹੀਂ ਹੈ। ਸ਼੍ਰੋਮਣੀ ਕਮੇਟੀ ਨੇ ਕਈ ਵਾਰ ਮਤੇ ਕਰਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਸਰਕਾਰ ਤੱਕ ਪਹੁੰਚਾਈਆਂ ਹਨ। ਇਸ ਸਬੰਧੀ ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਯਾਦ ਪੱਤਰ ਭੇਜ ਕੇ ਇਸ ਮਾਮਲੇ ਵਿੱਚ ਜਲਦ ਕਾਰਵਾਈ ਦੀ ਮੰਗ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਮੁੜ ਖੁੱਲ੍ਹਣਾ ਕੇਵਲ ਧਾਰਮਿਕ ਯਾਤਰਾ ਦੀ ਸਹੂਲਤ ਨਹੀਂ, ਸਗੋਂ ਲੱਖਾਂ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਹੈ। ਉਨ੍ਹਾਂ ਪੱਤਰ ਰਾਹੀਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਸ ਪਾਵਨ ਅਸਥਾਨ ਦੀ ਵਿਸ਼ੇਸ਼ ਧਾਰਮਿਕ ਮਹੱਤਤਾ ਅਤੇ ਦੁਨੀਆਂ ਭਰ ਦੇ ਕਰੋੜਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇ ਅਤੇ ਸਬੰਧਤ ਮੰਤਰਾਲਿਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਤੁਰੰਤ ਮੁੜ ਖੋਲ੍ਹਣ ਲਈ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਕੀ ਕਦਮ ਚੁੱਕਣ ਦੇ ਨਿਰਦੇਸ਼ ਜਾਰੀ ਕੀਤੇ ਜਾਣ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਸਿੱਖ ਭਾਈਚਾਰੇ ਦੀ ਇਸ ਭਾਵਨਾਤਮਕ ਅਪੀਲ 'ਤੇ ਕੇਂਦਰ ਸਰਕਾਰ ਹਮਦਰਦੀ ਅਤੇ ਸੰਵੇਦਨਸ਼ੀਲਤਾ ਨਾਲ ਵਿਚਾਰ ਕਰੇਗੀ, ਤਾਂ ਜੋ ਦੁਨੀਆਂ ਭਰ ਦੇ ਸ਼ਰਧਾਲੂ ਇੱਕ ਵਾਰ ਫਿਰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋ ਸਕਣ।

***

## ਹਰੀਕੇ ਪੱਤਣ ਵਿਖੇ ਸ਼ਹੀਦੀ ਸਮਾਰਕ ਲਈ ਇੰਡਸ ਕੈਨੇਡਾ

.ਇਸ ਤਹਿਤ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਆਸਟਰੇਲੀਆ ਸਮੇਤ ਹੋਰਨਾਂ ਦੇਸ਼ਾਂ ਵਿੱਚ ਸਥਿਤ ਸਿੱਖ ਸੰਸਥਾਵਾਂ, ਗੁਰਦੁਆਰਿਆਂ ਅਤੇ ਭਾਈਚਾਰਕ ਜਥੇਬੰਦੀਆਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਲਦੀ ਹੀ ਇੱਕ ਸਮਰਪਿਤ ਵਿਸ਼ਵ ਪੱਧਰੀ ਫੰਡਰੇਜ਼ਿੰਗ ਵੈੱਬਸਾਈਟ ਵੀ ਸ਼ੁਰੂ ਕੀਤੀ ਜਾਵੇਗੀ, ਜਿਸ ਰਾਹੀਂ ਦੁਨੀਆ ਭਰ ਵਿੱਚ ਵਸਦੇ ਐੱਨ ਆਰ ਆਈ ਅਤੇ ਸਿੱਖ ਭਾਈਚਾਰੇ ਦੇ ਮੈਂਬਰ ਸਿੱਧੇ ਤੌਰ 'ਤੇ ਸ਼ਹੀਦੀ ਪੱਤਣ ਸਮਾਰਕ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾ ਸਕਣਗੇ। ਉਨ੍ਹਾਂ ਭਰੋਸਾ ਜਤਾਇਆ ਕਿ ਇਹ ਉਪਰਾਲਾ ਨਾ ਸਿਰਫ਼ ਸਮਾਰਕ ਲਈ ਵੱਡੇ ਪੱਧਰ 'ਤੇ ਆਰਥਿਕ ਸਹਿਯੋਗ ਇਕੱਠਾ ਕਰੇਗਾ, ਸਗੋਂ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਨੂੰ ਆਪਣੇ ਸਾਂਝੇ ਇਤਿਹਾਸ ਅਤੇ ਵਿਰਸੇ ਨਾਲ ਵੀ ਹੋਰ ਮਜ਼ਬੂਤੀ ਨਾਲ ਜੋੜੇਗਾ।

***

## ਸਿੱਖਾਂ 'ਤੇ ਵਾਪਰੇ ਘੱਲੂਘਾਰੇ ਤੇ ਨਸਲਕੁਸ਼ੀ

ਇਹ ਦਰਿਆ ਅਤੇ ਸ਼ਮਸ਼ਾਨਘਾਟ ਸਿੱਖਾਂ ਉੱਤੇ ਵਾਪਰੇ ਘੱਲੂਘਾਰੇ ਤੇ ਨਸਲਕੁਸ਼ੀ ਦੀ ਗਵਾਹੀ ਭਰਦੇ ਹਨ।

ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਥੇ ਸ਼ਹੀਦਾਂ ਦੀ ਯਾਦਗਾਰ ਵੀ ਜਲਦੀ ਸਥਾਪਿਤ ਕਰੇ। 1982 ਤੋਂ 1995 ਤੱਕ ਜਿੰਨੇ ਵੀ ਝੂਠੇ ਅਤੇ ਅਸਲ ਪੁਲਿਸ ਮੁਕਾਬਲੇ ਕੀਤੇ ਗਏ ਹਨ, ਜਿਨ੍ਹਾਂ ਨੂੰ ਅਗਵਾ ਕਰਕੇ ਲਾਪਤਾ ਕੀਤਾ ਗਿਆ ਹੈ, ਜਿਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਸਾੜ ਦਿੱਤਾ ਗਿਆ, ਜਿਨ੍ਹਾਂ ਦੀਆਂ ਦੇਹਾਂ ਦਰਿਆਵਾਂ ਅਤੇ ਨਹਿਰਾਂ ਵਿੱਚ ਰੋੜ੍ਹ ਦਿੱਤੀਆਂ, ਜਿਨ੍ਹਾਂ ਬਾਰੇ ਕੁਝ ਪਤਾ ਹੀ ਨਾ ਲੱਗ ਸਕਿਆ ਕਿ ਉਹਨਾਂ ਨਾਲ ਕੀ ਬੀਤੀ, ਬਾਰੇ ਲੋਕਾਂ ਦੇ ਪਰਿਵਾਰਾਂ, ਵਾਰਸਾਂ, ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਤਕ ਪਹੁੰਚ ਕਰਕੇ ਤਸਵੀਰਾਂ, ਨਾਮ, ਪਤੇ ਅਤੇ ਹੋਰ ਜਾਣਕਾਰੀ ਨੂੰ ਸਾਂਝਾ ਕੀਤਾ ਜਾਵੇ।

***

## ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੰਜਾਬ ਅੰਦਰ

ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਆਪਣੇ ਸੰਬੋਧਨ ਵਿੱਚ ਦਾਅਵਾ ਕੀਤਾ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੰਜਾਬ ਅੰਦਰ ਪੰਥਕ ਸਰਕਾਰ ਦਾ ਗਠਨ ਪੂਰੀ ਤਰ੍ਹਾਂ ਤੈਅ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਰਕਾਰ ਬਣਨ 'ਤੇ ਪੰਜਾਬ ਵਿੱਚੋਂ ਨੌਜਵਾਨਾਂ ਦੇ ਪ੍ਰਵਾਸ (ਬਾਹਰ ਜਾਣ) ਨੂੰ ਰੋਕਣ, ਨਸ਼ਿਆਂ ਦੀ ਪੂਰੀ ਤਰ੍ਹਾਂ ਰੋਕਥਾਮ ਕਰਨ, ਪੰਜਾਬ ਦੇ ਪਾਣੀਆਂ ਦੀ ਹੋ ਰਹੀ ਲੁੱਟ ਨੂੰ ਠੱਲ੍ਹ ਪਾਉਣ ਸਮੇਤ ਸੂਬੇ ਵਿੱਚ ਅਮਨ-ਕਾਨੂੰਨ ਦਾ ਰਾਜ ਬਹਾਲ ਕਰਨਾ ਉਨ੍ਹਾਂ ਦੀ ਮੁੱਖ ਪਹਿਲ ਹੋਵੇਗੀ।

ਉਨ੍ਹਾਂ ਕਿਹਾ ਕਿ ਪਾਰਟੀ ਹਰ ਧਰਮ ਅਤੇ ਫਿਰਕੇ ਦੇ ਲੋਕਾਂ ਦਾ ਦਿਲੋਂ ਸਤਿਕਾਰ ਕਰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੰਮ੍ਰਿਤਪਾਲ ਸਿੰਘ ਸਮੇਤ ਜੇਲ੍ਹਾਂ ਵਿੱਚ ਬੰਦ ਸਾਰੇ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਯਕੀਨੀ ਬਣਾਈ ਜਾਵੇ। ਚਰਚਿਤ ਫ਼ਿਲਮ 'ਸਤਲੁਜ' ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਲੈ ਕੇ ਬਣਾਈ ਗਈ ਇਹ ਫ਼ਿਲਮ ਪੰਜਾਬ ਵਿੱਚ ਵਾਪਰੇ ਦੁਖਾਂਤ ਦੇ ਸੱਚ ਦੇ ਬਿਲਕੁਲ ਨੇੜੇ ਹੈ।

ਪ੍ਰੋਗਰਾਮ ਦੇ ਪ੍ਰਬੰਧਕ ਜਸਵਿੰਦਰ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਵਿੱਚ ਪਾਰਟੀ ਦੀ ਹਾਜ਼ਰ ਸੀਨੀਅਰ ਲੀਡਰਸ਼ਿਪ ਨੂੰ ਪੂਰਾ ਵਿਸ਼ਵਾਸ ਦਿਵਾਇਆ ਕਿ ਹਲਕਾ ਧਰਮਕੋਟ ਦੇ ਲੋਕ ਅੰਮ੍ਰਿਤਪਾਲ ਸਿੰਘ ਦੀ ਸੋਚ ਅਤੇ ਵਿਚਾਰਧਾਰਾ ਮੁਤਾਬਕ ਪੰਥ ਅਤੇ ਪੰਜਾਬ ਦੀ ਸੇਵਾ ਲਈ ਪਾਰਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ।

***

## ਭਾਜਪਾ ਦੇ ਸਿੱਖ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ

ਉਨ੍ਹਾਂ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਭਾਜਪਾ ਦੀ ਸਿੱਖ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਕੇ ਇਸ ਦੇਰੀ ਦਾ ਜਵਾਬ ਮੰਗਣ। ਰਾਜੋਆਣਾ ਨੇ ਸਪੱਸ਼ਟ ਕੀਤਾ ਕਿ ਜਾਂ ਤਾਂ ਉਨ੍ਹਾਂ ਨੂੰ ਹੁਕਮਰਾਨਾਂ ਦੀਆਂ ਰਾਜਨੀਤਿਕ ਸਾਜ਼ਿਸ਼ਾਂ ਤੋਂ ਮੁਕਤ ਕਰਵਾਇਆ ਜਾਵੇ ਜਾਂ ਫਿਰ ਐਸ.ਜੀ.ਪੀ.ਸੀ. ਨੂੰ ਆਪਣੀ ਰਹਿਮ ਦੀ ਅਪੀਲ ਤੁਰੰਤ ਵਾਪਸ ਲੈਣ ਦੇ ਹੁਕਮ ਦਿੱਤੇ ਜਾਣ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁ.ਫਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home